37ਵਾਂ ਵਰ੍ਹਾ


ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਮਈ-ਜੂਨ 2022











ਅਣਦਿਸਦੀਆਂ ਚੀਜ਼ਾਂ ਦਾ ਡਰ, ਉਸ ਚੀਜ਼ ਦਾ ਬੀਜ ਹੈ, ਜਿਸਨੂੰ ਹਰ ਕੋਈ ਧਰਮ ਕਹਿੰਦਾ ਹੈ.. ਥੌਮਸ ਹੌਬਸ

ਕੌਣ ਜਾਤ ਹੋ ਭਾਈ?

ਕੌਣ ਜਾਤ ਹੋ ਭਾਈ?
"ਦਲਿਤ ਹੈਂ ਸਾਅਬ!"
ਨਹੀਂ, ਮਤਲਬ ਕਿਸ ਮੇਂ ਆਤੇ ਹੋ?
ਆਪ ਕੀ ਗਾਲੀ ਮੇਂ ਆਤੇ ਹੈਂ
ਗੰਦੀ ਨਾਲੀ ਮੇਂ ਆਤੇ ਹੈਂ
ਔਰ ਅਲਗ ਕੀ ਹੁਈ ਥਾਲੀ ਮੇਂ
ਆਤੇ ਹੈਂ ਸਾਅਬ
ਮੁਝੇ ਲਗਾ ਹਿੰਦੂ ਮੇਂ ਆਤੇ ਹੋ!
ਆਤਾ ਹੂੰ ਨਾ ਸਾਅਬ!
ਪਰ ਆਪ ਕੇ ਚੁਣਾਵ ਮੇਂ

✪

ਕਿਆ ਖਾਤੇ ਹੋ ਭਾਈ?
"ਜੋ ਏਕ ਦਲਿਤ ਖਾਤਾ ਹੈ ਸਾਅਬ!"
ਨਹੀਂ ਮਤਲਬ ਕਿਆ-ਕਿਆ ਖਾਤੇ ਹੋ?
ਆਪ ਸੇ ਮਾਰ ਖਾਤਾ ਹੂੰ
ਕਰਜ਼ ਕਾ ਭਾਰ ਖਾਤਾ ਹੂੰ
ਔਰ ਤੰਗੀ ਮੇਂ ਨੂਣ
ਕਭੀ ਅਚਾਰ ਖਾਤਾ ਹੂੰ ਸਾਅਬ!

ਨਹੀਂ ਮੁਝੇ ਲਗਾ ਤੁਮ ਮੁਰਗਾ ਖਾਤੇ ਹੋ!
ਖਾਤਾ ਹੂੰ ਨਾ ਸਾਅਬ!
ਪਰ ਆਪ ਕੇ ਚੁਣਾਵ ਮੇਂ

✪

ਕਿਆ ਪੀਤੇ ਹੋ ਭਾਈ?
"ਜੋ ਏਕ ਦਲਿਤ ਪੀਤਾ ਹੈ ਸਾਅਬ!"
ਨਹੀਂ ਮਤਲਬ ਕਿਆ-ਕਿਆ ਪੀਤੇ ਹੋ?
ਛੂਆ-ਛਾਤ ਕਾ ਗਮ
ਟੂਟੇ ਅਰਮਾਨੋਂ ਕਾ ਦਮ
ਔਰ ਨੰਗੀ ਆਂਖੋਂ ਸੇ
ਦੇਖਾ ਗਿਆ ਸਾਰਾ ਭਰਮ ਸਾਅਬ!

ਮੁਝੇ ਲਗਾ ਸ਼ਰਾਬ ਪੀਤੇ ਹੋ!
ਪੀਤਾ ਹੂੰ ਨਾ ਸਾਅਬ!
ਪਰ ਆਪ ਕੇ ਚੁਣਾਵ ਮੇਂ

ਕਿਆ ਮਿਲਾ ਹੈ ਭਾਈ?
"ਜੋ ਦਲਿਤੋਂ ਕੋ ਮਿਲਤਾ ਹੈ ਸਾਅਬ!"
ਨਹੀਂ ਮਤਲਬ ਕਿਆ-ਕਿਆ ਮਿਲਾ ਹੈ?
ਜਿੱਲਤ ਭਰੀ ਜ਼ਿੰਦਗੀ
ਆਪ ਕੀ ਛੋੜੀ ਹੁਈ ਗੰਦਗੀ
ਔਰ ਤਿਸ ਪਰ ਭੀ ਆਪ ਜੈਸੇ
ਪਰਜੀਵੀਓਂ ਕੀ ਬੰਦਗੀ ਸਾਅਬ!

ਮੁਝੇ ਲਗਾ ਵਾਅਦੇ ਮਿਲੇ ਹੈਂ!
ਮਿਲਤੇ ਹੈਂ ਨਾ ਸਾਅਬ!
ਪਰ ਆਪ ਕੇ ਚੁਣਾਵ ਮੇਂ।

✪

ਕਿਆ ਕੀਆ ਹੈ ਭਾਈ?
"ਜੋ ਦਲਿਤ ਕਰਤਾ ਹੈ ਸਾਅਬ!"
ਨਹੀਂ ਮਤਲਬ ਕਿਆ-ਕਿਆ ਕੀਆ ਹੈ?
ਸੌ ਦਿਨ ਤਾਲਾਬ ਮੇਂ ਕਾਮ ਕੀਆ
ਪਸੀਨੇ ਸੇ ਤਰ ਸੁਬਹਾ ਕੋ ਸ਼ਾਮ ਕੀਆ
ਔਰ ਆਤੇ-ਜਾਤੇ ਠਾਕੁਰੋਂ ਕੋ
ਸਲਾਮ ਕੀਆ ਹੈ ਸਾਅਬ।

ਮੁਝੇ ਲਗਾ ਕੋਈ ਬੜਾ ਕਾਮ ਕੀਆ ਹੈ!
ਕੀਆ ਹੈ ਨਾ ਸਾਅਬ!
ਆਪ ਕੇ ਚੁਣਾਵ ਕਾ ਪ੍ਰਚਾਰ...।

(ਲਿਪੀ-ਅੰਤਰ: ਰਣਜੀਤ ਲਹਿਰਾ)

(ਹਿੰਦੀ ਕਵੀ ਬੱਚਾ ਲਾਲ ਉਨਮੇਸ਼ ਦੀ ਕਵਿਤਾ ਜਿਹੜੀ ਇੰਸਟਾਗਰਾਮ ਤੋਂ ਅੱਧੇ ਘੰਟੇ ਬਾਅਦ ਹੀ ਗਾਇਬ ਹੋ ਗਈ)

ਇਸ ਧਰਤੀ ਦਾ ਨਕਸ਼ਾ ਬਦਲਣ ਵਾਲਾ ਹੈ,
ਦਰਿਆ ਆਪਣਾ ਰਸਤਾ ਬਦਲਣ ਵਾਲਾ ਹੈ।
ਮੈਂ ਕਹਿਨਾ ਵਾਂ ਇਹਦੀ ਨੀਂਹ ਮਜ਼ਬੂਤ ਕਰੋ,
ਆਗੂ ਕਹਿੰਦੇ ਮੱਥਾ ਬਦਲਣ ਵਾਲਾ ਹੈ।
ਬੁਜ਼ਦਿਲ ਨੇ ਉਹ ਬਾਬਾ ਜਿਹੜੇ ਕਹਿੰਦੇ ਨੇ,
ਤਕਦੀਰਾਂ ਨੂੰ ਅੱਲਾ ਬਦਲਣ ਵਾਲਾ ਹੈ।
ਬਾਬਾ ਨਜ਼ਮੀ

ਧਰਮ ਉਹਨਾਂ ਗੋਲੀਆਂ ਵਾਂਗ ਹਨ
ਜਿਨ੍ਹਾਂ ਨੂੰ ਬਿਨ੍ਹਾਂ ਚਿੱਥੇ ਅੰਦਰ
ਲੰਘਾਉਣਾ ਪੈਂਦਾ ਹੈ।
ਥੌਮਸ ਹੌਬਸ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਰਾਮ ਸਵਰਨ ਲੱਖੇਵਾਲੀ
ਜਸਵੰਤ ਮੋਹਾਲੀ
ਪਾਲ ਬਾਗਪੁਰ
ਸੁਖਦੇਵ ਧੂਰੀ
ਸੁਖਦੇਵ ਫਗਵਾੜਾ
ਭੁਪਿੰਦਰ ਫੌਜੀ

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ (94174 27538)

ਵਿਦੇਸ਼ੀ ਪ੍ਰਤੀਨਿਧ
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਹੇਮਰ ਯਜਸ ਟੈਨੌਂ ਪ੍ਰੰਟਰ,ਪ ਕ੍ਰਾਸ਼ਕਅ ਤੇਮ ਯਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਰਤੀਬ

ਕੰਪੋਜ਼ਿੰਗ/ਸੈਟਿੰਗ : ਹਰਪ੍ਰੀਤ 'ਰੂਬੀ'

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਭਾਰਤੀ ਫਾਸ਼ੀਵਾਦੀ ਸੱਤਾ ਦੀ ਸਰਪ੍ਰਸਤੀ ਅਧੀਨ ਭਾਰਤ ਵਿਚ ਘੱਟ ਗਿਣਤੀਆਂ, ਵਿਸ਼ੇਸ਼ ਤੌਰ 'ਤੇ ਮੁਸਲਮਾਨਾਂ ਦੇ ਖਿਲਾਫ਼ ਫਿਰਕੂ ਫਾਸ਼ੀ ਝੱਖੜ ਸਿਖਰਾਂ 'ਤੇ ਹੈ। ਹਰ ਚੜ੍ਹਦੇ ਦਿਨ ਅਖੌਤੀ ਸੰਤਾਂ/ਮਹੰਤਾਂ/ਸਾਧਵੀਆਂ, ਭਾਜਪਾ/ਸੰਘ ਦੇ ਆਗੂਆਂ ਵੱਲੋਂ ਫਿਰਕੂ ਬਿਆਨ ਦਾਗ ਕੇ ਇਸ ਮੁਲਕ ਨੂੰ ਫਿਰਕੂ ਅੱਗ ਵਿਚ ਝੋਕਣ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ। ਸਾਧਵੀ ਰਿਤੰਭਰਾ ਆਖਦੀ ਹੈ "ਹਿੰਦੂ ਭਰਾਵਾਂ ਨੂੰ ਬੇਨਤੀ ਹੈ ਕਿ ਚਾਰ ਬੱਚੇ ਪੈਦਾ ਕਰੋ, ਇਹਨਾਂ ਵਿਚੋਂ ਦੋ ਰਾਸ਼ਟਰ ਨੂੰ ਸੌਂਪੋ ਅਤੇ ਦੋ ਸਮਾਜ ਨੂੰ ਸੌਂਪੋ, ਤਾਂ ਹੀ ਹਿੰਦੂ ਰਾਸ਼ਟਰ ਬਣੇਗਾ।" ਵਿਵਾਦਤ ਪੁਜਾਰੀ ਯਤੀ ਨਰਸਿੰਘਾਨਾਦ ਹਿੰਦੂਆਂ ਨੂੰ 'ਅਪੀਲ' ਕਰਦਾ ਕਿ ਜ਼ਿਆਦਾ ਬੱਚੇ ਪੈਦਾ ਕਰੋ, ਨਹੀਂ ਤਾਂ ਹਿੰਦੂ ਖ਼ਤਮ ਹੋ ਜਾਣਗੇ, ਜੇਕਰ ਇੱਕ ਵਾਰ ਕੋਈ ਗੈਰ ਹਿੰਦੂ ਪ੍ਰਧਾਨ ਮੰਤਰੀ ਬਣ ਗਿਆ ਤਾਂ 20 ਕੁ ਸਾਲਾਂ ਵਿਚ ਇਹ ਮੁਲਕ ਹਿੰਦੂ ਵਿਹੀਨ ਰਾਸ਼ਟਰ ਬਣ ਜਾਵੇਗਾ। ਮਹਾਰਾਸ਼ਟਰ ਨਵ-ਨਿਰਮਾਣ ਸੈਨਾ ਦਾ ਪ੍ਰਧਾਨ ਰਾਜ ਠਾਕਰੇ ਐਲਾਨ ਕਰਦਾ ਕਿ ਜੇ 3 ਮਈ ਤੱਕ ਮਸਜਿਦਾਂ ਤੋਂ ਲਾਊਡ-ਸਪੀਕਰ ਨਾ ਹਟਾਏ ਤਾਂ ਮਸਜਿਦਾਂ ਦੇ ਬਾਹਰ ਲਾਊਡ ਸਪੀਕਰ ਲਾ ਕੇ ਹਨੂੰਮਾਨ ਚਾਲੀਸਾ ਪੜ੍ਹਾਂਗੇ। ਮੁਸਲਮਾਨਾਂ ਨੂੰ ਧਮਕੀ ਦਿੰਦਾ ਬਜਰੰਗ ਦਾਸ ਮੁਨੀ ਆਖਦਾ, "ਜੇ ਖ਼ੈਰਾਬਾਦ 'ਚ ਤੁਸੀਂ ਇੱਕ ਵੀ ਹਿੰਦੂ ਲੜਕੀ ਨੂੰ ਛੇੜਿਆ ਤਾਂ ਮੈਂ ਸ਼ਰੇਆਮ ਤੁਹਾਡੀ ਨੂੰਹ ਅਤੇ ਧੀ ਨੂੰ ਚੁੱਕ ਕੇ ਜਬਰ-ਜਨਾਹ ਕਰਾਂਗਾ।" ਗੁਜਰਾਤ ਦੇ ਸਕੂਲਾਂ ਵਿਚ ਭਗਵਤ ਗੀਤਾ ਪੜ੍ਹਾਏ ਜਾਣ 'ਤੇ ਉੱਠੀ ਵਿਚਾਰ ਚਰਚਾ 'ਤੇ ਸੰਵਿਧਾਨਕ ਆਹੁਦੇ 'ਤੇ ਬੈਠੇ ਉਪ ਰਾਸ਼ਟਰਪਤੀ ਐਮ.ਵੈਂਕਈਆ ਨਾਇਡੂ ਨੰਗੇ ਚਿੱਟੇ ਰੂਪ ਵਿਚ ਹਰਿਦੁਆਰ ਵਿਖੇ ਬਿਆਨ ਦੇ ਕੇ ਆਖਦੇ ਹਨ, "ਸਰਕਾਰ 'ਤੇ ਸਿੱਖਿਆ ਦੇ ਭਗਵੇਂਕਰਨ ਦੇ ਦੋਸ਼ ਲੱਗਦੇ ਹਨ ਪਰ ਭਗਵੇਂ ਵਿਚ ਗਲਤ ਕੀ ਹੈ?" ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਰ.ਐਸ.ਐਸ. ਨਾਲ ਜੁੜੇ ਸਾਧਾਂ ਵੱਲੋਂ 'ਧਰਮ ਸੰਸਦਾਂ' ਦਾ ਆਯੋਜਨ ਕਰਕੇ ਫਿਰਕੂ ਭੜਕਾਹਟ ਦੀ ਕੀਤੀ ਸ਼ੁਰੂਆਤ, ਚਾਰ ਰਾਜਾਂ ਵਿਚ ਭਾਜਪਾ ਦੀ ਜਿੱਤ ਨਾਲ ਸ਼ਰੇਆਮ ਭਾਈਚਾਰੇ ਨੂੰ ਲਾਂਬੂ ਲਾਉਣ ਤੱਕ ਪੁੱਜ ਗਈ ਹੈ। ਫਿਰਕੂ ਭੀੜਾਂ ਨੇ 'ਨਿਊਜ਼ ਲਾਂਡਰੀ' ਦੀ ਪੱਤਰਕਾਰ ਸ਼ਿਵਾਂਗੀ ਸਕਸੈਨਾ, ਰੌਣਕ ਭਾਟੀ, 'ਦੀ ਕੁਇੰਟ' ਦੇ ਪ੍ਰਮੁੱਖ ਪੱਤਰਕਾਰ ਮੇਘਨਾਦ ਬੋਸ, 'ਹਿੰਦੋਸਤਾਨ ਗਜ਼ਟ' ਦੇ ਮੀਰ ਫੈਸਲ, ਫੋਟੋ ਜਰਨਲਿਸਟ ਮੁਹੰਮਦ ਮੇਹਰਬਾਨ, ਇਕ ਆਜ਼ਾਦ ਪੱਤਰਕਾਰ ਅਰਬਾਬ ਅਲੀ ਦੀ ਸ਼ਰੇਆਮ ਕੁੱਟ ਮਾਰ ਕੀਤੀ ਹੈ। ਜੇ. ਐਨ. ਯੂ. ਵਿਚ ਕੀਤੀ ਗਈ ਗੁੰਡਾਗਰਦੀ ਸਾਹਮਣੇ ਹੈ। ਗਊ ਰੱਖਿਆ ਦੀ ਆੜ 'ਚ ਕੋਹ-ਕੋਹ ਕੇ ਕਤਲ ਕੀਤੇ ਜਾ ਰਹੇ ਹਨ। ਰਾਮਨੌਮੀ ਦੇ ਸਮਾਗਮਾਂ ਦੀ ਆੜ ਵਿਚ 10 ਅਪਰੈਲ ਨੂੰ ਮੱਧ ਪ੍ਰਦੇਸ਼, ਝਾਰਖੰਡ ਅਤੇ ਗੁਜਰਾਤ ਵਿਚ ਹਿੰਸਾ ਦੀਆਂ ਘਟਨਾਵਾਂ ਸੰਵੇਦਨਸ਼ੀਲ ਮਨੁੱਖ ਨੂੰ ਝੰਜੋੜਦੀਆਂ ਹਨ, ਕਿ ਸੱਤਾ ਮੁਲਕ ਨੂੰ ਕਿਸ ਪਾਸੇ ਵੱਲ ਲਿਜਾ ਰਹੀ ਹੈ। ਦਿੱਲੀ ਵਿਚ ਜਹਾਂਗੀਰ ਪੁਰੀ ਵਿਚ ਸ਼ਰੇਆਮ ਫਿਰਕੂ ਤਾਂਡਵ ਹੋਇਆ। ਹਨੂੰਮਾਨ ਜੈਯੰਤੀ ਮੌਕੇ ਆਂਧਰਾ ਪ੍ਰਦੇਸ, ਉੱਤਰਾਖੰਡ ਵਿਚ ਹਿੰਸਕ ਘਟਨਾਵਾਂ ਨੂੰ ਫਿਰਕੂ ਟੋਲਿਆਂ ਵੱਲੋਂ ਅੰਜ਼ਾਮ ਦਿੱਤਾ ਗਿਆ। ਉਲਟਾ ਗ੍ਰਿਫਤਾਰੀਆਂ ਵੀ ਪੀੜਤ ਫਿਰਕਿਆਂ ਦੇ ਲੋਕਾਂ ਦੀਆਂ ਹੋ ਰਹੀਆਂ ਹਨ। ਉੜੀਸਾ ਦੇ ਬਰਗੜ ਜਿਲ੍ਹੇ ਵਿਚ 14 ਅਪਰੈਲ ਨੂੰ ਅੰਬੇਦਕਰ ਜੈਯੰਤੀ ਮਨਾ ਰਹੇ ਦਲਿਤ ਨੌਜਵਾਨਾਂ ਉੱਪਰ ਬਜਰੰਗ ਦਲ ਦੇ ਗੁੰਡਿਆਂ ਨੇ ਹਮਲਾ ਕਰਕੇ ਬੁਰੀ ਤਰ੍ਹਾਂ ਕੁੱਟ ਮਾਰ ਕੀਤੀ। ਵੱਖ ਵੱਖ ਥਾਵਾਂ 'ਤੇ ਘੱਟ ਗਿਣਤੀ ਫਿਰਕੇ ਦੇ ਲੋਕਾਂ ਦੀਆਂ ਰਿਹਾਇਸ਼ਾਂ 'ਤੇ **... ਬਾਕੀ ਪੰਨਾ 42 'ਤੇ**

ਮਈ ਦਿਵਸ ’ਤੇ



ਹੇਮ ਰਾਜ ਸਟੈਨੋ

ਸੰਸਾਰ ਪੱਧਰ ’ਤੇ ਕਿਰਤੀ ਜਮਾਤ ਵੱਲੋਂ 1 ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਮਈ ਦਿਵਸ ਦਾ ਕੀ ਸੰਦੇਸ਼ ਹੈ, ਅੱਜ ਅਸੀਂ ਇਸ ਬਾਰੇ ਗੱਲ ਕਰਨ ਜਾ ਰਹੇ ਹਾਂ।

19ਵੀਂ ਸਦੀ ਦੇ ਸ਼ੁਰੂ ਵਿੱਚ ਮਜ਼ਦੂਰਾਂ ਤੋਂ 14-14, 16-16 ਘੰਟੇ ਹੀ ਨਹੀਂ ਬਲਕਿ 18-20 ਘੰਟਿਆਂ ਤੱਕ ਕੰਮ ਕਰਵਾਉਣਾ ਵੀ ਆਮ ਜਿਹੀ ਗੱਲ ਸੀ। ਇਨ੍ਹਾਂ ਹਾਲਤਾਂ ਨੂੰ ਸੁਧਾਰਨ ਲਈ ਦੁਨੀਆਂ ਦੀ ਮੰਨੀ ਜਾਂਦੀ ਪਹਿਲੀ ਟ੍ਰੇਡ ਯੂਨੀਅਨ ‘ਮਕੇਨਿਕਸ ਯੂਨੀਅਨ ਆਫ ਫਿਲਾਡੇਲਫੀਆ’ ਨੇ 1827 ਵਿੱਚ ਕੰਮ ਦੇ ਦਸ ਘੰਟੇ ਕਰਵਾਉਣ ਲਈ ਉਸਾਰੀ ਉਦਯੋਗ ਦੇ ਮਜ਼ਦੂਰਾਂ ਦੀ ਇੱਕ ਹੜਤਾਲ ਕਰਵਾਈ। 1834 ਦੀ ਨਿਊਯਾਰਕ ਵਿਚਲੀ ਹੜਤਾਲ ਨੂੰ ਇੱਕ ਨਾਮੀ ਅਖਬਾਰ ਨੇ ਪ੍ਰਮੁੱਖਤਾ ਨਾਲ ਛਾਪਿਆ। ਇਸ ਤੋਂ ਬਾਅਦ ਛੇਤੀ ਹੀ ਵੱਖ-ਵੱਖ ਇਲਾਕਿਆਂ ਵਿੱਚ ਕੰਮ ਦੇ ਘੰਟੇ ਘੱਟ ਕਰਨ ਦੀ ਇਹ ਮੰਗ ਇੱਕ ਅੰਦੋਲਨ ਦਾ ਰੂਪ ਅਖਤਿਆਰ ਕਰਨ ਲੱਗ ਪਈ। ਇਹ ਅੰਦੋਲਨ ਵਧਦਾ ਹੀ ਗਿਆ। ਅਮਰੀਕਾ ਤੋਂ ਦੂਰ ਆਸਟਰੇਲੀਆ ਵਿੱਚ ਵੀ ਨਿਰਮਾਣ ਉਦਯੋਗ ਦੇ ਮਜ਼ਦੂਰਾਂ ਨੇ “ਅੱਠ ਘੰਟੇ ਕੰਮ ਆਦਿ ....” ਦੇ ਨਾਅਰੇ ਹੇਠ ਸੰਘਰਸ਼ ਕੀਤਾ। 1856 ਵਿੱਚ ਉਹਨਾਂ ਦੀ ਇਹ ਮੰਗ ਮੰਨੀ ਗਈ।

ਅਮਰੀਕਾ ਵਿੱਚ 1884 ਵਿੱਚ ‘ਕੰਮ ਦੇ ਘੰਟੇ ਅੱਠ ਕਰੋ’ ਦੇ ਨਾਅਰੇ ਹੇਠ ਅੰਦੋਲਨ ਸ਼ੁਰੂ ਹੋਇਆ, ਹੜਤਾਲਾਂ ਹੋਈਆਂ। ਇਨ੍ਹਾਂ ਵਿੱਚ ਵੱਡੇ ਪੱਧਰ ’ਤੇ ਮਜ਼ਦੂਰ ਸ਼ਾਮਲ ਹੋਏ। ਪਹਿਲੀ ਮਈ ਨੂੰ ਭਾਵੇਂ ਹੜਤਾਲ ਦਾ ਮੁੱਖ ਕੇਂਦਰ ਸ਼ਿਕਾਗੋ ਸੀ, ਪਰ ਨਾਲ ਦੀ ਨਾਲ ਹੋਰ ਵੀ ਕਈ ਸ਼ਹਿਰਾਂ ਵਿੱਚ ਇਹ ਹੜਤਾਲ ਹੋਈ। ਇਹ ਹੜਤਾਲ ਬਹੁਤ ਵਿਆਪਕ ਸੀ । ਇਸ ਹੜਤਾਲ ਦੀ ਤਿਆਰੀ ਲਈ ‘ਅੱਠ ਘੰਟਾ ਐਸੋਸੀਏਸ਼ਨ’ ਬਹੁਤ ਪਹਿਲਾਂ ਹੀ ਬਣ ਗਈ ਸੀ। ਖੱਬੇ ਪੱਖੀ ਮਜ਼ਦੂਰ ਯੂਨੀਅਨਾਂ ਵਿੱਚੋਂ ਬਣੀ ‘ਸੈਂਟਰਲ ਲੇਬਰ ਯੂਨੀਅਨ’ (ਸੰਯੁਕਤ ਮੋਰਚਾ) ਨੇ ਇਸ ਐਸੋਸੀਏਸ਼ਨ ਨੂੰ ਪੂਰਨ ਸਹਿਯੋਗ ਦਿੱਤਾ। ਇਸੇ ਤਰ੍ਹਾਂ ਦੇ ਸੰਘਰਸ਼ਾਂ ਨੇ ਹੀ ਮਈ ਦਿਵਸ ਨੂੰ ਜਨਮ ਦਿੱਤਾ।

ਪਹਿਲੀ ਮਈ 1886 ਨੂੰ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਸੰਗਠਿਤ ਹੋਏ ਮਜ਼ਦੂਰਾਂ ਦੇ ਸੱਦੇ ’ਤੇ ਸ਼ਹਿਰ ਦੇ ਮਜ਼ਦੂਰਾਂ ਨੇ ਆਪਣੇ ਔਜ਼ਾਰ ਚਲਾਉਣੇ ਬੰਦ ਕਰ ਦਿੱਤੇ, ਪੈਦਾਵਾਰੀ ਅਮਲ ਠੱਪ ਹੋ ਗਿਆ।

ਇਸ ਸਾਰੇ ਮਜ਼ਦੂਰ ਅੰਦੋਲਨ ਨੇ ਮਜ਼ਦੂਰਾਂ ਨੂੰ ਉਨ੍ਹਾਂ ਦੀ ਜਮਾਤੀ ਏਕਤਾ ਦੀ ਤਾਕਤ ਦਾ ਅਹਿਸਾਸ ਵੀ ਕਰਾਇਆ ਅਤੇ ਨਾਲ ਹੀ ਇਹ ਅਹਿਸਾਸ ਵੀ ਕਰਾਇਆ ਕਿ ਸਮਾਜ ਦੀ ਸ਼ਾਹ-ਰਗ ਉਨ੍ਹਾਂ ਦੀ ਕਿਰਤ ਹੀ ਹੈ। ਇਹ ਗੱਲ ਹੈ ਵੀ ਠੀਕ ਕਿਉਂਕਿ ਇੱਕ ਕਿਰਤ ਹੀ ਹੈ ਜੋ ਮਨੁੱਖੀ ਲੋੜਾਂ ਦੀ ਪੂਰਤੀ ਲਈ ਸਭ ਕੁੱਝ ਪੈਦਾ ਕਰਦੀ ਹੈ, ਬਣਾਉਂਦੀ ਹੈ। ਸੋ ਇਸ ਤਰ੍ਹਾਂ ਨਾਲ ਇਸ ਜੱਦੋ ਜਹਿਦ ਨੇ ਮਜ਼ਦੂਰ ਵਰਗ ਦੀ ਲੜਾਈ ਦੇ ਇਤਿਹਾਸ ਦਾ ਨਵਾਂ ਚੈਪਟਰ ਲਿਖਕੇ ਕਿਰਤ ਦੀ ਮੁਕਤੀ ਦੀ ਕਹਾਣੀ ਤੋਰੀ।

ਪਰ ਸਰਮਾਏਦਾਰੀ ਵੀ ਚੁੱਪ ਨਹੀਂ ਬੈਠੀ ਸੀ। ਉਸਨੇ ਇਸਨੂੰ ਕੁਚਲ ਦੇਣ ਲਈ ਆਪਣੀ ਭਲਾਈ ਲਈ ਬਣਾਏ ਗਏ ਪ੍ਰਸ਼ਾਸਨਿਕ ਢਾਂਚੇ ਨੂੰ ਇਸ਼ਾਰਾ ਕਰ ਦਿੱਤਾ। ਪ੍ਰਸ਼ਾਸ਼ਨ ਨੇ ਮਜ਼ਦੂਰ ਨੇਤਾਵਾਂ ਦੇ ਵੱਡੇ ਹਿੱਸੇ ਨੂੰ ਗ੍ਰਿਫਤਾਰ ਕਰ ਲਿਆ, ਜਿਵੇਂ ਅੱਜ ਕੱਲ੍ਹ ਵੀ ਕੀਤਾ ਜਾਂਦਾ ਹੈ। ਇਹੀ ਨਹੀਂ, ਮਜ਼ਦੂਰਾਂ ਦੇ ਇਕੱਠ ’ਤੇ ਹਿੰਸਕ ਹਮਲਾ ਕਰਕੇ ਸ਼ਰੇਆਮ ਮਜ਼ਦੂਰਾਂ ਦਾ ਖ਼ੂਨ ਵਹਾਇਆ ਗਿਆ।

ਇਸ ਤੋਂ ਬਾਅਦ ‘ਹੇ ਮਾਰਕਿਟ ਕਾਂਡ’ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਘਟਨਾਵਾਂ ਹੋਈਆਂ ਜੋ ਪਹਿਲੀ ਮਈ ਦੀ ਹੜਤਾਲ ਦਾ ਹੀ ਸਿੱਟਾ ਸਨ। 3 ਮਈ ਨੂੰ ਮਜ਼ਦੂਰਾਂ ਦੀ ਇੱਕ ਮੀਟਿੰਗ ’ਤੇ ਪੁਲਿਸ ਨੇ ਹਿੰਸਕ ਹਮਲਾ ਕਰ ਦਿੱਤਾ। ਇਸ ਦੇ ਵਿਰੋਧ ’ਚ 4 ਮਈ ਨੂੰ ਹੇਅ ਮਾਰਕੀਟ ਸਕੁਇਅਰ ਵਿਖੇ ਮੁਜ਼ਾਹਰਾ ਕੀਤਾ ਗਿਆ। ਇਸ ਮੁਜ਼ਾਹਰੇ ’ਤੇ ਪੁਲਿਸ ਵੱਲੋਂ ਹਮਲਾ ਕਰ ਦਿੱਤਾ ਗਿਆ ਜਿਸ ਵਿੱਚ 6 ਮਜ਼ਦੂਰ ਮਾਰੇ ਗਏ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ। ਹੇ ਮਾਰਕੀਟ ’ਚ ਹੋਏ ਹਮਲੇ ਦੌਰਾਨ ਸਰਮਾਏਦਾਰੀ ਦੇ ਪਿਛਲੱਗਾਂ ਨੇ ਇਕੱਠ ਵਿਚਕਾਰ ਇੱਕ ਬੰਬ ਸੁੱਟ ਦਿੱਤਾ। ਇਸ ’ਤੇ ਹੋਈ ਝੜਪ ਦੌਰਾਨ ਚਾਰ ਮਜ਼ਦੂਰ ਮਾਰੇ ਗਏ ਅਤੇ 7 ਪੁਲਿਸ ਵਾਲੇ ਵੀ ਆਪਣੀ ਜੀਵਨ ਲੀਲਾ ਸਮਾਪਤ ਕਰ ਬੈਠੇ। ਮਜ਼ਦੂਰ ਨੇਤਾਵਾਂ ਦੀ ਫੜੋ-ਫੜੀ ਹੋਈ ਅਤੇ ਕੇਸ ਚਲਾਏ ਗਏ। ਮਜ਼ਦੂਰ ਨੇਤਾਵਾਂ ਪਾਰਸਨਜ, ਸਪਾਈਸ, ਫਿਸ਼ਰ ਅਤੇ ਇੰਜੇਲ ਨੂੰ ਫਾਂਸੀ ਦੀ ਸ਼ਜਾ ਸੁਣਾਈ ਗਈ ਅਤੇ ਹੋਰ ਜੁਝਾਰੂ ਨੇਤਾਵਾਂ ਨੂੰ ਵੀ ਕੈਦ ਦੀ ਸਜ਼ਾ ਸੁਣਾਈ ਗਈ।

ਮਈ ਦਿਵਸ ਸੰਸਾਰ ਪੱਧਰ ’ਤੇ ਮਨਾਉਣ ਦੀ ਸ਼ੁਰੂਆਤ:

ਇਸ ਸਾਰੇ ਘਟਨਾ-ਕ੍ਰਮ ਦੇ ਕਾਰਨ ਕਮਿਊਨਿਸਟਾਂ ਦੀ ਕੌਮਾਂਤਰੀ ਜਥੇਬੰਦੀ ਨੇ 1889 ’ਚ 1 ਮਈ ਨੂੰ ਸੰਸਾਰ ਪੱਧਰ ’ਤੇ ਮਜ਼ਦੂਰ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ। ਉਸਤੋਂ ਬਾਅਦ 1 ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਣ ਲੱਗਿਆ। ਕਮਿਊਨਿਸਟ ਕੌਮਾਂਤਰੀ ਵੱਲੋਂ ਇਸ ਤਰ੍ਹਾਂ ਦਾ ਸੱਦਾ ਸਿਰਫ ਕਿਸੇ ਖਾਸ ਦੇਸ਼ ਦੇ ਮਜ਼ਦੂਰਾਂ ਦੀ 8 ਘੰਟੇ ਦੀ ਮੰਗ ਨਾ ਰਿਹਾ। ਇਹ ਸੱਦਾ ਸਮੁੱਚੀ ਦੁਨੀਆਂ ਦੇ ਮਜ਼ਦੂਰਾਂ ਨੂੰ ਜਮਾਤ ਦੇ ਤੌਰ ’ਤੇ ਇੱਕਮੁੱਠ ਹੋ ਕੇ ਸਰਮਾਏਦਾਰੀ ਪ੍ਰਬੰਧ ਖਿਲਾਫ ਜੱਦੋਜਹਿਦ ਕਰਨ ਦੇ ਸੱਦੇ ਵਜੋਂ ਹੋ ਨਿੱਬੜਿਆ।

ਮਈ ਦਿਵਸ ਦਾ ਸੁਨੇਹਾ ‘ਜਮਾਤ-ਰਹਿਤ ਅਤੇ ਲੁੱਟ-ਰਹਿਤ ਸਮਾਜ ਸਿਰਜਣਾ’ ਠੀਕ ਕਿਉਂ ਹੈ, ਇਸ ਬਾਰੇ ਸੰਖੇਪ ’ਚ ਗੱਲ ਕਰਦੇ ਹਾਂ।

ਮਨੁੱਖੀ ਇਤਿਹਾਸ ’ਤੇ ਸਰਸਰੀ ਨਜ਼ਰ ਵੀ ਮਾਰੀ ਜਾਵੇ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਗੁਲਾਮਦਾਰੀ ਸਮਾਜ ਵੀ ਮੌਜੂਦ ਰਹੇ ਹਨ। ਗੁਲਾਮਦਾਰੀ ਯੁੱਗ ਵਿੱਚ ਗੁਲਾਮਾਂ ਨੂੰ ਬੋਲਦੇ ਔਜ਼ਾਰ “speaking tools or talking tools”[1] ਕਿਹਾ ਜਾਂਦਾ ਸੀ ਅਤੇ ਪਸ਼ੂਆਂ ਨੂੰ “mute/semi-mute tools”[2] ਕਿਹਾ ਜਾਂਦਾ ਸੀ। ਗੁਲਾਮਾਂ ਨੂੰ ਮਨੁੱਖ ਤਾਂ ਗਿਣਿਆ ਹੀ ਨਹੀਂ ਸੀ ਜਾਂਦਾ। ਇਸੇ ਗੱਲ ਤੋਂ ਹੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਫਿਰ ਗੁਲਾਮਾਂ ਦੀਆਂ ਜੀਵਨ ਹਾਲਤਾ ਕਿੰਨੀਆਂ ਗੈਰ-ਮਨੁੱਖੀ ਹੋਣਗੀਆਂ। ਇਨ੍ਹਾਂ ਹਾਲਤਾਂ ’ਚੋਂ ਹੀ ਗੁਲਾਮਾਂ ਦੀਆਂ ਬਗ਼ਾਵਤਾਂ ਨੇ ਜਨਮ ਲਿਆ। ਮਿਸਾਲ ਦੇ ਤੌਰ ’ਤੇ ਰੋਮ, ਜਿੱਥੇ ਸਭ ਤੋਂ ਵੱਧ ਸਮਾਂ ਗੁਲਾਮਦਾਰੀ ਯੁੱਗ ਰਿਹਾ ਹੋਣਾ ਮੰਨਿਆ ਜਾਂਦਾ ਹੈ, ਵਿੱਚ ਸਪਾਰਟਕਸ ਦੀ ਅਗਵਾਈ ’ਚ 1,00,000 ਗੁਲਾਮਾਂ ਨੇ ਗੁਲਾਮ-ਮਾਲਕਾਂ ਖਿਲਾਫ ਬਗਾਵਤ ਕੀਤੀ। ਇਸੇ ਤਰ੍ਹਾਂ ਹੋਰ ਦੇਸ਼ਾਂ ਵਿੱਚ ਵੀ ਗੁਲਾਮ-ਬਗ਼ਾਵਤਾਂ ਹੋਈਆਂ। ਪਰ ਜਿੱਥੇ ਕਿਤੇ ਵੀ ਸੰਸਾਰ ਵਿੱਚ ਗੁਲਾਮਾਂ ਦੀ ਬਗ਼ਾਵਤ ਹੋਈ ਇਸਦਾ ਲਾਭ ਉਠਾਉਂਦੇ ਹੋਏ ਦੂਸਰੀ ਲੁਟੇਰੀ ਜਮਾਤ (ਜਿਵੇਂ ਕਿ ਜਗੀਰਦਾਰੀ) ਰਾਜ-ਪ੍ਰਬੰਧ ’ਤੇ ਕਾਬਜ਼ ਹੋ ਗਈ। ਇਸੇ ਤਰ੍ਹਾਂ ਹੀ ਜਗੀਰਦਾਰੀ ਦੇ ਵਿਰੁੱਧ ਮਿਹਨਤੀ ਲੋਕਾਂ ਨੇ ਜੱਦੋਜਹਿਦ ਕੀਤੀ ਤਾਂ ਸਰਮਾਏਦਾਰੀ ਨੇ ਇਸਦਾ ਸਥਾਨ ਹਾਸਲ ਕਰਕੇ ਆਪਣੀ ਲੁੱਟ ਸ਼ੁਰੂ ਕਰ ਦਿੱਤੀ। ਕਹਿਣ ਤੋਂ ਭਾਵ ਇਹ ਹੈ ਕਿ ਇਤਿਹਾਸ ਵਿੱਚ ਲੁੱਟੀਆਂ ਜਾਂਦੀਆਂ ਜਮਾਤਾਂ ਜੱਦੋਜਹਿਦ ਤਾਂ ਕਰਦੀਆਂ ਰਹੀਆਂ ਪਰ ਇੱਕ ਤੋਂ ਬਾਅਦ ਦੂਸਰਾ ਲੁਟੇਰਾ ਪ੍ਰਬੰਧ ਕਾਇਮ ਹੁੰਦਾ ਰਿਹਾ। ਜਿਸ ਕਰਕੇ ਉਨ੍ਹਾਂ ਦੀ ਲੁੱਟ ਰੂਪ ਵਟਾਉਂਦੀ ਹੋਈ ਕਾਇਮ ਰਹੀ। ਇਹ ਸਮਾਜਕ-ਵਿਕਾਸ ਦਾ ਇੱਕ ਨਿਯਮ ਹੀ ਹੈ ਜੋ ਇਤਿਹਾਸ ਨੇ ਸਾਬਤ ਕੀਤਾ। ਇਹ ਨਿਯਮ ਇਹ ਹੈ ਕਿ ਮਨੁੱਖ ਇਸ ਸਮਾਜ ਨੂੰ ਬਦਲ ਤਾਂ ਸਕਦੇ ਹਨ ਪਰ ਇਹ ਨਹੀਂ ਕਿ ਉਹ ਜਿਵੇਂ ਮਰਜ਼ੀ ਤਬਦੀਲ ਕਰ ਦੇਣ ਭਾਵ ਉਨ੍ਹਾਂ ਨੂੰ ਹਰ ਹਾਲਤ ’ਚ ਇਤਿਹਾਸਕ ਪੜਾਵਾਂ ਅਨੁਸਾਰ ਹੀ ਇਹ ਕਰਨਾ ਪੈਂਦਾ ਹੈ।

ਜਦੋਂ ਦੇਸ਼ਾਂ ਅੰਦਰ ਸਨਅਤਾਂ ਸਥਾਪਤ ਹੋ ਗਈਆਂ ਤਾਂ ਉਦੋਂ ਸਰਮਾਏਦਾਰੀ ਪ੍ਰਬੰਧ ਸਥਾਪਤ ਹੋਇਆ। ਇਸੇ ਸਮੇਂ ਮਜ਼ਦੂਰ ਜਮਾਤ ਵੀ ਸਮਾਜਕ ਦ੍ਰਿਸ਼ ’ਤੇ ਆਈ ਭਾਵ ਕਿ ਉਹ ਜਮਾਤ ਜਿਸ ਕੋਲ ਆਪਣੀ ਕਿਰਤ ਸ਼ਕਤੀ ਵੇਚਣ ਤੋਂ ਸਿਵਾਏ ਜਿੰਦਾ ਰਹਿਣ ਲਈ ਕੋਈ ਸਾਧਨ ਨਹੀਂ ਹੁੰਦੇ ਜਾਂ ਬਹੁਤ ਹੀ ਨਿਗੂਣੇ ਹੁੰਦੇ ਹਨ। ਜਦੋਂ ਮਜ਼ਦੂਰ ਜਮਾਤ ਦ੍ਰਿਸ਼ ’ਤੇ ਆਈ ਤਾਂ ਉਦੋਂ ਹੀ ਦੁਨੀਆਂ ਦੇ ਦੋ ਮਹਾਨ ਦਾਰਸ਼ਨਿਕਾਂ-ਮਾਰਕਸ ਤੇ ਏਂਗਲਜ਼-ਨੇ ਮਜ਼ਦੂਰ ਜਮਾਤ ਦੀ ਬੰਦ-ਖਲਾਸੀ ਲਈ ਵਿਗਿਆਨਕ ਸਿਧਾਂਤ ਦੀ ਰਚਨਾ ਕੀਤੀ। (ਇੱਥੇ ਇੱਕ ਗੱਲ ਬਹੁਤ ਮਹੱਤਵਪੂਰਨ ਨੋਟ ਕਰਨ ਵਾਲੀ ਇਹ ਹੈ ਕਿ ਜਦੋਂ ਮਜ਼ਦੂਰ ਜਮਾਤ ਸਮਾਜਕ ਦ੍ਰਿਸ਼ ’ਤੇ ਆਈ ਉਦੋਂ ਹੀ ਮਾਰਕਸ ਤੇ ਏਂਗਲਜ਼ ਮਜ਼ਦੂਰਾਂ ਦੀ ਬੰਦ-ਖਲਾਸੀ ਦਾ ਸਿਧਾਂਤ ਰਚ ਸਕੇ।) ਉਨ੍ਹਾਂ ਨੇ ਦਰਸਾਇਆ ਕਿ ਜਦੋਂ ਤੱਕ ਇਸ ਲੁਟੇਰੇ ਪ੍ਰਬੰਧ ਦੀ ਜਗ੍ਹਾ ਜਮਾਤ ਰਹਿਤ, ਲੁੱਟ-ਰਹਿਤ, ਬਰਾਬਰੀ ਵਾਲਾ ਪ੍ਰਬੰਧ ਸਥਾਪਤ ਨਹੀਂ ਕੀਤਾ ਜਾਂਦਾ ਉਦੋਂ ਤੱਕ ਮਨੁੱਖਤਾ ਦੀ ਮੁਕਤੀ ਸੰਭਵ ਨਹੀਂ ਹੈ।

ਪਹਿਲਾਂ ਆਰਥਕਤਾ ’ਚ ਇੱਕ ਸਿਧਾਤ ਇਹ ਚਲਿਆ ਆਉਂਦਾ ਸੀ ਕਿ ਆਜ਼ਾਦ ਮੁਕਾਬਲੇਬਾਜ਼ੀ ਅਤੇ ਅੱਡ ਅੱਡ ਹਿਤ ਆਰਥਕਤਾ ਲਈ ਅਤੇ ਦੇਸ਼ਾਂ ਦੀ ਤਰੱਕੀ ਲਈ ਠੀਕ ਹਨ ਭਾਵ ਇਹ ਸਿਧਾਂਤ ਸਰਮਾਏਦਾਰੀ ਪ੍ਰਬੰਧ ਬਦਲਕੇ ਇੱਥੇ ਬਰਾਬਰੀ ਵਾਲਾ ਸਮਾਜ ਸਥਾਪਤ ਕਰਨ ਦੀ ਲੋੜ ਤੋਂ ਮੁਨਕਰ ਹੁੰਦਾ ਸੀ। ਇਹ ਸਿਧਾਂਤ ਦਰਅਸਲ ਸਰਮਾਏਦਾਰਾਂ ਕੋਲ ਇਕੱਠੇ ਧਨ-ਦੌਲਤ ਨੂੰ ਮਜ਼ਦੂਰ ਦੀ ਲੁੱਟ ਨਹੀਂ ਹੈ ਬਲਕਿ ਕੌਮ ਦੀ ਦੌਲਤ ਹੀ ਸਮਝਦਾ ਸੀ। ਖੈਰ..ਇਹ ਸਿਧਾਂਤ ਇਹ ਕਹਿੰਦਿਆਂ ਕਿ ਸਰਮਾਏਦਾਰ ਤਾਂ ਮਜ਼ਦੂਰ ਨੂੰ ਉਸਦੀ ਉਜਰਤ ਦੇ ਦਿੰਦਾ ਹੈ, ਕਿਰਤ ਦੀ ਲੁੱਟ ਕਰਕੇ ਸਰਮਾਏਦਾਰਾਂ ਕੋਲ ਜਮ੍ਹਾਂ ਹੋਣ ਵਾਲੇ ਧਨ-ਦੌਲਤ ਦੇ ਅਸਲੀ ਭੇਤ ’ਤੇ ਪਰਦਾ ਪਾ ਦਿੰਦਾ ਸੀ। ਇਸ ਲਈ ਦੁਨੀਆਂ ਦੇ ਮਹਾਨ ਦਾਰਸ਼ਨਿਕ ਮਾਰਕਸ ਨੇ ਇਸ ਦਾ ਭਾਂਡਾ ਭੰਨਿਆ। ਉਨ੍ਹਾਂ ਨੇ ਦਰਸਾਇਆ ਕਿ ਕਿਰਤੀ ਨੂੰ ਉਸਦੀ ਪੂਰੀ ਉਜਰਤ ਨਾ ਦੇ ਕੇ ਕਿਰਤ ਦੀ ਬਣਦੀ ਵਾਧੂ ਉਜਰਤ (**surplus value**) ਸਰਮਾਏਦਾਰ ਆਪ ਹੜੱਪ ਕਰ ਜਾਂਦਾ ਹੈ ਅਤੇ ਸਰਮਾਏਦਾਰ ਵੱਲੋਂ ਇਹੀ ਹੜੱਪੀ ਹੋਈ ਅਤੇ ਮਜ਼ਦੂਰ ਜਾਂ ਕਿਰਤੀ

ਵੱਲੋਂ ਖੁਆਈ ਹੋਈ ਵਾਧੂ ਉਜਰਤ ਹੀ ਸਰਮਾਏਦਾਰਾਂ ਕੋਲ ਧਨ-ਦੌਲਤ ਵਜੋਂ ਜਮ੍ਹਾਂ ਹੁੰਦੀ ਜਾਂਦੀ ਹੈ। ਮਾਰਕਸ ਨੇ ਇਸ ਜਮਾਂ ਹੋਈ ਦੌਲਤ ਨੂੰ ਜੰਮੀ ਹੋਈ ਜਾ ਮਰੀ ਹੋਈ ਕਿਰਤ (frozen labour or dead labour)[3] ਦਾ ਨਾਮ ਦਿੱਤਾ। ਇਸ ਮਰੀ ਹੋਈ ਕਿਰਤ ਵਿੱਚ ਸਭ ਤਰ੍ਹਾਂ ਦੀ ਦੌਲਤ ਜਿਵੇਂ ਸੋਨਾ, ਪੈਸਾ, ਚਾਂਦੀ, ਹੀਰੇ-ਜਵਾਹਰਾਤ, ਨਕਦੀ, ਪੈਦਾਵਾਰ ਦੇ ਸੰਦ-ਸਾਧਨ ਅਤੇ ਪੈਦਾਵਾਰ ਦੇ ਸੋਮੇ ਆਦਿ ਆ ਜਾਂਦੇ ਹਨ। ਇਸ ਤਰ੍ਹਾਂ ਸਰਮਾਏਦਾਰ ਆਪਣੀ ਧਨ-ਦੌਲਤ ਇੱਕ ਪਾਸੇ ਜੀਵਤ ਕਿਰਤ ਰਾਹੀਂ ਅਤੇ ਦੂਸਰੇ ਪਾਸੇ ਮਰੀ ਹੋਈ ਕਿਰਤ ਰਾਹੀਂ ਵਧਾਉਂਦੇ ਰਹਿੰਦੇ ਹਨ ਅਤੇ ਕਿਰਤੀ ਲਗਾਤਾਰ ਭੁੱਖਮਰੀ ਦੀ ਹਾਲਤ 'ਚ ਰਹਿਣ ਲਈ ਮਜ਼ਬੂਰ ਹੁੰਦਾ ਜਾਂਦਾ ਹੈ। ਸਰਮਾਏਦਾਰ ਇਸ ਮਰੀ ਹੋਈ ਕਿਰਤ ਰਾਹੀਂ ਵੀ ਹੋਰ ਲੁੱਟ ਕਰਦਾ ਰਹਿੰਦਾ ਹੈ।

ਮਾਰਕਸ-ਏਂਗਲਜ਼ ਜਿਹੇ ਮਹਾਨ ਦਾਰਸ਼ਨਿਕਾਂ ਨੇ ਜਿਹੜਾ ਇਹ ਸਿਧਾਂਤ ਦਿੱਤਾ, ਉਹਨਾਂ ਨੇ ਇਸ ਦੇ ਨਾਲ ਹੀ ਇਹ ਵੀ ਦਰਸਾਇਆ ਕਿ ਜਿੰਨਾ ਚਿਰ ਕਿਰਤੀ ਦੀ ਉਜਰਤ ਦੀ ਲੁੱਟ ਹੁੰਦੀ ਰਹੇਗੀ ਉਨਾਂ ਚਿਰ ਕਿਰਤੀਆਂ ਦੀ ਦੁਰਦਸ਼ਾ ਵਾਲੀਆਂ ਹਾਲਤਾਂ ਬਣੀਆਂ ਹੀ ਰਹਿਣੀਆਂ ਹਨ ਅਤੇ ਸਰਮਾਏਦਾਰੀ ਦਾ ਖਜ਼ਾਨਾ ਵਧਦਾ ਹੀ ਰਹਿਣਾ ਹੈ। ਇਸ ਤਰ੍ਹਾਂ ਸਰਮਾਏਦਾਰੀ ਜਮਾਤ ਅਤੇ ਕਿਰਤੀਆਂ ਦਰਮਿਆਨ ਅਮੀਰੀ-ਗਰੀਬੀ ਦਾ ਪਾੜਾ ਵੀ ਵਧਦਾ ਜਾਣਾ ਹੈ। ਜਿਵੇਂ ਆਪਾਂ ਅੱਜ ਸਾਡੇ ਦੇਸ਼ ਦੀ ਹਾਲਤ 'ਤੇ ਧਿਆਨ ਮਾਰਕੇ ਵੀ ਇਹ ਵਰਤਾਰਾ ਵਾਪਰਦਾ ਦੇਖ ਸਕਦੇ ਹਾਂ। ਲਓ ਕੁੱਝ ਅੰਕੜੇ ਲਵੋ।

"ਖੇਤੀ ਸੈਕਟਰ ਵਿੱਚ ਕੰਮ ਕਰਦੇ ਬਹੁਤੇ ਕਿਸਾਨ ਅਤੇ ਮਜ਼ਦੂਰ ਗਰੀਬ ਹਨ। ਮੁਲਕ ਦੇ 44% ਤੋਂ ਵੱਧ ਲੋਕ (ਕਿਰਤੀ) ਸਿੱਧੇ ਤੌਰ 'ਤੇ ਖੇਤੀ ਉੱਤੇ ਕਿਸਾਨ ਤੇ ਖੇਤ ਮਜ਼ਦੂਰ ਵਜੋਂ ਨਿਰਭਰ ਹਨ ਪਰ ਇਨ੍ਹਾਂ ਕੋਲ ਮੁਲਕ ਦੀ ਕੁੱਲ ਆਮਦਨ ਦਾ ਸਿਰਫ 17.18% ਹਿੱਸਾ ਹੀ ਆਉਂਦਾ ਹੈ। ..ਮੌਜੂਦਾ ਸਮੇਂ ਧਨ-ਦੌਲਤ ਦੀ ਇਕੱਤਰਤਾ ਖੇਤੀ ਸੈਕਟਰ ਵਿੱਚ ਕਾਫੀ ਘਟ ਗਈ ਹੈ।.. ਇਸ ਸਮੇਂ ਧਨ-ਦੌਲਤ ਦੀ ਜ਼ਿਆਦਾ ਇਕੱਤਰਤਾ ਕਾਰਪੋਰੇਟ ਸੈਕਟਰ-ਘਰਾਣਿਆਂ ਕੋਲ ਹੀ ਇਕੱਠੀ ਹੋ ਰਹੀ ਹੈ। ਇਸ ਸੈਕਟਰ ਨੂੰ 1950-51 ਵਿੱਚ ਕੁੱਲ ਆਮਦਨ ਦਾ ਸਿਰਫ 5% ਹਾਸਲ ਹੁੰਦਾ ਸੀ ਜੋ ਵਧਕੇ 1992-93 ਵਿੱਚ 13% ਹੋ ਗਿਆ ਸੀ। 2018-19 ਵਿੱਚ ਇਹ ਹਿੱਸਾ 40% ਦੇ ਕਰੀਬ ਪਹੁੰਚ ਗਿਆ ਹੈ।

2014 ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਇਸ ਪਾਸੇ ਹੋਰ ਜ਼ੋਰ ਲਗਾਇਆ ਗਿਆ। 1950ਵਿਆਂ ਤੋਂ ਚੱਲ ਰਿਹਾ ਧਨ ਦੌਲਤ ਟੈਕਸ 2016 ਵਿੱਚ ਖਤਮ ਕਰ ਦਿੱਤਾ। ਕਾਰਪੋਰੇਟ ਆਮਦਨ ਕਰ 35% ਤੋ ਘਟਾਕੇ 22% ਕਰ ਦਿੱਤਾ।


ਕਾਰਪੋਰੇਟ ਸੈਕਟਰ ਦੇ ਕਰਜ਼ਿਆਂ ਨੂੰ ਮੁਆਫ ਕਰਨਾ, ਛੁਪੇ ਰੂਪ ਵਿਚ ਸਬਸਿਡੀਆਂ ਦੇਣਾ ਅਤੇ ਟੈਕਸ ਘਟਾਉਣ ਦਾ ਬੋਝ ਆਮ ਲੋਕਾ ਉੱਪਰ ਪਾਇਆ ਜਾਂਦਾ ਹੈ। ਕਾਰਪੋਰੇਟ ਟੈਕਸ ਦੀ ਦਰ ਘਟਾਉਣ ਨਾਲ ਸਰਕਾਰ ਨੂੰ ਲਗਭਗ ਹਰ ਸਾਲ 1.5 ਲੱਖ ਕਰੋੜ ਦਾ ਘਾਟਾ ਪਿਆ ਹੈ। ਇਹ ਘਾਟਾ ਸਰਕਾਰ ਅਸਿੱਧੇ ਟੈਕਸਾਂ ਦੇ ਸਹਾਰੇ ਪੂਰਾ ਕਰਦੀ ਹੈ।...... ਪਿਛਲੇ ਸਮੇਂ ਦੌਰਾਨ ਸਰਕਾਰ ਨੇ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਕਾਰਪੋਰੇਟ ਨੂੰ ਰਿਆਇਤਾਂ ਦੇਣ ਕਾਰਨ ਪੈਦਾ ਹੋਏ ਘਾਟੇ ਨੂੰ ਪੂਰਾ ਕਰਨ ਲਈ ਕੀਤਾ ਹੈ।

ਔਕਸਫੈਮ ਦੀ 2022 ਦੀ ਰਿਪੋਰਟ ਅਨੁਸਾਰ ਮੁਲਕ ਦੀ ਕੁੱਲ ਧਨ-ਦੌਲਤ ਦਾ 77% ਹਿੱਸਾ 10 % ਆਬਾਦੀ ਕੋਲ ਇਕੱਤਰ ਹੋ ਗਿਆ ਹੈ। ਬਾਕੀ ਦੀ 90 % ਆਬਾਦੀ ਕੋਲ ਧਨ-ਦੌਲਤ ਦਾ ਸਿਰਫ 23 ਪ੍ਰਤੀਸ਼ਤ ਹਿੱਸਾ ਰਹਿ ਗਿਆ ਹੈ। ਅਮੀਰਾਂ ਦੀ ਧਨ-ਦੌਲਤ ਦਸ ਸਾਲਾਂ ਵਿਚ ਦਸ ਗੁਣਾ ਹੋ ਗਈ, ਇਸੇ ਸਮੇਂ ਦੋਰਾਨ ਆਮ ਲੋਕਾਂ ਦੀ ਧਨ-ਦੌਲਤ ਸਿਰਫ 1% ਹੀ ਵਧੀ ਹੈ। ਇਸੇ ਕਾਰਨ ਸਾਡੇ ਮੁਲਕ ਵਿੱਚ ਅਰਬਪਤੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸੰਨ 2000 'ਚ ਅਰਬਪਤੀਆਂ ਦੀ ਗਿਣਤੀ ਸਿਰਫ ਨੌਂ ਸੀ ਜਿਹੜੀ 2017 'ਚ 101 ਅਤੇ 2022 'ਚ 119 ਹੋ ਗਈ।"[4]

ਤਾਂਹੀਓਂ ਮਾਰਕਸ-ਏਂਗਲਜ਼ ਜਿਹੇ ਮਹਾਨ ਦਾਰਸ਼ਨਿਕਾਂ ਨੇ ਇਹ ਸਿੱਟਾ ਕੱਢਿਆ ਸੀ ਕਿ ਸਭ ਗੈਰ-ਮਨੁੱਖੀ ਤੱਤ ਖਤਮ ਕਰਨ ਲਈ ਇਸ ਲੁਟੇਰੇ ਪ੍ਰਬੰਧ ਨੂੰ ਖਤਮ ਕਰਕੇ ਜਮਾਤ ਰਹਿਤ ਬਰਾਬਰੀ ਵਾਲਾ ਸਮਾਜ ਉਸਾਰਣਾ ਪਵੇਗਾ ਨਹੀਂ ਤਾਂ ਇਹੋ ਹੀ ਚੱਲਦਾ ਰਹਿਣਾ ਹੈ। ਇੱਥੇ ਇੱਕ ਨੁਕਤਾ ਹੋਰ ਵੀ ਸਪੱਸਟ ਕਰਦੇ ਜਾਈਏ ਕਿ ਕਿਰਤੀ ਸਿਰਫ਼ ਕਾਰਖਾਨੇ 'ਚ ਕੰਮ ਕਰਨ ਵਾਲਾ ਉਹ ਮਜ਼ਦੂਰ ਹੀ ਨਹੀਂ ਜਿਸ ਕੋਲ ਕੋਈ ਆਪਣੇ ਸਾਧਨ ਨਹੀਂ ਹਨ। ਬਲਕਿ ਕਿਰਤੀਆਂ ਦੀਆਂ ਵੱਖ ਵੱਖ ਪਰਤਾਂ ਹਨ ਜਿਵੇਂ ਤਕਨੀਕੀ ਕਾਮੇ, ਮੁਲਾਜ਼ਮ, ਬੇ-ਜ਼ਮੀਨੇ ਤੇ ਜ਼ਮੀਨ 'ਤੇ ਕੰਮ ਕਰਨ ਵਾਲੇ ਕਿਸਾਨ-ਮਜ਼ਦੂਰ (ਭਾਵ ਹਰ ਮਾਨਸਿਕ ਅਤੇ ਸਰੀਰਕ ਕਿਰਤ ਕਰਨ ਵਾਲੇ) ਸਭ ਦੇ ਸਭ ਕਿਰਤੀਆਂ ਦੀ ਸ਼੍ਰੇਣੀ 'ਚ ਸ਼ਾਮਲ ਹਨ।

ਸੋ ਮਨੁੱਖਤਾ ਦੀ ਮੁਕਤੀ ਦੇ ਅੰਤਿਮ ਨਿਸ਼ਾਨੇ ਦੇ ਤੌਰ 'ਤੇ ਜਮਾਤ-ਰਹਿਤ, ਲੁੱਟ-ਰਹਿਤ, ਬਰਾਬਰੀ ਵਾਲਾ ਸਮਾਜ ਸਿਰਜਣ ਲਈ ਜੱਦੋਜਹਿਦ ਕਰਨਾ ਹੀ ਮਈ ਦਿਵਸ ਦੀ ਸਹੀ ਭਾਵਨਾ ਦਾ ਪਾਲਣ ਕਰਨਾ ਹੈ। ਜਦੋਂ ...**ਬਾਕੀ ਪੰਨਾ 20 'ਤੇ**

ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ-10



ਕੀ ਤਣਾਅ ਫਾਇਦੇਮੰਦ ਵੀ ਹੁੰਦਾ ?

ਡਾ. ਸੁਰੇਸ਼ ਰਤਨ

(ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ, ਅਪ੍ਰੈਲ-ਮਈ 2020 ਵਿਚ ਕੀਤੀ ਹੋਈ ਇਕ ਅਠੱਤੀ ਗੱਲਾਂ ਬਾਤਾਂ ਦੀ ਫੇਸਬੁੱਕ ਦੀ ਲੜੀ ਜੋ ਯੂਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ । ਇਸ ਵਾਰ ਪੇਸ਼ ਹੈ ਲੜੀ ਨੰਬਰ 23 ਤੇ 24 – ਸੰਪਾਦਕ)

ਰੋਜ਼ਾਨਾ ਜ਼ਿੰਦਗੀ ਦੇ ਰੁਟੀਨ ਨੂੰ ਅਸੀਂ ਤਣਾਅ ਨਹੀਂ ਕਹਿੰਦੇ। ਤਣਾਅ (Stress) ਹੁੰਦਾ ਹੈ ਜਦੋਂ ਸਾਡਾ ਸਰੀਰ ਖਾਸ ਤਰ੍ਹਾਂ ਨਾਲ ਪ੍ਰਤੀਕਿਰਿਆ ਦੇਵੇ। ਸਾਡੀ ਜਿਉਂਦੇ ਰਹਿਣ ਦੀ ਸ਼ਕਤੀ ਜਿਸਨੂੰ ਮੈਂ Homeo Dynamic Space ਕਹਿੰਦਾ ਹਾਂ, ਉਸ ਦਾ ਜ਼ਰੂਰੀ ਇਹ ਹਿੱਸਾ ਹੈ ਕਿ ਅਸੀਂ ਆਪਣੇ ਅੰਦਰਲੇ ਤੇ ਬਾਹਰਲੇ ਤਣਾਅ ਨੂੰ ਕਿਵੇਂ ਸਿੱਝਦੇ ਹਾਂ ਤੇ ਉਸ ਦਾ ਸਾਡੇ ਸਰੀਰ ਨੂੰ ਕੀ ਫਾਇਦਾ ਜਾਂ ਨੁਕਸਾਨ ਹੁੰਦਾ ਹੈ।ਤਣਾਅ ਸਿਰਫ ਮਾਨਸਿਕ ਹੀ ਨਹੀਂ ਹੁੰਦਾ, ਜਦੋਂ ਅਸੀਂ ਕਸਰਤ ਕਰਦੇ ਹਾਂ ਤਾਂ ਸਰੀਰਕ ਤਣਾਅ ਵਿੱਚੋਂ ਲੰਘਦੇ ਹਾਂ। ਸੈਂਕੜੇ ਸਾਲਾਂ ਤੋਂ ਇਹ ਅਨੁਭਵ ਕੀਤਾ ਗਿਆ ਕਿ ਕਸਰਤ ਦਾ ਸਰੀਰ ਨੂੰ ਫਾਇਦਾ ਹੁੰਦਾ ਹੈ। ਪਰ ਇਹ ਫਾਇਦਾ ਕਿਉਂ ਹੁੰਦਾ ਹੈ ਇਸਦੀ ਸਮਝ ਵਿਗਿਆਨ ਦੀ ਬਦੌਲਤ ਪਿਛਲੇ 25-30 ਸਾਲਾਂ ਵਿਚ ਹੀ ਆਈ ਹੈ। ਸਾਇੰਸ ਦਾ ਇਕ ਉਦੇਸ਼ ਇਹ ਵੀ ਹੈ ਕਿ ਸਾਇੰਸ ਦਾ ਗਿਆਨ ਸਮਾਜ ਦੀ ਆਮ ਸਮਝ ਬਣ ਜਾਵੇ।ਪਰ ਹਰ ਆਮ ਸਮਝ ਸਾਇੰਸ ਨਹੀਂ ਹੁੰਦੀ।ਉਸ ਵਿੱਚ ਬਹੁਤ ਕੁੱਝ ਅਟਕਲ ਪੱਚੂ ਹੁੰਦਾ ਹੈ।

ਇਹ ਦੇਖਿਆ ਗਿਆ ਕਿ ਜਦੋਂ ਅਸੀਂ ਕਸਰਤ ਕਰ ਰਹੇ ਹੁੰਦੇ ਹਾਂ ਜਾਂ ਦੌੜ ਰਹੇ ਹੁੰਦੇ ਹਾਂ ਤਾਂ ਸਾਡੇ ਸਰੀਰ ਦਾ ਬਹੁਤ ਨੁਕਸਾਨ ਹੋ ਰਿਹਾ ਹੁੰਦਾ ਹੈ। ਕਸਰਤ ਦੌਰਾਨ ਕੀਤੇ ਟੈਸਟਾਂ ਤੋਂ ਪਤਾ ਚੱਲਿਆ ਕਿ ਕਸਰਤ ਸਭ ਤੋਂ ਬੁਰੀ ਚੀਜ਼ ਹੈ ਜੋ ਅਸੀਂ ਸਰੀਰ ਨਾਲ ਕਰ ਰਹੇ ਹੁੰਦੇ ਹਾਂ। ਇਹ ਵਿਰੋਧਾਭਾਸ ਹੌਂਮੇਸਿਸ ਨਾਲ ਸਮਝ ਆਇਆ ਕਿ ਕਈ ਵਾਰ ਤਣਾਅ ਚੰਗਾ ਵੀ ਹੁੰਦਾ ਹੈ। ਜਦੋਂ ਹੀ ਕੋਈ ਤਣਾਅ ਆਉਂਦਾ ਹੈ ਸਾਡੇ ਸਰੀਰ ਦੀ ਪਹਿਲੀ ਕੋਸ਼ਿਸ਼ ਉਸ ਤਣਾਅ ਦੇ ਅਸਰ ਨੂੰ ਖਤਮ ਕਰਨ ਦੀ ਹੁੰਦੀ ਹੈ। ਇਹ ਰਖਿਆਤਮਕ ਪਹਿਲ ਹੈ । ਸੱਟ ਲੱਗਣ 'ਤੇ ਜਾਂ ਕੁੱਝ ਲੜ ਜਾਣ ਤੋਂ ਬਾਅਦ ਹੋਣ ਵਾਲੀ ਸੋਜ਼ਿਸ਼ ਇਸੇ ਰੱਖਿਆਤਮਕ ਪ੍ਰਤੀਕਿਰਿਆ ਦਾ ਸਿੱਟਾ ਹੁੰਦੀ ਹੈ। ਤਣਾਅ ਵਿਰੁੱਧ ਸਰੀਰ 3 ਤਰ੍ਹਾਂ ਦੀ ਪ੍ਰਤੀਕਿਰਿਆ ਦਿੰਦਾ ਹੈ। ਪਹਿਲੀ ਹੈ ਰੱਖਿਆ ਲਈ ਲੜਣ ਲਈ ਡਟ ਜਾਣਾ ਤਾਂ ਕਿ ਤਣਾਅ ਤੋਂ ਮੁਕਤ ਹੋਇਆ ਜਾ ਸਕੇ। ਦੂਜਾ ਹੈ ਤਣਾਅ ਤੋਂ ਭੱਜ ਜਾਣਾ। ਤੀਜਾ ਹੈ ਸੁੰਨ ਹੋ ਜਾਣਾ। ਰੋਜ਼ਾਨਾ ਜ਼ਿੰਦਗੀ ਵਿੱਚ ਆਉਣ ਵਾਲੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਸਰੀਰਕ, ਮਾਨਸਿਕ, ਜਾਂ ਬਾਇਲੌਜੀਕਲ ਆਦਿ ਨੂੰ ਅਸੀਂ ਤਣਾਅ ਨਹੀਂ ਕਹਿੰਦੇ। ਤਣਾਅ ਉਹ ਹੈ ਜਦੋਂ ਉਹ ਸਾਡੇ ਸਰੀਰ ਦਾ ਨੁਕਸਾਨ ਕਰ ਸਕਦਾ ਹੋਵੇ ਜੇਕਰ ਸਾਡੀ ਜਿਉਣ ਲਈ ਕੀਤੀ ਰਖਿਆਤਮਕ ਸਰਗਰਮੀ ਨਾ ਹੋਵੇ। ਕਸਰਤ ਜਾਂ ਕਿਸੇ ਵੀ ਤਣਾਅ ਦੌਰਾਨ ਹੋਏ ਨੁਕਸਾਨ ਦੀ ਪੂਰਤੀ ਕਰਨ ਲਈ ਸਾਡਾ ਸਰੀਰ ਸਰਗਰਮ ਹੁੰਦਾ ਹੈ ਤਾਂ ਸਾਡੇ ਜਿਉਂਦੇ ਰਹਿਣ ਦੇ ਸਮਰਥ ਹੋਣ ਵਾਲੀਆਂ ਸ਼ਕਤੀਆਂ ਨੂੰ ਬਲ ਮਿਲਦਾ ਹੈ। ਸਾਡੇ ਸਰੀਰ ਦੇ ਸੈੱਲਾਂ ਨੂੰ ਕੋਈ ਸੱਤ ਤਰ੍ਹਾਂ ਦੇ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ ? ਸੂਰਜ ਦੀ ਰੌਸ਼ਨੀ ਜਾਂ ਕੋਈ ਬਾਹਰੀ ਐਕਸੀਡੈਂਟ ਕਿਸੇ ਸੈੱਲ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਤਾਂ ਸੈਂਕੜੇ ਜੀਨਜ਼ ਉਸ ਦੇ ਵਿਰੁੱਧ ਖੜ੍ਹੇ ਹੋ ਜਾਂਦੇ ਹਨ। ਇਸ ਤਰ੍ਹਾਂ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਆਉਣ ਵਾਲਾ ਥੋੜ੍ਹਾ ਥੋੜ੍ਹਾ ਤਣਾਅ ਸਰੀਰ ਨੂੰ ਵਧੇਰੇ ਤੰਦਰੁਸਤ ਰੱਖਣ ਵਿਚ ਸਹਾਈ ਹੁੰਦਾ ਹੈ। ਪੱਛਮ ਦੇ ਦੇਸ਼ਾਂ ਵਿਚ ਇਕ ਸਮਾਂ ਆਇਆ ਸੀ ਜਦੋਂ ਉਨ੍ਹਾਂ ਨੇ ਬਹੁਤ ਜ਼ਿਆਦਾ ਸਫ਼ਾਈ 'ਤੇ ਜ਼ੋਰ ਦਿਤਾ। ਦੇਖਿਆ ਗਿਆ ਕਿ ਜਦੋਂ ਉਹ ਬੱਚੇ ਜੋ ਬਹੁਤ ਹੀ ਬਚਾਓ ਵਾਲੇ ਵਾਤਾਵਰਣ ਵਿਚ ਰਹੇ ਸਨ ਵੱਡੇ ਹੋ ਕੇ ਬਾਹਰ ਵਿਚਰਣ ਲੱਗੇ ਤਾਂ ਉਨ੍ਹਾਂ ਨੂੰ ਦੂਜੇ ਬੱਚਿਆਂ ਨਾਲੋਂ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਵੱਧ ਸਾਹਮਣਾ ਕਰਨਾ ਪਿਆ ਕਿਉਂਕਿ ਉਨ੍ਹਾਂ ਨੂੰ ਉਹ ਛੋਟੇ ਛੋਟੇ ਤਣਾਅ ਜਿੰਨ੍ਹਾਂ ਨੇ ਉਨ੍ਹਾਂ ਦੀ ਰੱਖਿਆ ਪ੍ਰਣਾਲੀ ਮਜ਼ਬੂਤ ਕਰਨੀ ਸੀ ਨਹੀਂ ਮਿਲੇ ਸਨ। ਇਹ ਹੈ ਹੌਂਮੇਸਿਸ ਦਾ ਸਿਧਾਂਤ ਜਿੱਥੇ ਥੋੜ੍ਹਾ ਤੇ ਵਾਰ ਵਾਰ ਤਣਾਅ ਤੁਹਾਡੇ ਲਈ ਫਾਇਦੇਮੰਦ ਹੁੰਦਾ ਹੈ।

ਸਾਡੇ ਸਰੀਰ ਦੇ ਅਲੱਗ ਅਲੱਗ ਪ੍ਰਬੰਧ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਸਾਨੂੰ ਪਤਾ ਹੈ ਕਿ ਤਣਾਅ ਦੇ ਦੋ ਰੂਪ

ਦੇਖਣ ਵਿੱਚ ਆਉਂਦੇ ਹਨ- ਹਾਂ-ਪੱਖੀ ਤੇ ਨਾਂਹ-ਪੱਖੀ। ਤਣਾਅ ਦੇ ਨਾਂਹ-ਵਾਚਕ ਰੂਪ ਬਾਰੇ ਤਾਂ ਸਾਡੇ ਕੋਲ ਬਹੁਤ ਸਾਰੀ ਜਾਣਕਾਰੀ ਉਪਲਬਧ ਹੈ । ਪਰ ਤਣਾਅ ਦੇ ਹਾਂ-ਵਾਚਕ ਰੂਪ ਬਾਰੇ, ਸਾਡੇ ਵਿੱਚੋਂ ਬਹੁਤਿਆਂ ਨੂੰ ਸ਼ਾਇਦ ਘੱਟ ਹੀ ਪਤਾ ਹੁੰਦਾ ਹੈ। ਤਣਾਅ ਦਾ ਹਾਂ-ਵਾਚਕ ਰੂਪ ਹੀ ਹੌਰਮੇਸਿਸ ਦਾ ਆਧਾਰ ਬਣਦਾ ਹੈ। ਤਣਾਅ ਇਕ ਸਿੱਟਾ (ਰਿਜ਼ਲਟ) ਹੈ। ਅਸਲ ਵਿੱਚ ਇਸ ਤੋਂ ਬਗੈਰ ਜ਼ਿੰਦਗੀ ਜਿਉਣੀ ਸੰਭਵ ਹੀ ਨਹੀਂ। ਤਣਾਅ ਸਾਡੀ ਜ਼ਿੰਦਗੀ ਦਾ ਇਕ ਮਹੱਤਵਪੂਰਨ ਅੰਗ ਹੈ। ਤਣਾਅ ਮੁਤਾਬਿਕ ਆਪਣੇ ਆਪ ਨੂੰ ਢਾਲ ਲੈਣਾ ਹੀ ਜ਼ਿੰਦਗੀ ਨੂੰ ਜਿਉਣ ਜੋਗਾ ਬਣਾਉਂਦਾ ਹੈ। ਤਣਾਅ ਦਾ ਲਫਜ਼ ਥੋੜ੍ਹਾ ਉਲਝਣ ਪੈਦਾ ਕਰਦਾ ਹੈ। ਇਕ ਤਣਾਅ ਹੁੰਦਾ ਹੈ, ਇਕ ਤਣਾਅ ਨੂੰ ਪੈਦਾ ਕਰਨ ਵਾਲਾ। ਅਸੀਂ ਦੋਹਾਂ ਨੂੰ ਇੱਕੋ ਸਮਝ ਬੈਠਦੇ ਹਾਂ। ਮਸਲਨ ਆਕਸੀਜਨ ਤਣਾਅ ਨਹੀਂ, ਆਕਸੀਜਨ ਤਣਾਅ ਪੈਦਾ ਕਰ ਸਕਦੀ ਹੈ। ਭੋਜਨ ਆਪਣੇ ਆਪ ਵਿੱਚ ਤਣਾਅ ਨਹੀਂ, ਭੋਜਨ ਤਣਾਅ ਪੈਦਾ ਕਰ ਸਕਦਾ ਹੈ। ਇੰਝ ਪਹਿਲਾ ਸਵਾਲ ਤਾਂ ਇਹ ਹੈ ਕਿ ਤਣਾਅ ਨੂੰ ਪ੍ਰੀਭਾਸ਼ਤ ਕਿੰਝ ਕਰੀਏ ?

ਤਣਾਅ ਉਹ ਪ੍ਰਕਿਰਿਆ ਹੈ ਜੋ ਸਾਡੇ ਅੰਦਰ ਕੋਈ ਆਰਜ਼ੀ ਜਾਂ ਪੱਕੀ ਤਬਦੀਲੀ ਲਿਆ ਦੇਵੇ, ਜਿਸ ਦੇ ਅਸਰ ਨੂੰ ਘਟਾਉਣ ਜਾਂ ਖਤਮ ਕਰਨ ਲਈ, ਸਾਡੇ ਸਰੀਰ ਨੂੰ ਹੋਰ ਵਾਧੂ ਕੰਮ ਕਰਨਾ ਪਵੇ। ਤਣਾਅ ਸਾਡੇ ਸਰੀਰ ਜਾਂ ਸਾਡੇ ਮਨ ’ਤੇ ਸਰੀਰਕ, ਮਾਨਸਿਕ ਜਾਂ ਮਨੋਵਿਗਿਆਨਿਕ ਉਤੇਜਨਾਵਾਂ ਦੀ ਮੋੜਵੀ ਪ੍ਰਤੀਕਰਿਆ ਹੀ ਹੁੰਦੀ ਹੈ।

ਅੰਗਰੇਜ਼ੀ ਦੀ ਇਕ ਪ੍ਰਸਿੱਧ ਕਹਾਵਤ ਹੈ, ਗ੍ਰਹਿਣ ਕੀਤੀ ਮਾਤਰਾ ਹੀ ਫੈਸਲਾ ਕਰਦੀ ਹੈ ਕਿ ਜ਼ਹਿਰ ਕੀ ਹੈ (Dose Determines the Poison)। ਇਸ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਕ ਮਿਸਾਲ ਹੈ ਐਂਟਾਬਾਇਆਟਿਕ ਦਵਾਈਆਂ ਜੋ ਰੋਗਾਂ ਦੇ ਬੈਕਟੀਰੀਆ ਨੂੰ ਮਾਰਦੀਆਂ ਹਨ, ਪਰ ਜੇ ਇਹ ਲੋੜ ਤੋਂ ਘੱਟ ਲਈਆਂ ਜਾਣ ਜਾਂ ਡਾਕਟਰ ਵੱਲੋਂ ਦੱਸਿਆ ਇਨ੍ਹਾ ਦਾ ਕੋਰਸ ਵਿਚਾਲੇ ਹੀ ਛੱਡ ਦਿੱਤਾ ਗਿਆ ਹੋਵੇ ਤਾਂ ਇਹ ਰੋਗ ਨੂੰ ਠੀਕ ਕਰਨ ਦੀ ਥਾਂ ਐਂਟੀ ਬਾਇਟਿਕ ਦਵਾਈਆਂ ਕਈ ਵਾਰ ਰੋਗ ਨੂੰ ਵਧਾਉਣ ਵਿੱਚ ਮਦਦ ਕਰਦੀਆਂ ਹਨ।

ਇਹੀ ਗੱਲ ਕੈਂਸਰ ਦੀਆਂ ਦਵਾਈਆਂ ’ਤੇ ਵੀ ਇੰਨ ਬਿੰਨ ਲਾਗੂ ਹੁੰਦੀ ਹੈ। ਕਿਸੇ ਹੱਦ ਤੱਕ ਦਵਾਈਆਂ ਕੈਂਸਰ ਦੇ ਸੈੱਲਾਂ ਨੂੰ ਮਾਰਦੀਆਂ ਹਨ। ਪਰ ਲੋੜੀਂਦਾ ਮਾਤਰਾ ਤੋਂ ਘੱਟ ਮਾਤਰਾ ਵਿੱਚ ਲਈਆਂ ਇਹੀ ਦਵਾਈਆਂ ਕੈਂਸਰ ਨੂੰ ਵਧਾਉਣ ਵਿੱਚ ਮਦਦ ਕਰਨ ਲੱਗਦੀਆਂ ਹਨ।

ਇਸੇ ਤਰ੍ਹਾਂ ਨਕਲੀ ਦਵਾਈਆਂ ਵੀ ਰੋਗਾਂ ਨੂੰ ਖਤਮ ਕਰਨ ਦੀ ਥਾਂ ਵਧਾਉਣ ਵਿੱਚ ਮਦਦ ਕਰਦੀਆਂ ਹਨ। ਇੱਥੇ ਹੌਰਮੇਸਿਸ ਦਾ ਸੰਕਲਪ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਕਿਵੇਂ ਹਲਕਾ ਤਣਾਅ (Moderate Stress) ਸਿਹਤ ਲਈ ਉਪਯੋਗੀ ਸਿੱਧ ਹੁੰਦਾ ਹੈ।ਇਸ ਸੰਦਰਭ ਵਿੱਚ ਕਾਫ਼ੀ ਖੋਜ ਕਾਰਜ ਹੋਇਆ ਹੈ। ਸਰੀਰਕ ਕਸਰਤ ਦੇ ਫਾਇਦੇ ਇਸੇ ਹੌਰਮੇਸਿਸ ਕਰਕੇ ਹੀ ਹੁੰਦੇ ਹਨ।


ਮੈਂ ਵੀ ਆਪਣੀ ਪ੍ਰਯੋਗਸ਼ਾਲਾ ਵਿੱਚ ਤਣਾਅ ਸਬੰਧੀ ਕੀਤੇ ਪ੍ਰਯੋਗਾਂ ਅਤੇ ਪ੍ਰਾਪਤ ਸਿੱਟਿਆਂ ਦੀ ਗੱਲ ਸਾਂਝੀ ਕਰਦਾ ਹਾਂ। ਸਾਲ 1997-98 ਦੇ ਨੇੜੇ ਤੇੜੇ ਮੈਂ ਚਮੜੀ ਦੇ ਸੈੱਲ ਲੈ ਕੇ ਉਨ੍ਹਾਂ ਨੂੰ ਤਾਪ ਤਣਾਉ (Thermal Shock) ਦੇ ਕੇ ਕਿਸੇ ਨਤੀਜੇ ’ਤੇ ਪੁੱਜਣ ਦਾ ਯਤਨ ਕੀਤਾ। ਮੈਂ ਸੈੱਲਾਂ ਨੂੰ ਆਮ ਵਰਤੇ ਜਾਣ ਵਾਲੇ 37 ਦਰਜੇ ਸੈਲਸੀਅਸ ਤਾਪਮਾਨ ਤੋਂ ਕੁਝ ਉੱਪਰ ਤਾਪਮਾਨ ਦੇ ਕੇ ਸਿੱਟਾ ਦੇਖਣਾ ਚਾਹਿਆ, ਤੇ ਮੈਂ ਤਾਪਮਾਨ 41 ਦਰਜ਼ੇ ਸੈਲਸੀਅਸ ਕਰ ਦਿੱਤਾ। ਹਫ਼ਤੇ ਵਿੱਚ ਦੋ ਕੁ ਵਾਰੀ ਇੱਕ ਇੱਕ ਘੰਟੇ ਦਾ ਤਾਪ ਦਾ ਝਟਕਾ ਦਿੰਦਾ ਰਿਹਾ। ਸੱਤਰ ਅੱਸੀ ਵਾਰ ਤਾਪ ਦੇ ਝਟਕਿਆਂ ਦੇ ਦੇਣ ਪਿੱਛੋਂ ਮੈਂ ਇਸ ਸਿੱਟੇ ’ਤੇ ਪਹੁੰਚਿਆ ਕਿ ਸੈੱਲਾਂ ਉਪਰ ਬੁਢਾਪੇ ਦੇ ਚਿੰਨ੍ਹ ਪ੍ਰਗਟ ਨਹੀਂ ਸੀ ਹੋਏ। ਉਨ੍ਹਾਂ ਸੈੱਲਾਂ ਦੇ ਬੁਢਾਪੇ ਦੀ ਗਤੀ ਧੀਮੀ ਹੋ ਗਈ ਸੀ। ਸੈੱਲ ਜਵਾਨ ਦਿਸਦੇ ਸਨ। ਇਹ ਹੈ ਹਾਰਮੈਟਿਕਸ ਦਾ ਫ਼ਾਇਦਾ।

ਮੇਰੇ ਇਸ ਤਰ੍ਹਾਂ ਕੀਤੇ ਹੋਰ ਪ੍ਰਯੋਗਾਂ ਦੀ ਚਰਚਾ ਹੋਣ ਤੇ ਹੋਰ ਵਿਗਿਆਨੀਆਂ ਨੇ ਵੀ ਇਸੇ ਤਰ੍ਹਾਂ ਦੇ ਪ੍ਰਯੋਗ ਹਲਕਾ ਤਣਾਅ ਦੇ ਕੇ ਮੱਖੀਆਂ, ਚੂਹਿਆਂ, ਬਿੱਲੀਆਂ ’ਤੇ ਵੀ ਕੀਤੇ। ਉਨ੍ਹਾਂ ਨੇ ਵੀ ਇਹੀ ਸਿੱਟਾ ਕੱਢਿਆ ਕਿ ਹਲਕਾ ਤਣਾਅ ਦੇਣ ਨਾਲ ਸਰੀਰ ਦੀ ਤੰਦਰੁਸਤੀ ਵਿੱਚ ਸੁਧਾਰ ਆਉਂਦਾ ਹੈ ਅਤੇ ਬੁਢਾਪਾ ਆਉਣ ਵਿੱਚ ਥੋੜ੍ਹੀ ਦੇਰ ਪੈ ਜਾਂਦੀ ਹੈ। ਇਸੇ ਤਰ੍ਹਾਂ ਮੱਖੀ ਨੂੰ ਇਕ ਮਸ਼ੀਨ ਵਿੱਚ ਰੋਜ਼ਾਨਾ ਤੇਜ ਗਤੀ ਦੇ ਗੇੜੇ ਦੇ ਕੇ ਦੇਖਿਆ ਕਿ ਮੱਖੀ ਦੀ ਉਮਰ ਵਧਦੀ ਹੈ। ਇਸੇ ਤਰ੍ਹਾਂ ਘੱਟ ਪੱਧਰ ’ਤੇ ਰੇਡੀਏਸ਼ਨ ਵਾਰ ਵਾਰ ਦੇਣ ਦੇ ਪ੍ਰਭਾਵ ਨਾਲ ਵੀ ਉਮਰ ਵੱਧਦੀ ਹੈ। ਇਸ ਦਿਸ਼ਾ ਵਿੱਚ ਵੀ ਕਾਫ਼ੀ ਖੋਜ ਕਾਰਜ ਹੋਇਆ ਹੈ। ਇਹ ਵੀ ਖੋਜ ਹੋਈ ਹੈ ਕਿ ਹੀਰੋਸ਼ੀਮਾ ਤੇ ਨਾਗਾਸਾਕੀ ’ਤੇ ਬੰਬ ਸੁੱਟਣ ਉਪਰੰਤ ਜੋ ਬੰਦੇ ਰੇਡੀਏਸ਼ਨ ਦੀ ਘੱਟ ਮਾਰ ਵਿਚ ਆਏ ਉਹ ਬਚ ਵੀ ਗਏ ਸਨ ਤੇ 40-50 ਸਾਲ ਬਾਅਦ ਦੇਖਿਆ ਗਿਆ ਕਿ ਉਨ੍ਹਾਂ ਨੂੰ ਬਿਮਾਰੀਆਂ ਬੜੀਆਂ ਘੱਟ ਹੁੰਦੀਆਂ ਸਨ।

ਪਾਣੀ ਵਿਚ ਜਾਂ ਉਂਝ ਵੀ ਸਾਹ ਰੋਕ ਕੇ ਆਕਸੀਜਨ ਘਟਾਉਣ ਨਾਲ ਕੁਝ ਸਿਹਤਮੰਦ ਫਾਇਦੇ .. ਬਾਕੀ ਪੰਨਾ 22 ’ਤੇ

ਤੁਸੀਂ ਲੋਕ

ਰਘੁਬੀਰ ਢੰਡ



ਮਰਹੂਮ ਰਘੁਬੀਰ ਢੰਡ ਬਰਤਾਨੀਆ ਵਸਦਾ ਇੱਕ ਪ੍ਰਸਿੱਧ ਪੰਜਾਬੀ ਕਹਾਣੀਕਾਰ ਸੀ। ਬੋਲੀ ਧਰਤੀ, ਉਸ ਪਾਰ, ਕਾਇਆ ਕਲਪ, ਕੁਰਸੀ, ਸ਼ਾਨੇ ਪੰਜਾਬ, ਕਾਲੀ ਨਦੀ ਦਾ ਸੇਕ, ਰਿਸ਼ਤਿਆਂ ਦੀ ਯਾਤਰਾ, ਉਮਰੋਂ ਲੰਮੀ ਬਾਤ, ਵੈਨਕੂਵਰ ਵਿੱਚ ਇੱਕੀ ਦਿਨ ਆਦਿ ਉਸਦੀਆਂ ਚਰਚਿਤ ਕਹਾਣੀਆਂ ਹਨ। ਉਸ ਨੇ ਨਾਵਲ ਅਤੇ ਸਫ਼ਰਨਾਮੇ ਵੀ ਲਿਖੇ। ਹਥਲੀ ਕਹਾਣੀ ‘ਤੁਸੀਂ ਲੋਕ’ ਅੱਜ ਵੀ ਬਰਤਾਨੀਆ ਵਿੱਚ ਭਾਰਤੀ ਲੋਕਾਂ ਨਾਲ ਕੀਤੇ ਜਾ ਰਹੇ ਨਸਲੀ ਵਿਤਕਰੇ ਦਾ ਇੱਕ ਮਾਰਮਿਕ ਚਿਤਰਨ ਹੈ ਜੋ ਹਰ ਪਾਠਕ ਨੂੰ ਪੜ੍ਹਨਾ ਚਾਹੀਦਾ ਹੈ। - ਸੰਪਾਦਕ

ਰੁੱਤ ਭਾਵੇਂ ਸ਼ੁਰੂ ਸਤੰਬਰ ਦੀ ਸੀ ਤੇ ਸਾਰੀ ਬਨਸਪਤੀ ਖੇੜੇ ਵਿੱਚ ਸੀ ਪਰ ਮੌਸਮ ਸਦਾ ਵਾਂਗ ਬੱਦਲ-ਕੱਜਿਆ, ਹਨੇਰਾ-ਹਨੇਰਾ, ਸਿੱਲ੍ਹਾ ਤੇ ਧੁਆਂਖਿਆ ਹੋਇਆ...

ਬਸ ਵਿੱਚ ਬੈਠੇ ਪੰਦਰਾਂ ਕੁ ਸਾਲ ਦੇ ਮੁੰਡੇ ਨੇ ਸ਼ੀਸ਼ਾ ਸਾਫ ਕਰ ਕੇ ਬਾਹਰ ਤੱਕਿਆ ਤੇ ਫਿਰ ਮੂੰਹ ਬਣਾ ਕੇ ਆਪਣੇ ਨਾਲ ਬੈਠੀ ਕੁੜੀ ਜਿੱਲ ਨੂੰ ਕੁੱਝ ਕਿਹਾ।

ਗੱਲਬਾਤ ਜਾਰੀ ਰਹੀ ਪਰ ਬਸ ਦੀ ਮੰਜ਼ਿਲ ਆ ਗਈ। ਸਾਰੇ ਵਿਦਿਆਰਥੀ ਵਾਹੋਦਾਹੀ ਭੱਜਣ ਲੱਗੇ। ਬਸ ਵਿੱਚ ਇਨਾ ਖੜਾਕ ਹੋ ਰਿਹਾ ਸੀ ਜਿਵੇਂ ਹਿੰਦੁਸਤਾਨ ਦੀ ਪੁਲਸ ਕਿਸੇ ਨਿਹੱਥੇ ਜਲੂਸ ਉੱਤੇ ਡਾਂਗ ’ਤੇ ਡਾਂਗ ਵਰ੍ਹਾ ਰਹੀ ਹੋਵੇ ਪਰ ਦੂਜੇ ਹੀ ਪਲ ਬਸ ਵਿੱਚ ਉੱਜੜੇ ਮੇਲੇ ਵਰਗੀ ਭਾਂ-ਭਾਂ, ਅਤੇ ਡਰਾਈਵਰ ਤੇ ਕੰਡਕਟਰ ਬੁੱਤਖਾਨੇ ਦੇ ਪਹਿਰੇਦਾਰਾਂ ਵਾਂਗ ਇੱਕ ਦੂਜੇ ਵੱਲ ਤੱਕ ਰਹੇ ਸਨ।

ਨਵਾਂ ਖ਼ੂਨ! ਮੁੰਡੇ ਕੁੜੀਆਂ ਦਗੜ-ਦਗੜ ਉੱਤਰੇ ਤੇ ਭੱਜ ਪਏ, ਪਰ ਵਿਨੀਤ ਨਹੀਂ ਸੀ ਭੱਜ ਰਿਹਾ। ਉਸ ਨੇ ਭੱਜੇ ਜਾਂਦੇ ਮੁੰਡਿਆਂ ਵੱਲ ਤੱਕਿਆ। ਸਾਰਿਆਂ ਦੇ ਨਵੀਆਂ ਵਰਦੀਆਂ। ਕੇਡੇ ਸੁੰਦਰ ਲਗਦੇ ਸਨ ਸਕੂਲ ਦੇ ਕਲਰ ਵਾਲੇ ਬਲੇਜ਼ਰ। ਉਸ ਦੀ ਚਾਲ ਹੋਰ ਵੀ ਮੱਠੀ ਹੋ ਗਈ। ਆਪਣੇ ਗਲ ਬਲੇਜ਼ਰ ਨਾ ਹੋਣ ਦਾ ਅਹਿਸਾਸ ਉਸ ਦੇ ਜਵਾਨ ਹੁੰਦੇ ਮਨ ਨੂੰ ਬੜੀ ਸ਼ਿੱਦਤ ਨਾਲ ਤਪਾਉਣ ਲੱਗ ਪਿਆ।

ਅੱਜ ਉਸ ਨੇ ਆਪਣੇ ਮੰਮੀ ਨੂੰ ਕੰਮ ਤੋਂ ਲੇਟ ਕਰਵਾ ਦਿੱਤਾ ਸੀ। ਜ਼ਜਬਿਆਂ ਦੇ ਰੌਂਅ ਵਿੱਚ ਆਪਣੇ ਬਿਮਾਰ ਡੈਡੀ ’ਤੇ ਵਰ੍ਹ ਪਿਆ ਸੀ, ‘ਜੇ ਤੁਸੀਂ ਬਿਮਾਰ ਹੋ ਤਾਂ ਮੈਂ ਕਿਉਂ ਸਫਰ (Suffer) ਕਰਾਂ। ਮੈਨੂੰ ਕਦੇ ਕੋਈ ਚੀਜ ਟਾਈਮ ਸਿਰ ਨਹੀਂ ਮਿਲੀ।’

ਉਸ ਦੀ ਮੰਮੀ ਉਸਨੂੰ ਜ਼ਖਮੀ ਸ਼ੀਹਣੀ ਵਾਂਗ ਪਈ ਸੀ, “ਖ਼ਬਰਦਾਰ! ਜੇ ਆਪਣੇ ਡੈਡੀ ਦੀ ਸ਼ਾਨ ਦੇ ਖਿਲਾਫ਼ ਕੁਝ ਆਖਿਆ ਤੇ....! ਤੂੰ ਵੀ ਪੱਛਮ ਦੇ ਨਿੱਜਵਾਦ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ।”

ਉਸ ਦਾ ਡੈਡੀ ਸਿਰਫ ਮੁਸਕਰਾਇਆ ਸੀ- ਚੁੱਪਾਂ ਲੱਦੀ ਮੁਸਕਾਣ! ਉਸ ਚੁੱਪ ਵਿੱਚ ਕਿੰਨੀਆਂ ਆਵਾਜ਼ਾਂ ਹੋਣਗੀਆਂ, ਵਿਨੀਤ ਨੂੰ ਇਸ ਦਾ ਅਹਿਸਾਸ ਤੇ ਸੀ ਪਰ ਇਸ ਸਮੇਂ ਨਹੀਂ ਸੀ। ਹਾਂ, ਉਸ ਨੂੰ ਪਛਤਾਵਾ ਜਰੂਰ ਸੀ, ਖਾਸ ਕਰ ਉਦੋਂ ਜਦੋਂ ਤੰਗਦਸਤੀ ਦਾ ਇਹ ਨਾਟਕ ਹੋ ਰਿਹਾ ਸੀ, ਉਸ ਦਾ ਅੰਕਲ ਆ ਗਿਆ। ਉਸ ਨੇ ਦਸ ਪੌਂਡ ਫੜਾਂਦਿਆਂ ਕਿਹਾ ਸੀ, ‘ਲੈ ਬੇਟਾ! ਬਲੇਜ਼ਰ ਲੈ ਕੇ ਹੀ ਘਰ ਮੁੜੀਂ।”

ਇਸ ਤੋਂ ਪਿੱਛੋਂ ਉਹ ਸਾਰੀ ਰਾਹ ਪਛਤਾਂਦਾ ਰਿਹਾ ਸੀ - ਸ਼ਾਇਦ ਇਸ ਲਈ ਕਿ ਜਦੋਂ ਮਸਲਾ ਹੱਲ ਹੋ ਜਾਂਦਾ ਹੈ, ਪਛਤਾਵਾ ਜਨਮ ਲੈ ਲੈਂਦਾ ਹੈ। ਉਸ ਨੇ ਪੈਂਟ ਦੀ ਪਿਛਲੀ ਜੇਬ ’ਚ ਇੰਝ ਹੱਥ ਮਾਰਿਆ ਜਿਵੇਂ ਪੰਜਾਂ ਦੇ ਦੋ ਨੋਟਾਂ ਨੂੰ ਜਗ੍ਹਾ ਰਿਹਾ ਹੋਵੇ। ਪਰ ਸੰਤੁਸ਼ਟਤਾ ਨੇ ਪਛਤਾਵਾ ਹੋਰ ਵੀ ਤੀਖਣ ਕਰ ਦਿੱਤਾ, “ਮੈਨੂੰ ਡੈਡੀ ਨੂੰ ਬਲੇਮ ਨਹੀਂ ਸੀ ਕਰਨਾ ਚਾਹੀਦਾ। ਕਿੰਨੀ ਵਾਰ ਇਹ ਵਾਕ ਉਸ ਦੇ ਸਿਰ ਵਿੱਚ ਹਥੌੜੇ ਵਾਂਗ ਵੱਜਿਆ। ਫਿਰ ਜਜ਼ਬਿਆਂ ਦੀ ਸ਼ਿੱਦਤ ਵਿੱਚ ਉਸ ਦੇ ਮੂੰਹੋਂ ਨਿਕਲ ਗਿਆ-“ਮੈਨੂੰ ਡੈਡੀ ਨੂੰ ਬਲੇਮ ਨਹੀਂ ਸੀ ਕਰਨਾ ਚਾਹੀਦਾ।”

“ਪਾਰਡਨ (ਖਿਮਾ ਕਰੀਂ)?” ਨਾਲ ਤੁਰੀ ਜਾ ਰਹੀ ਜਿੱਲ ਨੂੰ ਉਹਦੀ ਗੱਲ ਸਮਝ ਨਾ ਆਈ।

ਵਿਨੀਤ ਨੂੰ ਵੀ ਸੁਚੇਤ ਅਹਿਸਾਸ ਹੋਇਆ ਕਿ ਉਹ ਸਕੂਲ ਦੀ ਗਰਾਉਂਡ ਵਿੱਚ ਤੁਰਿਆ ਜਾ ਰਿਹਾ ਸੀ ਤੇ ਜਿੱਲ ਉਸ ਦੇ ਨਾਲ ਸੀ।

ਇਹ ਉਮਰ ਗੱਲਾਂ ਲੁਕਾਣ ਦੀ ਉਮਰ ਹੁੰਦੀ ਹੈ। ਉਸ ਨੇ ਵੀ ਗੱਲ ਹੋਰ ਪਾਸੇ ਪਾ ਦਿੱਤੀ, ‘ਮੈਂ ਹੌਲੀ ਤੁਰਦਾ ਹਾਂ ਪਰ ਪਿਛਾਂਹ ਕਦੀ ਨਹੀਂ ਮੁੜਦਾ।”

ਜਿੱਲ ਨੇ, "ਯੂ ਕਲੈਵਰ (ਤੂੰ ਚਲਾਕ) ਕਹਿ ਕੇ ਉਹਦਾ ਖਹਿੜਾ ਛੱਡ ਦਿੱਤਾ।

ਆਪਣੇ ਕਮਰੇ ਵਿੱਚ ਬਸਤੇ ਰੱਖ ਕੇ ਉਹ ਹਾਲ ਵਿੱਚ ਚਲੇ ਗਏ। ਹਾਲ ਵਿੱਚ ਪ੍ਰਾਰਥਨਾ ਤੋਂ ਪਿੱਛੋਂ ਹੈੱਡਮਾਸਟਰ ਨੇ ਰਸਮੀ ਜਿਹਾ ਲੈਕਚਰ ਦਿੱਤਾ - ਉਹ ਮੁੜ ਆਪਣੇ ਕਮਰੇ ਵਿੱਚ ਆ ਬੈਠੇ।

ਕਲਾਸ ਟੀਚਰ ਹਾਜ਼ਰੀ ਲਾਣ ਆਇਆ। ਪੰਜਾਹ ਕੁ ਵਰ੍ਹਿਆਂ ਦਾ ਟੀਚਰ। ਵਰ੍ਹਿਆਂ ਨੇ ਜਿਵੇਂ ਉਹਦੇ ਬਾਹਰਲੇ ਅੰਗਾਂ ਨੂੰ ਹੀ ਛੂਹਿਆ ਹੋਵੇ ਪਰ ਅੰਦਰਲਿਆਂ ਨੂੰ ਅਣਛੋਹੇ ਹੀ ਲੰਘ ਗਏ ਹੋਣ। ਉਸ ਦੇ ਵੇਖਦਿਆਂ-ਵੇਖਦਿਆਂ ਨਵੀਂ ਨਸਲ ਜਵਾਨ ਹੋ ਗਈ ਸੀ, ਇਸ ਨਸਲ ਦੀ ਚੇਤਨਾ ਧਰਤੀ ਤੋਂ ਅਰਕਾਂ ਭਾਰ ਉੱਠ ਖਲੋਤੀ ਸੀ ਪਰ ਮਿਸਟਰ ਮੋਰਲੈਂਡ ਅਭਿੱਜ ਸੀ।

ਕਹਾਣੀ ਵਿੱਚੋਂ

* ਬੱਸ ਵਿੱਚ ਇੰਨਾਂ ਖੜਾਕ ਹੋ ਰਿਹਾ ਸੀ ਜਿਵੇਂ ਹਿੰਦੁਸਤਾਨ ਦੀ ਪੁਲਿਸ ਕਿਸੇ ਨਿਹੱਥੇ ਜਲੂਸ ਉੱਤੇ ਡਾਂਗ 'ਤੇ ਡਾਂਗ ਵਰ੍ਹਾ ਰਹੀ ਹੋਵੇ।

* ਭੋਲੇ ਭੋਲੇ ਬੱਚਿਆਂ ਤੇ ਗਰੀਬ ਲੋਕਾਂ ਦੇ ਝੂਠ ਪਹਾੜੀ ਬੱਦਲਾਂ ਵਾਂਗ ਹੁੰਦੇ ਹਨ - ਪਤਲੇ-ਪਤਲੇ, ਓਪਰੇ-ਓਪਰੇ, ਬਿਲਕੁਲ ਵਕਤੀ! ਆਏ, ਵਰ੍ਹੇ ਤੇ ਮੁੜ ਨੀਲਾ ਆਕਾਸ਼-ਸਾਫ਼, ਸਵੱਛ ਤੇ ਨਿੰਬਲ! ਪਰ ਨਫ਼ਰਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ।

'ਸਾਰੇ ਵਰਦੀਆਂ ਪਾ ਆਏ ਨੇ ?' ਉਸਨੇ ਹੁਕਮੀਆ ਲਹਿਜੇ 'ਚ ਪੁੱਛਿਆ।

'ਹਾਂ ਸਰ।' ਇਕੱਠੀਆਂ ਆਵਾਜ਼ਾਂ ਉਹਦੇ ਸਿਰ ਵਿੱਚ ਵੱਜੀਆਂ।

ਵਿਨੀਤ ਦਾ ਹੱਥ ਖਲੋਤਾ ਵੇਖ ਕੇ ਮਿਸਟਰ ਮੋਰਲੈਂਡ ਦੇ ਮੱਥੇ 'ਤੇ ਵੱਟ ਹੋਰ ਡੂੰਘੇ ਹੋਏ ਤੇ ਉਸਨੇ ਨਫ਼ਰਤ ਨਾਲ ਪੁੱਛਿਆ, "ਤੇਰਾ ਬਲੇਜ਼ਰ ਕਿੱਥੇ ਐ ?"

'ਸਰ! ਮੈਂ ਤੁਹਾਨੂੰ ਬਾਹਰ ਜਾ ਕੇ ਦੱਸਦਾ ਹਾਂ।' ਵਿਨੀਤ ਨੇ ਇਸ ਵਿਸ਼ਵਾਸ ਨਾਲ ਆਖਿਆ ਕਿ ਉਹ ਆਪਣੇ ਅਧਿਆਪਕ ਨੂੰ ਆਪਣੀ ਤੰਗਦਸਤੀ ਬਾਰੇ ਵੀ ਦੱਸ ਦਏਗਾ ਅਤੇ ਪਿਛਲੀ ਜੇਬ 'ਚ ਪਏ ਦੋ ਨੋਟਾਂ ਬਾਰੇ ਵੀ।

'ਨਹੀਂ ! ਮੈਂ ਪ੍ਰਾਈਵੇਟ ਤੌਰ 'ਤੇ ਕਿਸੇ ਨਾਲ ਗੱਲ ਨਹੀਂ ਕਰਦਾ ਹੁੰਦਾ," ਮਿਸਟਰ ਮੋਰਲੈਂਡ ਨੇ ਆਪਣੇ 'ਸੁਨਹਿਰੀ' ਅਸੂਲ ਦਾ ਐਲਾਨ ਕਰ ਦਿੱਤਾ।

ਵਿਨੀਤ ਨੂੰ ਕੁੱਝ ਸੁੱਝ ਨਹੀਂ ਸੀ ਰਿਹਾ। ਉਸ ਨੇ ਅਧਿਆਪਕ ਵੱਲੋਂ ਨਜ਼ਰ ਭੁਆ ਆਪਣੇ ਜਮਾਤੀਆਂ ਵੱਲ ਤੱਕਿਆ। ਉਹ ਜਿਵੇਂ ਉਸ ਵੱਲ ਹੀ ਤੱਕ ਰਹੇ ਹੋਣ। ਉਸ ਨੇ ਆਪਣੇ ਆਪ ਨੂੰ ਹੋਰ ਵੀ ਘਟੀਆ ਮਹਿਸੂਸ ਕੀਤਾ।

'ਮੈਂ ਤੇਰਾ ਜਵਾਬ ਉਡੀਕ ਰਿਹਾਂ।'

ਅਧਿਆਪਕ ਦੇ ਬੋਲ ਉਸ ਦੇ ਨਸ਼ਤਰ ਵਾਂਗ ਵੱਜੇ। ਹੁਣ ਇੱਕੋ ਇੱਕ ਰਾਹ ਰਹਿ ਗਿਆ ਸੀ - ਝੂਠ ਬੋਲਣ ਦਾ। 'ਸਰ! ਬਲੇਜ਼ਰ ਕੁੱਝ ਵੱਡਾ ਸੀ - ਕੱਲ੍ਹ ਤੀਕ ਠੀਕ ਹੋ ਜਾਏਗਾ।'

ਵਿਨੀਤ ਨੇ ਕੁੱਝ ਹੌਲਾ ਹੌਲਾ ਮਹਿਸੂਸ ਕੀਤਾ। ਪਰ ਮਿਸਟਰ ਮੋਰਲੈਂਡ ਹਾਲੀ ਹੌਲਾ ਨਹੀਂ ਸੀ ਹੋਇਆ। ਉਸ ਨੇ ਆਪਣੇ ਮਨ ਦੀ ਗੱਲ ਵਗਾਹ ਮਾਰੀ-

'ਤੁਸੀਂ ਲੋਕ ਹਮੇਸ਼ਾ ਹੀ ਇੰਝ ਕਰਦੇ ਹੋ।'

ਅਧਿਆਪਕ ਦੇ ਇਸ ਸੰਖੇਪ ਜਿਹੇ ਵਾਕ ਨੇ ਤਾਂ ਵਿਨੀਤ ਨੂੰ ਤੜਫਾ ਹੀ ਦਿੱਤਾ। ਗੱਲ ਦਲੀਲ ਦੇ ਦਾਇਰੇ ਤੋਂ ਬਾਹਰ ਚਲੀ ਗਈ ਸੀ -ਤੇ ਝੂਠ ਦੇ ਦਾਇਰੇ ਤੋਂ ਵੀ ਬਾਹਰ। ਭੋਲੇ ਭਾਲੇ ਬੱਚਿਆਂ ਤੇ ਗਰੀਬ ਲੋਕਾਂ ਦੇ ਝੂਠ ਪਹਾੜੀ ਬੱਦਲਾਂ ਵਾਂਗ ਹੁੰਦੇ ਹਨ-ਪਤਲੇ-ਪਤਲੇ, ਓਪਰੇ-ਓਪਰੇ, ਬਿਲਕੁਲ ਵਕਤੀ! ਆਏ, ਵਰ੍ਹੇ ਤੇ ਮੁੜ ਨੀਲਾ ਆਕਾਸ਼-ਸਾਫ ਸਵੱਛ ਤੇ ਨਿੰਬਲ! ਪਰ ਨਫ਼ਰਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ - ਇਸ ਵਿੱਚ ਵਿਰੋਧੀ ਧਿਰ ਦੀ ਸ਼ਖਸ਼ੀਅਤ ਦਾ ਅਪਮਾਨ ਸ਼ਾਮਲ ਹੁੰਦਾ ਹੈ। ਵਿਨੀਤ ਵਿੱਚ ਨਿਮਰਤਾ ਸੀ, ਬਰਦਾਸ਼ਤ ਸੀ, ਪਰ ਜਿਹੜੇ ਮਹੌਲ ਵਿੱਚ ਉਹ ਪਲਿਆ ਸੀ, ਉੱਥੇ ਕਿਸੇ ਦੀ ਸਖਸ਼ੀਅਤ ਦਾ ਅਪਮਾਨ ਨਾ ਤੇ ਕਦੀ ਕੀਤਾ ਜਾਂਦਾ ਸੀ ਤੇ ਨਾ ਹੀ ਸਹਿਆ ਜਾਂਦਾ ਸੀ। ਪਰ ਇਹ ਕੇਹਾ ਅਧਿਆਪਕ ਸੀ ਜਿਸ ਨੇ ਇੱਕੋ ਪਲ ਵਿੱਚ **'ਤੁਸੀਂ ਲੋਕ'** ਕਹਿ ਕੇ ਸਾਰੇ ਕਾਲੇ (ਭਾਰਤੀ) ਲੋਕਾਂ ਦਾ ਅਪਮਾਨ ਕਰ ਦਿੱਤਾ ਸੀ।

ਵਿਨੀਤ ਨੇ ਮੋਟੀਆਂ ਮੋਟੀਆਂ ਅੱਖਾਂ ਨਾਲ ਅਧਿਆਪਕ ਨੂੰ ਘੂਰਿਆ। ਉਸ ਨੂੰ ਜਾਪਿਆ ਜਿਵੇਂ ਮੋਰਲੈਂਡ ਦੀ ਥਾਂ ਈਨਕ ਪਾਵਲ ਖਲੋਤਾ ਹੋਵੇ। ਕਿੰਨੀ ਨਫ਼ਰਤ ਸੀ ਪਾਵਲ ਨਾਲ ਉਸਨੂੰ।

ਇੱਕ ਵਾਰ ਵਿਨੀਤ ਆਪਣੇ ਮੰਮੀ-ਡੈਡੀ ਨਾਲ ਕਾਲੇ ਲੋਕਾਂ ਉੱਤੇ ਹੁੰਦੇ ਜ਼ੁਲਮਾਂ ਸੰਬੰਧੀ ਨੁੰਮਾਇਸ਼ ਦੇਖਣ ਗਿਆ ਸੀ। ਉਹਨਾਂ ਦਿਨ੍ਹਾਂ 'ਚ ਹੀ ਪਾਵਲ ਨੇ ਇੰਗਲੈਂਡ ਨਿਵਾਸੀ ਕਾਲੇ ਲੋਕਾਂ ਵਿਰੁੱਧ ਜਹਿਰ ਉਗਲਿਆ ਸੀ। ਨੁੰਮਾਇਸ਼- ਪ੍ਰਬੰਧਕਾਂ ਨੇ ਦਰਸ਼ਕਾਂ ਵੱਲੋਂ ਪਾਵਲ ਬਾਰੇ ਆਪਣੇ ਵਿਚਾਰ ਲਿਖਣ ਲਈ ਇੱਕ ਰਜਿਸਟਰ ਰੱਖਿਆ ਹੋਇਆ ਸੀ। ਵਿਨੀਤ ਦੇ ਮਨ ਵਿੱਚ ਜਿਵੇਂ ਕੋਈ ਜਵਾਲਾਮੁਖੀ ਪਾਟ ਪਿਆ ਸੀ ਸੀ ਤੇ ਉਸ ਨੇ ਆਪਣੇ ਡੈਡੀ ਤੋਂ ਕਲਮ ਲੈ ਕੇ ਲਿਖਿਆ ਸੀ - 'ਮੈਂ ਪਾਵਲ ਨੂੰ ਕਤਲ ਕਰਨਾ ਚਾਹੁੰਦਾ ਹਾਂ।'

* ਫੈਸਲਾਕੁੰਨ ਤਾਕਤ ਲੋਕ ਹੁੰਦੇ ਹਨ।
* ਸੱਚ ਕਦੇ ਜਜ਼ਬਾਤੀ ਨਹੀਂ ਹੁੰਦਾ।
* ਤੇਰੇ ਖਿਆਲ 'ਚ ਰੋਟੀ ਪ੍ਰਮਾਤਮਾ ਦਿੰਦੈ ? ਮੇਰੇ ਮੁਲਕ 'ਚ ਕਰੋੜਾਂ ਬੰਦੇ ਭੁੱਖੇ ਅਤੇ ਅੱਧੇ ਭੁੱਖੇ ਸੌਂਦੇ ਨੇ। ਉਹਨਾਂ ਨੂੰ ਪਰਮਾਤਮਾ ਕਿਉਂ ਨ੍ਹੀਂ ਦਿੰਦਾ ?
* ਦੂਜੀ ਨਸਲ ਪਹਿਲੀ ਨਾਲੋਂ ਹਮੇਸ਼ਾਂ ਹੀ ਵੱਡੀ ਹੁੰਦੀ ਹੈ।

ਪਰ ਹੁਣ ਉਸ ਦੀ ਸੋਚ ਪੰਜ ਸਾਲ ਦਾ ਸਫ਼ਰ ਤਹਿ ਕਰ ਚੁੱਕੀ ਸੀ-ਪੰਜ ਸਾਲ ਦਾ ਲੰਮਾ ਸਫ਼ਰ। ਇਹ ਸਫ਼ਰ ਬਹਿਸਾਂ ਵਿੱਚ ਲੰਘਿਆ ਸੀ- ਉਹਦੇ ਡੈਡੀ ਦੀ ਲਾਇਬਰੇਰੀ 'ਚੋਂ ਲੰਘਿਆ ਸੀ। ਹੁਣ ਉਸ ਦੀ ਸੋਚ ਨਿੱਜੀ ਬੰਦਿਆਂ ਦੀ ਥਾਂ ਜਮਾਤਾਂ 'ਤੇ ਜਾ ਪਹੁੰਚੀ ਸੀ। ਇਸ ਲਈ ਵਿਨੀਤ ਨੇ ਮਿਸਟਰ ਮੋਰਲੈਂਡ ਬਾਰੇ ਪੰਜ ਸਾਲ ਪਹਿਲਾਂ ਵਾਂਗ ਤੇ ਨਾ ਸੋਚਿਆ। ਹਾਂ, ਉਸਨੇ ਬੜੀ ਦਲੇਰੀ ਤੇ ਗੰਭੀਰਤਾ ਨਾਲ ਆਖਿਆ, 'ਮੈਂ ਤੁਹਾਡੇ ਸ਼ਬਦਾਂ ਨੂੰ ਸਖਤ ਨਾ-ਪਸੰਦ ਕੀਤਾ ਹੈ ਤੇ ਰੋਸ ਵਜੋਂ ਜਮਾਤ 'ਚੋਂ ਬਾਹਰ ਜਾਂਦਾ ਹਾਂ।'

ਜਦੋਂ ਵਿਨੀਤ ਹਾਲ ਵਿੱਚੋਂ ਬਾਹਰ ਆਇਆ ਤਾਂ ਬੱਦਲ ਕੁਝ ਛੱਟ ਚੁੱਕੇ ਸਨ ਤੇ ਧੁੱਪ ਚਮਕ ਪਈ ਸੀ। ਉਹ ਬਿਨਾਂ ਕਿਤੇ ਰੁਕਿਆਂ ਸਿੱਧਾ ਗਰਾਊਂਡ ਵਿੱਚ ਚਲਿਆ ਗਿਆ ਜਿੱਥੇ ਮੜ੍ਹੀਆਂ ਵਰਗੀ ਚੁੱਪ ਸੀ। ਉਸੇ ਚੁੱਪ ਵਿੱਚ ਉਸ ਨੇ ਆਪਣੀ ਚੁੱਪ ਰਲਾ ਦਿੱਤੀ ਸੀ।

ਪਤਾ ਨਹੀਂ ਹੁਣ ਉਹ ਮਿਸਟਰ ਮੋਰਲੈਂਡ ਬਾਰੇ ਕਿਉਂ ਨਹੀਂ ਸੀ ਸੋਚ ਰਿਹਾ ? ਸ਼ਾਇਦ ਉਸ ਨੇ ਕਦਮ ਜੁ ਚੁੱਕ ਲਿਆ ਸੀ - ਮਨ ਦੀ ਸੰਤੁਸ਼ਟੀ ਦਾ ਸਿੱਧਾ ਸੰਬੰਧ ਕਦਮ ਚੁੱਕਣ ਨਾਲ ਹੀ ਹੁੰਦਾ ਹੈ।

ਉਹ ਆਪਣੇ ਡੈਡੀ ਬਾਰੇ ਸੋਚਣ ਲੱਗਾ। ਜ਼ਿੰਦਗੀ ਵਿੱਚ ਉਸ ਨੇ ਸਭ ਤੋਂ ਵੱਧ ਪਿਆਰ ਆਪਣੇ ਡੈਡੀ ਨਾਲ ਕੀਤਾ ਸੀ। ਕਿੰਨੀ ਵਾਰ ਉਸ ਨੇ ਆਪਣੇ ਡੈਡੀ ਨਾਲ ਸ਼ਤਰੰਜ ਖੇਡੀ ਸੀ। ਉਸ ਦੇ ਡੈਡੀ ਘੋੜਿਆਂ ਦੀ ਚਾਲ ਦੇ ਮਾਹਰ ਸਨ। ਉਨ੍ਹਾਂ ਦੇ ਘੋੜੇ ਵਿਨੀਤ ਦੀਆਂ ਸਫਾਂ ਵਿੱਚ ਤੂਫ਼ਾਨ ਲਿਆ ਦਿੰਦੇ ਅਤੇ ਉਹ ਹਾਰ ਜਾਂਦਾ। ਉਹਦੇ ਡੈਡੀ ਕਹਿੰਦੇ, 'ਵਿਨੈ! ਲੜਾਈ ਵਿੱਚ ਹਮਲਾ ਬਹੁਤ ਜਰੂਰੀ ਹੁੰਦਾ ਹੈ।" ਤੇ ਫਿਰ ਇੱਕ ਦਿਨ ਵਿਨੀਤ ਨੇ ਫ਼ੀਲੇ ਇੰਝ ਅੱਗੇ ਲਿਆ ਧਰੇ ਕਿ ਉਸ ਦੇ ਡੈਡੀ ਦੇ ਘੋੜੇ ਹਿਣਕ ਕੇ ਰਹਿ ਗਏ। ਉਨ੍ਹਾਂ ਨੇ ਥਾਪੀ ਦਿੰਦਿਆਂ ਆਖਿਆ ਸੀ - 'ਵਿਨੈ! ਹੁਣ ਤੂੰ ਮੈਥੋਂ ਵਧੀਆ ਖੇਡਦਾ ਏ - ਦੂਜੀ ਨਸਲ ਪਹਿਲੀ ਨਾਲੋਂ ਹਮੇਸ਼ਾ ਹੀ ਵੱਡੀ ਹੁੰਦੀ ਹੈ।'

ਉਸ ਦੇ ਡੈਡੀ ਨੇ ਉਸ ਨੂੰ ਕਵਿਤਾ ਲਿਖਣ ਲਈ ਉਤਸ਼ਾਹਤ ਕੀਤਾ ਸੀ। ਉਹ ਅਕਸਰ ਕਵਿਤਾ ਲਿਖ ਕੇ ਵਿਖਾਂਦਾ ਅਤੇ ਸੁਝਾਅ ਲੈਂਦਾ ਰਿਹਾ ਸੀ। ਤੇ ਫਿਰ ਇੱਕ ਦਿਨ ਉਹਨੇ ਆਪਣੇ ਡੈਡੀ 'ਤੇ ਵੀ ਕਵਿਤਾ ਲਿਖੀ ਸੀ- "ਮਹਿਬੂਬ ਮਨੁੱਖ! ਜਦੋਂ ਕਦੀ ਮੈਂ ਤੇਰੇ ਬਾਰੇ ਸੋਚਦਾਂ, ਤੂੰ ਮੈਨੂੰ ਨੀਲ-ਗਗਨ ਵਰਗਾ ਵਿਸ਼ਾਲ ਤੇ ਨਿਰਮਲ ਅਤੇ ਪਹਾੜੀਆਂ ਦੀ ਹਿੱਕ 'ਤੇ ਚਿੱਟੀ ਬਰਫ਼ ਵਰਗਾ ਤਾਜ਼ਾ ਲੱਗਦਾ ਏਂ...ਪਰ ਕਦੀ ਕਦੀ ਇੰਝ ਵੀ ਜਿਵੇਂ ਤੂੰ ਵਲੂੰਧਰੇ ਹੋਏ ਫੁੱਲ ਦੀ ਦਾਸਤਾਨ ਹੋਵੇਂ...ਜਦੋਂ ਕਦੀ ਮੈਂ ਤੇਰੇ ਕੋਲ ਬਹਿਨਾਂ ਤੂੰ ਮੈਨੂੰ ਮੇਰੀ ਮੰਮੀ ਦੇ ਦੁੱਧ ਵਰਗਾ ਨਿੱਘਾ ਲੱਗਦਾ ਏ...!"

ਉਸ ਦੇ ਡੈਡੀ ਨੇ ਉਸ ਦਾ ਮੱਥਾ ਚੁੰਮ ਆਖਿਆ ਸੀ, "ਵਿਨੈ! ਹੁਣ ਤੂੰ ਕਵੀ ਬਣ ਗਿਆ ਏ। ਤੇਰੇ ਜਜ਼ਬਿਆਂ ਦੀ ਮੈਂ ਕਦਰ ਕਰਦਾ ਹਾਂ। ਪਰ ਪੁੱਤਰ ਫੈਸਲਾਕੁੰਨ ਤਾਕਤ ਲੋਕ ਹੁੰਦੇ ਹਨ ਤੇ ਆਪਾਂ ਲੋਕਾਂ ਦੇ ਪੈਰਾਂ ਦੀ ਧੂੜ ਹਾਂ।"

ਵਿਨੀਤ ਨੇ ਘੜੀ ਦੀ ਘੜੀ ਆਪਣੇ ਮੱਥੇ 'ਤੇ ਆਪਣੇ ਡੈਡੀ ਦੇ ਬੁੱਲਾਂ ਦਾ ਨਿੱਘ ਮਹਿਸੂਸ ਕੀਤਾ। ਉਸਨੂੰ ਆਪਣੇ ਸਵੇਰ ਵਾਲੇ ਅਮਲ 'ਤੇ ਬੜੀ ਸ਼ਰਮ ਆਈ, ਤੇ ਉਸ ਨੇ ਫੈਸਲਾ ਕੀਤਾ ਕਿ ਉਹ ਸ਼ਾਮ ਨੂੰ ਉਨ੍ਹਾਂ ਤੋਂ ਖਿਮਾ ਮੰਗੇਗਾ। ਅੱਗੇ ਨਾਲੋਂ ਬਹੁਤਾ ਚਿਰ ਉਨ੍ਹਾਂ ਦੇ ਗਲ ਦੁਆਲੇ ਬਾਂਹ ਪਾ ਕੇ ਬੈਠੇਗਾ।

ਫਿਰ ਉਸ ਦੀ ਮੰਮੀ ਦਾ ਚਿਹਰਾ ਸਾਕਾਰ ਹੋਇਆ - ਜਿਵੇਂ ਉਸ ਦੀ ਮੰਮੀ ਬਿਨ੍ਹਾਂ ਉਹਦੇ ਡੈਡੀ ਦੀ ਸਖਸ਼ੀਅਤ ਅਧੂਰੀ ਹੁੰਦੀ ਹੈ।

ਕਈ ਵਾਰ-ਬਹੁਤ ਵਾਰ ਉਸ ਨੂੰ ਆਪਣੀ ਮੰਮੀ 'ਤੇ ਤਰਸ ਵੀ ਆਉਂਦਾ ਸੀ। ਕਿੰਨੇ ਸਾਲਾਂ ਤੋ ਉਹਦੇ ਡੈਡੀ ਬਿਮਾਰ ਸਨ। ਕਿੰਨੇ ਸਾਲਾਂ ਤੋਂ ਮੰਮੀ ਇਕੱਲੀ ਪਰਦੇਸਾਂ ਵਿੱਚ ਸਾਰੇ ਪਰਿਵਾਰ ਦਾ ਪੇਟ ਪਾਲਦੀ ਰਹੀ ਸੀ- ਫੈਕਟਰੀ ਵਿੱਚ ਲੱਕ-ਤੋੜਵੀਂ ਮੁਸ਼ੱਕਤ ਕਰਦੀ ਰਹੀ ਸੀ।

ਉਸ ਨੂੰ ਆਪਣੀ ਮੰਮੀ ਨਾਲ ਡਾਢਾ ਪਿਆਰ ਆਇਆ। ਪਤਾ ਨਹੀਂ ਉਹ ਕਿੰਨਾ ਚਿਰ ਉਹਦੇ ਬਾਰੇ ਸੋਚਦਾ ਰਹਿੰਦਾ, ਜੇ ਅਚਾਨਕ ਕਿਸੇ ਦੀ ਆਵਾਜ਼ ਉਹਦੇ ਕੰਨੀਂ ਨਾ ਪੈਂਦੀ।

'ਤੂੰ ਬੜਾ ਜਜ਼ਬਾਤੀ ਏਂ।' ਜਿੱਲ ਨੇ ਕੋਲ ਬਹਿੰਦਿਆਂ ਆਖਿਆ।

ਵਿਨੀਤ ਸਮਝ ਗਿਆ ਸੀ ਜਿੱਲ ਕੀ ਕਹਿਣਾ ਚਾਹੁੰਦੀ ਸੀ। ਉਹਦੀਆਂ ਜਿੱਲ ਨਾਲ ਅਜਿਹੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਸਨ। ਪਰ ਬਹੁਤੀ ਗੱਲ ਤਾਂ ਇੱਕ ਵਿਸ਼ੇਸ਼ ਸਮੇਂ ਦੀ ਹੁੰਦੀ ਹੈ। ਇਸ ਸਮੇਂ ਜਿੱਲ ਵੱਲੋਂ ਮੋਰਲੈਂਡ ਦੇ ਪ੍ਰਸੰਗ ਵਿੱਚ ਜਜ਼ਬਾਤੀ ਆਖਿਆ ਜਾਣਾ, ਵਿਨੀਤ ਦੇ ਨਾਗ ਦੇ ਡੰਗ ਵਾਂਗ ਲੱਗਿਆ। ਉਸ ਦਾ ਮਨ ਕੀਤਾ ਕਿ ਉਹ ਵੱਟ ਕੇ ਇੱਕ ਚਪੇੜ ਜਿੱਲ ਦੇ ਮਾਰ ਕੇ ਆਖੇ, 'ਜਾਹ, ਜਾ ਕੇ ਸੋਚ

ਚਪੇੜ ਕਿਉਂ ਵੱਜੀ ਹੈ।' ਪਰ ਉਹ ਜਿੱਲ ਨੂੰ ਪਸੰਦ ਕਰਦਾ ਸੀ ਤੇ ਉਸ ਨਾਲ ਸਦਾ ਦਲੀਲਬਾਜ਼ੀ ਕਰਦਾ ਸੀ। ਇਸੇ ਰੌਂਅ 'ਚ ਬੋਲਿਆ, 'ਤੂੰ ਇਹ ਕਿਹੜੀ ਨਵੀਂ ਗੱਲ ਕੀਤੀ ਐ? ਜਦੋਂ ਵੀ ਅਸੀਂ ਲੋਕ ਸੱਚ ਬੋਲਦੇ ਹਾਂ, ਤੁਸੀਂ ਸਾਨੂੰ ਜਜ਼ਬਾਤੀ ਕਹਿੰਦੇ ਹੋ-ਤੇ ਸੱਚ ਕਦੀ ਜਜ਼ਬਾਤੀ ਨਹੀਂ ਹੁੰਦਾ।'

'ਫਿਲਾਸਫ਼ੀਆਂ ਨਾ ਮਾਰ। ਮੈਨੂੰ ਕੱਖ ਸਮਝ ਨਹੀਂ ਆ ਰਹੀ ਤੂੰ ਕੀ ਕਹਿਣਾ ਚਾਹੁੰਨਾ ਏ।' ਜਿੱਲ ਨੇ ਕਾਹਲਿਆਂ ਪੈਂਦਿਆਂ ਗੱਲ ਟੋਕੀ।

'ਤੈਨੂੰ ਸਮਝ ਵੀ ਕਿਵੇਂ ਆ ਸਕਦੀ ਏ?' ਵਿਨੀਤ ਕੁੱਝ ਖਿਝ ਗਿਆ ਸੀ।

'ਕੀ ਤੇਰਾ ਜਮਾਤ 'ਚੋਂ ਨਿਕਲਣਾ ਜਜ਼ਬਾਤੀ ਕਦਮ ਨਹੀਂ ਸੀ?' ਜਿੱਲ ਮੁੜ ਆਪਣੀ ਗੱਲ ਵੱਲ ਆਈ।

'ਨਹੀਂ, ਬਿਲਕੁਲ ਨਹੀਂ! ਸਗੋਂ ਸ਼ੁਕਰ ਕਰ ਮੈਂ ਉਹਨੂੰ ਸੰਘੀਓਂ ਨਹੀਂ ਫੜਿਆ। ਉਹਨੇ **'ਤੁਸੀਂ ਲੋਕ'** ਕਹਿ ਕੇ ਮੇਰੇ ਸਾਰੇ ਲੋਕਾਂ ਦੀ ਬੇਇੱਜ਼ਤੀ ਕੀਤੀ ਐ।'

ਫਿਰ ਵਿਨੀਤ ਨੇ ਜਿੱਲ ਦੀਆਂ ਅੱਖਾਂ ਵਿੱਚ ਆਪਣੀਆਂ ਚੌੜੀਆਂ ਚੌੜੀਆਂ ਅੱਖਾਂ ਪਾ ਕੇ ਉਂਗਲੀ ਖੜੀ ਕੀਤੀ ਤੇ ਜ਼ੋਰ ਦੇ ਕੇ ਆਖਿਆ, 'ਤੇ ਤੇਰੀ ਕੌਮ ਦੇ ਮਾਲਕ ਸਦਾ ਮੇਰੇ ਲੋਕਾਂ ਦੀ ਬੇਇੱਜ਼ਤੀ ਕਰਦੇ ਆਏ ਨੇ।'

'ਬਿਲਕੁਲ ਗਲਤ!' ਜਿੱਲ ਡਟ ਕੇ ਬੋਲੀ।

ਵਿਨੀਤ ਖਿੱਝ ਗਿਆ - ਬਹੁਤ ਖਿੱਝ ਗਿਆ ਤੇ ਜਿੱਲ 'ਤੇ ਵਰ੍ਹ ਪਿਆ- 'ਤੂੰ ਪਹਿਲਾਂ ਕਿਤਾਬਾਂ ਪੜ੍ਹ, ਫੇਰ ਮੇਰੇ ਨਾਲ ਗੱਲ ਕਰੀਂ- ਕੌਮਿਕਸ ਪੜ੍ਹ ਮੇਰੇ ਨਾਲ ਬਹਿਸ ਕਰਨ ਆ ਬਹਿਨੀ ਏਂ...।'

'ਮੈਂ ਕਹਿਨੀ ਆਂ ਤੂੰ ਗਲਤ ਏਂ—ਬਿਲਕੁਲ ਗਲਤ!' ਜਿੱਲ ਨੇ ਗੱਲ ਟੁੱਕੀ।

ਵਿਨੀਤ ਘਾਹ 'ਤੇ ਲੰਮਾ ਪਿਆ ਉੱਠ ਬੈਠਿਆ। ਉਸ ਦੇ ਜ਼ਿਹਨ ਵਿੱਚ ਸ਼ਾਂਤ ਮਹਾਂਸਾਗਰ ਵਾਂਗ ਪਿਆ ਗਿਆਨ ਮੱਚ ਉੱਠਿਆ ਤੇ ਉਹ ਜਿੱਲ ਉੱਤੇ ਵਰ੍ਹ ਪਿਆ-

'ਕੀ ਮੈਂ ਗਲਤ ਆਂ ਕਿ ਤੇਰੀ ਕੌਮ ਦੇ ਹਾਕਮਾਂ ਸਾਡਾ ਖੂਨ ਸਮੁੰਦਰੀ ਜਹਾਜਾਂ ਥੀਂ ਢੋਹ ਖੜਿਆ? ਸਾਡੇ ਨੀਗਰੋ ਭਰਾਵਾਂ ਨੂੰ ਸੰਗਲਾਂ ਨਾਲ ਨੂੜ ਗੰਨਾ ਪੀੜਣ ਲਈ ਖੜਿਆ? ਮੇਰੇ ਡੈਡੀ ਦੇ ਇੱਕ ਮਿੱਤਰ ਨੇ - ਅੰਗਰੇਜ਼ ਮਿੱਤਰ - ਮਿਸਟਰ ਚੈਪਮੈਨ। ਉਨ੍ਹਾਂ ਇੱਕ ਨੀਗਰੋ ਕੁੜੀ ਨਾਲ ਵਿਆਹ ਕਰਾਇਆ ਹੋਇਆ। ਕੱਲ੍ਹ ਉਹ ਸਾਡੇ ਚਾਹ ਪੀਣ ਆਏ। ਮੈਂ ਆਖਿਆ, 'ਆਂਟੀ! ਆਪਣੀ ਬੋਲੀ ਤਾਂ ਬੋਲ ਕੇ ਸੁਣਾਓ।' ਉਹ ਡਾਢੀ ਉਦਾਸ ਹੋ ਗਈ ਤੇ ਕਹਿਣ ਲੱਗੀ, 'ਵਿਨੈ! ਸਾਡੀ ਕੋਈ ਬੋਲੀ ਨਹੀਂ। ਮੈਨੂੰ ਸਾਰੀ ਰਾਤ ਨੀਂਦ ਨਾ ਆਈ।'

ਵਿਨੀਤ ਦੀ ਗੱਲ ਸੁਣ ਕੇ ਜਿੱਲ ਦੇ ਚਿਹਰੇ ਦੇ ਨਕਸ਼ ਕੁੱਝ ਉਦਾਸ ਉਦਾਸ ਹੋ ਗਏ ਅਤੇ ਉਹ ਉਸੇ ਰੌਂਅ 'ਚ ਬੋਲੀ, 'ਮੈਨੂੰ ਕਲਰਡ (ਰੰਗਦਾਰ) ਲੋਕਾਂ 'ਤੇ ਬੜਾ ਤਰਸ ਆਉਂਦੈ।'

ਵਿਨੀਤ ਨੂੰ ਜਿਵੇਂ ਅੱਗ ਲੱਗ ਗਈ, 'ਅਸੀਂ ਬਿਲਕੁਲ ਤੁਹਾਡੇ ਤਰਸ ਦੇ ਪਾਤਰ ਨਹੀਂ - ਇਹ ਤਾਂ ਲਹੂ ਦਾ ਕਰਜ਼ਾ ਏ ਜਿਹੜਾ ਪੈਨੀ ਪੈਨੀ ਚੁਕਾਇਆ ਜਾਵੇਗਾ।'

'ਬਹੁਤ ਜਜ਼ਬਾਤੀ ਏ।'

ਜਿੱਲ ਦੇ ਇਹ ਆਪ ਮੁਹਾਰੇ ਆਖੇ ਸ਼ਬਦ ਵਿਨੀਤ ਲਈ ਸੰਜੀਦਾ ਬਣ ਗਏ ਤੇ ਉਹ ਬੜੇ ਗੁੱਸੇ 'ਚ ਬੋਲਿਆ, 'ਏਥੋਂ ਦਫ਼ਾ ਹੋ ਜਾ।' ਤੇ ਆਪ ਪਾਸਾ ਪਰਤ ਘਾਹ 'ਤੇ ਲੰਮਾ ਪੈ ਗਿਆ।

'ਡੋਂਟ ਬੀ ਸਿੱਲੀ (ਪਾਗਲ ਨਾ ਹੋਵੇ ਤਾਂ)!'' ਕਹਿ ਜਿੱਲ ਖਲੋ ਗਈ ਤੇ ਉਹਦੀ ਬਾਂਹ ਫੜ ਖਿੱਚਦਿਆਂ ਬੋਲੀ, 'ਚੱਲ ਹੁਣ ਖਾਣਾ ਖਾਈਏ-ਡਿਨਰ ਟਾਈਮ (ਖਾਣੇ ਦਾ ਵੇਲਾ) ਹੋ ਗਿਐ।'

ਦੋਵੇਂ ਉੱਠ ਕੇ ਡਾਈਨਿੰਗ ਹਾਲ ਵੱਲ ਤੁਰ ਪਏ।

ਅਸਮਾਨ 'ਤੇ ਕੁੱਝ ਪਤਲੇ ਪਤਲੇ ਬੱਦਲ ਹੋ ਗਏ ਸਨ। ਹਵਾ ਹੋਰ ਮੱਠੀ ਵਗਣ ਲੱਗ ਪਈ ਸੀ। ਧੁੱਪ ਪਤਲੇ ਬੱਦਲਾਂ 'ਚੋਂ ਪੁਣ-ਪੁਣ ਧਰਤੀ 'ਤੇ ਉੱਤਰ ਰਹੀ ਸੀ। ਮੌਸਮ ਭਾਵੇਂ ਕੁੱਝ ਨਿੱਘਾ ਹੋ ਗਿਆ ਸੀ, ਪਰ ਧਰਤੀ 'ਤੇ ਡੁੱਲ ਰਹੀ ਧੁੱਪ ਕੁੱਝ ਉਦਾਸ ਲੱਗ ਰਹੀ ਸੀ, ਜਿਵੇਂ ਕੋਈ ਹੁਣੇ ਹੀ ਰੋ ਕੇ ਹਟਿਆ ਹੋਵੇ।

ਡਾਈਨਿੰਗ ਹਾਲ ਵਿੱਚ ਬੜੀ ਭੀੜ ਸੀ, ਪਰ ਲੜਕੇ ਲੜਕੀਆਂ ਬੜੇ ਸਲੀਕੇ ਨਾਲ ਟ੍ਰੇਆਂ ਫੜੀ ਕਤਾਰਾਂ 'ਚ ਖਲੋਤੇ ਸਨ। ਵਿਨੀਤ ਤੇ ਜਿੱਲ ਵੀ ਆਪਣਾ ਆਪਣਾ ਖਾਣਾ ਲੈ ਮੇਜ਼ 'ਤੇ ਆ ਬੈਠੇ।

* ਆਪਣੇ ਮੁਲਕ 'ਚ ਜਦੋਂ ਵਿਆਹ ਹੁੰਦੈ ਤਾਂ ਵਿਦਾਇਗੀ ਸਮੇਂ ਮੁੰਡੇ ਵਾਲੇ ਪੈਸੇ ਸੁੱਟਦੇ ਨੇ ਤੇ ਗਰੀਬ ਲੋਕ ਧਰਤੀ ਤੋਂ ਚੁਗਦੇ ਨੇ। ਉਹ ਬਹੁਤ ਹੀ ਤਰਸਯੋਗ ਲੱਗਦੇ ਨੇ। ਪੈਸੇ ਸੁੱਟਣ ਵਾਲਾ ਮਿੱਟੀ ਫਰੋਲ ਰਹੀ ਗੁਰਬਤ ਵੱਲ ਤੱਕ ਇੱਕ ਸੁਆਦ ਲੈਂਦਾ ਏ...

* ਕਿਵੇਂ ਹਾਕਮ ਜਮਾਤਾਂ ਲੋਕਾਂ ਅੰਦਰੋਂ ਅੱਗ ਬੁਝਾਉਣ ਲਈ ਉਹਨਾਂ ਅੱਗੇ ਬਹੁਤੇ ਜਾਂ ਥੋੜੇ 'ਟੁਕੜੇ' ਸੁੱਟਦੀਆਂ ਹਨ...ਤਾਂ ਕਿ ਲੋਕ 'ਅੰਨ੍ਹੇ' ਹੋ ਜਾਣ। ਮੈਂ ਇਸ ਫਰੇਬ ਦੇ ਪਰਦੇ ਪਾੜ੍ਹ ਦਿਆਂਗਾ...

ਇੰਨੇ ਨੂੰ ਮਿਸਟਰ ਮੋਰਲੈਂਡ ਵੀ ਆ ਧਮਕਿਆ। ਅੱਜ ਉਸ ਦੀ ਡਿਨਰ ਡਿਊਟੀ ਸੀ। ਉਹ ਆਉਂਦਿਆਂ ਹੀ ਗਰਜਿਆ, "ਖ਼ਬਰਦਾਰ! ਜੇ ਕਿਸੇ ਨੇ ਰੌਲਾ ਪਾਇਆ ਤਾਂ! ਬਾਹਰ ਕੱਢ ਦਿਆਂਗਾ।"

'ਸਿੱਲੀ ਬਗਰ (ਮੂਰਖ ਸ਼ੈਤਾਨ)!' ਵਿਨੀਤ ਨੇ ਜਿੱਲ ਦੇ ਮੋਢਾ ਮਾਰ ਕੇ ਕਿਹਾ।

ਫਿਰ ਸਾਰੇ ਖਲੋ ਕੇ ਪ੍ਰਾਰਥਨਾ ਕਰਨ ਲੱਗੇ। 'ਅੰਨਦਾਤਾ' ਦਾ ਮਹਿਮਾਗਾਣ ਖਤਮ ਹੋਇਆ ਤੇ ਸਾਰੇ ਜਣੇ ਆਪਣੇ ਆਪਣੇ ਖਾਣੇ 'ਤੇ ਇੰਝ ਟੁੱਟ ਪਏ ਜਿਵੇਂ ਉਹ ਜਨਮਾਂਤਰਾਂ ਦੇ ਭੁੱਖੇ ਹੋਣ।

ਵਿਨੀਤ ਨੇ ਕਾਂਟੇ ਛੁਰੀ ਨਾਲ ਫਿਸ਼ ਕਟਦਿਆਂ, ਜਿੱਲ ਵੱਲ ਤੱਕਿਆ, ਪੁੱਛਿਆ, 'ਤੇਰੇ ਖਿਆਲ 'ਚ ਰੋਟੀ ਪ੍ਰਮਾਤਮਾ ਦਿੰਦੈ?'

'ਔਫ ਕੋਰਸ (ਬਿਲਕੁਲ)!' ਜਿੱਲ ਨੇ ਵੀ ਬਿਨ੍ਹਾਂ ਉਸ ਵੱਲ ਤੱਕਿਆ ਜਿਵੇਂ ਘੜਿਆ-ਘੜਾਇਆ ਜਵਾਬ ਵਗਾਹ ਮਾਰਿਆ।

'ਮੇਰੇ ਮੁਲਕ 'ਚ ਕਰੋੜਾਂ ਬੰਦੇ ਭੁੱਖੇ ਤੇ ਅੱਧ ਭੁੱਖੇ ਸੌਂਦੇ ਨੇ। ਉਹਨਾਂ ਨੂੰ ਪ੍ਰਮਾਤਮਾ ਕਿਉਂ ਨਹੀਂ ਦਿੰਦਾ?'

'ਆਈ ਡੋਂਟ ਨੋ (ਮੈਨੂੰ ਪਤਾ ਨਹੀਂ)' ਜਿੱਲ ਨੇ ਆਪਣੀ ਕੌਮ ਦਾ ਚਹੇਤਾ ਵਾਕ ਦੁਹਰਾਇਆ।

'ਤੂੰ ਖਾਣਾ ਹੀ ਜਾਣਦੀ ਏ।'

ਵਿਨੀਤ ਨੇ ਅੰਤਲਾ ਵਾਕ ਕੁੱਝ ਉੱਚੀ ਬੋਲਿਆ, ਜਿਹੜਾ ਚੱਕਰ ਕੱਢ ਰਹੇ ਮਿਸਟਰ ਮੋਰਲੈਂਡ ਦੇ ਕੰਨੀ ਪੈ ਗਿਆ। ਉਹ ਅੱਗ ਭਬੂਕਾ ਹੋਇਆ ਉਹਨਾਂ ਦੇ ਮੇਜ਼ 'ਤੇ ਆ ਝੁਕਿਆ ਤੇ ਵਿਨੀਤ ਨੂੰ ਸੰਬੋਧਨ ਹੋਇਆ, 'ਮੇਰਾ ਖਿਆਲ ਏ ਤੂੰ ਬਹੁਤ ਅਸੱਭਿਆ ਮੁੰਡਾ ਏ।'

ਵਿਨੀਤ ਕੁੱਝ ਘਬਰਾਇਆ, ਪਰ ਦੂਜੇ ਹੀ ਪਲ ਉਸ ਦੇ ਦਿਮਾਗ ਵਿੱਚ ਸਵੇਰ ਵਾਲੀ ਘਟਨਾ ਮੁੜ ਤਾਜ਼ੀ ਹੋ ਗਈ, ਤੇ ਮਿਸਟਰ ਮੋਰਲੈਂਡ ਦੀ ਹੁਣੇ ਆਖੀ ਗੱਲ ਨਾਲ ਉਹਦੀ ਸ਼ਿੱਦਤ ਇੰਨੀ ਵਧ ਗਈ ਕਿ ਉਹ ਹੁਣ ਅਸਹਿ ਹੋ ਗਈ। ਜਦੋਂ ਵੀ ਕੋਈ ਚੀਜ਼ ਅਸਹਿ ਹੋ ਜਾਂਦੀ ਹੈ ਉਦੋਂ ਅਮਲ ਹੁੰਦਾ ਹੈ। ਵਿਨੀਤ ਸੰਭਲਿਆ, ਉਸ ਵਿੱਚ ਅੰਤਾਂ ਦੀ ਦ੍ਰਿੜਤਾ ਆ ਗਈ, ਜ਼ਿਹਨ ਵਿੱਚ ਠਰ੍ਹੰਮਾ ਸਿੰਜਰ ਗਿਆ, ਸੁੱਕੇ ਬੁੱਲਾਂ ਉੱਤੇ ਤਾਜ਼ਗੀ ਆਈ ਤੇ ਉਹ ਤਨਜ਼ੀਆ ਅੰਦਾਜ਼ 'ਚ ਬੋਲਿਆ, 'ਸਰ! ਇਹ ਕਿਵੇਂ ਹੋ ਸਕਦੈ?'

ਇਹ ਕਹਿ ਕੇ ਵਿਨੀਤ ਨੇ ਜਿੱਲ ਵੱਲ ਤੱਕਿਆ। ਜਿੱਲ ਨੇ ਘੂਰੀ ਵੱਟੀ ਤਾਂ ਕਿ ਉਹ ਕੁਝ ਹੋਰ ਨਾ ਬੋਲੇ। ਪਰ ਉਹਦੇ ਕੁਝ ਬੋਲਣ ਤੋਂ ਪਹਿਲਾਂ ਹੀ ਮਿਸਟਰ ਮੋਰਲੈਂਡ ਬੋਲ ਪਿਆ, "ਤੂੰ ਸਿਰਫ ਅਸੱਭਿਆ ਹੀ ਨਹੀਂ, ਗ਼ੁਸਤਾਖ ਵੀ ਏ!"

ਵਿਨੀਤ ਇਸ ਸਮੇਂ ਗੁੱਸੇ ਘੱਟ ਸੀ ਪਰ ਉਹਦੇ ਅੰਦਰ ਨਫ਼ਰਤ ਅੰਤਾਂ ਦੀ ਸੀ। ਨਫ਼ਰਤ ਵਿੱਚ ਇੱਕ ਮੁਕਾਮ ਉਹ ਵੀ ਆਉਂਦਾ ਹੈ ਜਦੋਂ ਇਹ ਸਾਹਾਂ ਵਿੱਚ ਰਚ ਜਾਂਦੀ ਹੈ। ਉਹਨੇ ਆਪਣੇ ਚਿਹਰੇ 'ਤੇ ਵਿਅੰਗਮਈ ਮੁਸਕਾਨ ਖਿੰਡਾਦਿਆਂ ਆਖਿਆ, 'ਜੇ ਸ੍ਰੀਮਾਣ ਗੁਸਤਾਖੀ ਹੈ ਤਾਂ ਮੈਂ ਗੁਸਤਾਖ ਬਣਨਾ ਹੀ ਪਸੰਦ ਕਰਾਂਗਾ।'

ਮਿਸਟਰ ਮੋਰਲੈਂਡ ਕਦੀ ਸੋਚ ਵੀ ਨਹੀਂ ਸੀ ਸਕਦਾ ਕਿ ਇੱਕ ਮੁੰਡਾ-ਖਾਸ ਕਰ ਇੱਕ ਰੰਗਦਾਰ ਮੁੰਡਾ ਉਹਦੇ ਸਾਹਵੇਂ ਇੰਨੀ ਜੁਰਅਤ ਨਾਲ ਬੋਲ ਸਕਦਾ ਸੀ। ਉਹ ਸੜ ਕੇ ਸੁਆਹ ਹੋ ਗਿਆ। ਪਰ ਉਸ ਨੇ ਆਪਣੀ ਕੌਮ ਦੇ ਦਰਮਿਆਨੇ ਤਬਕੇ ਵਾਲਾ ਜ਼ਬਤ ਹੱਥੋਂ ਨਾ ਸਰਕਣ ਦਿੱਤਾ। ਉਹਨੇ ਨਸ਼ਤਰ ਮਾਰਿਆ – 'ਫਰੀ ਡਿਨਰ (ਮੁਫ਼ਤ ਖਾਣਾ) ਖਾਣ ਵਾਲਾ ਸ੍ਰੀਮਾਣ ਦਾ ਕਿੰਨਾ ਕੁ ਮਾਣ ਕਰ ਸਕਦਾ ਹੈ?'

ਵਿਨੀਤ ਦੇ ਮਨ ਦੀਆਂ ਲਹਿਰਾਂ ਵਿੱਚ ਤੂਫਾਨ ਫਿਰ ਮਚਲ ਪਿਆ ਤੇ ਚਿਹਰੇ ਦੇ ਨਕਸ਼ ਤਣ ਗਏ – ਬੁੱਲ੍ਹ ਕੰਬਣ ਲੱਗ ਪਏ। ਉਹਨੇ ਅੱਗ ਵਾਂਗ ਮੋਰਲੈਂਡ ਦੀਆਂ ਅੱਖਾਂ 'ਚ ਤੱਕਿਆ, ਫਿਰ ਸਹਿਮੀ ਹੋਈ ਜਿੱਲ ਵੱਲ, ਤੇ ਪਲੇਟ 'ਚ ਭਾਫਾਂ ਛੱਡ ਰਹੇ ਡਿਨਰ ਵੱਲ। ਫਿਰ ਉਹ ਲਾਟ ਵਾਂਗ ਉੱਠਿਆ, ਕੰਬਿਆ ਤੇ ਵਰ੍ਹਿਆ, "ਮੈਂ ਤੁਹਾਡੇ ਫ੍ਰੀ ਡਿਨਰ 'ਤੇ ਥੁੱਕਦਾ ਵੀ ਨਹੀਂ।"

ਤੇ ਉਹ ਹਾਲ ਵਿੱਚੋਂ ਬਾਹਰ ਹੋ ਗਿਆ।

ਹੁਣ ਅਸਮਾਨ ਸਾਰੇ ਦਾ ਸਾਰਾ ਬੱਦਲਾਂ ਨਾਲ ਕੱਜਿਆ ਗਿਆ ਸੀ। ਹਵਾ ਬਹੁਤੀ ਤੇਜ਼ ਨਹੀਂ ਸੀ ਵਗ ਰਹੀ, ਪਰ ਨਿੱਸਰੇ ਦਰੱਖਤਾਂ ਦੇ ਕੂਲੇ ਪੱਤੇ ਨਵ-ਜੰਮੇ ਬੱਚਿਆਂ ਦੇ ਕੂਲੇ ਵਾਲਾਂ ਵਾਂਗ ਹਿੱਲ ਰਹੇ ਸਨ। ਸਾਹਮਣੀ ਸੜਕ 'ਤੇ ਆ ਰਹੀ ਇੱਕਲੀ ਬੱਸ, ਟੇਮਜ਼ 'ਚ ਤਰਦੀ ਬੇੜੀ ਵਾਂਗ ਲੱਗ ਰਹੀ ਸੀ।

ਵਿਨੀਤ ਸੜਕ ਵੱਲ ਨੂੰ ਤੁਰ ਪਿਆ। ਉਸ ਨੂੰ ਆਪਣੇ ਅਮਲ ਉੱਤੇ ਤਸੱਲੀ ਸੀ। ਪਰ ਮੋਰਲੈਂਡ ਦਾ ਆਖਿਆ ਵਾਕ ਵਾਰ-ਵਾਰ ਉਸ ਦੇ ਦਿਮਾਗ 'ਤੇ ਵੱਜ ਰਿਹਾ ਸੀ – 'ਫ੍ਰੀ ਡਿਨਰ ਖਾਣ ਵਾਲਾ ਸ੍ਰੀਮਾਣ ਦਾ ਦਾਅਵਾ ਕਿਵੇਂ ਕਰ ਸਕਦਾ ਹੈ?' ਉਹ ਇਸੇ ਵਾਕ ਨੂੰ ਰਿੜਕ ਰਿਹਾ ਸੀ। ਆਪਣੀ ਉਮਰ ਦੇ ਬੱਚਿਆਂ ਨਾਲੋਂ ਉਸ ਦਾ ਮੁਤਾਅਲਾ ਬਹੁਤ ਵੱਧ ਹੋਣ ਕਰਕੇ ਇਹ ਸੋਚ ਇੰਨੀ ਡੂੰਘੀ ਚਲੀ ਜਾਂਦੀ ਸੀ ਕਿ ਉਹ ਸੋਚਣ ਲੱਗਦਾ – 'ਜੇ ਮੇਰੇ ਡੈਡੀ ਬਿਮਾਰ ਨਾ ਹੁੰਦੇ ਤਾਂ ਮੈਨੂੰ ਫ੍ਰੀ ਡਿਨਰ ਦੀ ਰਿਆਇਤ ਕਦੇ ਨਾ ਮਿਲਦੀ। ਕੀ ਇਹ ਫ੍ਰੀ ਡਿਨਰ ਸਾਡੇ 'ਤੇ ਕੀਤੇ ਜਾ ਰਹੇ ਤਰਸ ਦਾ ਪ੍ਰਤੀਕ ਹੈ?

ਸੋਚਦਿਆਂ ਸੋਚਦਿਆਂ ਉਹਦਾ ਮੂੰਹ ਕੌੜਾ ਹੋ ਗਿਆ,

ਜਿਵੇਂ ਉਸ ਨੇ ਫ੍ਰੀ ਡਿਨਰ ਵਿੱਚ ਕੌੜਾ ਖੀਰਾ ਖਾ ਲਿਆ ਹੋਵੇ।

ਵਿਨੀਤ ਦੇ ਘਰ ਵਿੱਚ ਕਦੀ ਤਰਸ ਦੀ ਭਾਵਨਾ ਨਹੀਂ ਸੀ ਜਗਾਈ ਜਾਂਦੀ। ਉਸ ਨੂੰ ਯਾਦ ਆਇਆ ਜਦੋਂ ਇੱਕ ਦਿਨ ਉਸ ਨੇ ਬਹਿਸ ਦੇ ਅੰਦਾਜ਼ ਵਿੱਚ ਆਪਣੇ ਡੈਡੀ ਨੂੰ ਆਖਿਆ ਸੀ, 'ਡੈਡ ! ਤੁਸੀਂ ਤਰਸ ਨੂੰ ਏਨਾ ਬੁਰਾ ਕਿਉਂ ਸਮਝਦੇ ਹੋ ? ਤਰਸ ਤਾਂ ਪਵਿੱਤਰ ਮਨੁੱਖੀ ਜਜ਼ਬਾ ਹੈ। ਬਾਈਬਲ (ਅੰਜੀਲ) ਵਿੱਚ ਥਾਂ ਥਾਂ ਤਰਸ ਲਈ ਤਰਲੇ ਕੀਤੇ ਗਏ ਨੇ।'

ਉਸ ਦੇ ਡੈਡੀ ਨੇ ਆਪਣੀ ਸਦੀਵੀਂ ਮੁਸਕਾਨ ਖਿੰਡਾਂਦਿਆਂ ਕਿਹਾ ਸੀ, 'ਵਿਨੈ ! ਜਦੋਂ ਕੋਈ ਸਾਡੇ 'ਤੇ ਤਰਸ ਕਰਦੈ, ਸਾਡੀ ਸਖਸ਼ੀਅਤ ਹੌਲੀ ਹੋ ਜਾਂਦੀ ਐ-ਸਾਡੇ ਮਾਣ ਮੱਤੇ ਜਜ਼ਬੇ ਖੁੰਢੇ ਹੋ ਜਾਂਦੇ ਨੇ। ਤੂੰ ਇੰਗਲੈਂਡ 'ਚ ਪਲਿਆ ਏ ਨਾ। ਤੈਨੂੰ ਸ਼ਾਇਦ ਪਤਾ ਨਹੀਂ, ਆਪਣੇ ਮੁਲਕ 'ਚ ਜਦੋਂ ਵਿਆਹ ਹੁੰਦੇ ਤਾਂ ਵਿਦਾਇਗੀ ਸਮੇਂ ਮੁੰਡੇ ਵਾਲੇ ਪੈਸੇ ਸੁੱਟਦੇ ਨੇ ਤੇ ਗਰੀਬ ਲੋਕ ਧਰਤੀ ਤੋਂ ਚੁਗਦੇ ਨੇ। ਉਹ ਬਹੁਤ ਹੀ ਤਰਸਯੋਗ ਲੱਗਦੇ ਨੇ। ਪੈਸੇ ਸੁੱਟਣ ਵਾਲਾ ਮਿੱਟੀ ਫਰੋਲ ਰਹੀ ਗੁਰਬਤ ਵੱਲ ਤੱਕ ਇੱਕ ਸੁਆਦ ਲੈਂਦਾ ਏ...ਖ਼ੈਰ, ਤੂੰ ਚੀ ਗਵੇਰਾ ਦਾ ਇੱਕ ਲੇਖ ਪੜ੍ਹੀ।'

ਵਿਨੀਤ ਨੇ ਉਹ ਲੇਖ ਪੜ੍ਹਿਆ ਸੀ ਤੇ ਉਹ ਬੇਹੱਦ ਪ੍ਰਭਾਵਿਤ ਹੋਇਆ ਸੀ ਕਿ ਹਾਕਮ ਜਮਾਤਾਂ ਲੋਕਾਂ ਅੰਦਰੋਂ ਅੱਗ ਬੁਝਾਉਣ ਲਈ ਉਹਨਾਂ ਅੱਗੇ ਬਹੁਤੇ ਜਾਂ ਥੋੜ੍ਹੇ ਟੁਕੜੇ ਸੁਟਦੀਆਂ ਹਨ-ਮੁਫ਼ਤ ਆਟਾ ਦਾਲ ਤਾਂ ਕਿ ਲੋਕ 'ਅੰਨ੍ਹੇ ਹੋ ਜਾਣ...

ਉਹ ਚੁੱਪ ਚਾਪ ਤੁਰਦਾ ਜਾ ਰਿਹਾ ਸੀ। ਫਿਰ ਉਸ ਨੇ ਇੱਕ ਇੱਕ ਸ਼ਬਦ 'ਤੇ ਜ਼ੋਰ ਦੇ ਕੇ ਆਪਣੇ ਨਾਲ ਤੁਰੀ ਜਾਂਦੀ ਜਿੱਲ ਨੂੰ ਆਖਿਆ, 'ਜਿੱਲ ! ਮੈਂ ਕਦੀ ਫ੍ਰੀ ਡਿਨਰ ਨਹੀਂ ਖਾਵਾਂਗਾ – ਕਦੀ ਵੀ ਨਹੀਂ। ਮੈਂ ਇਸ ਫਰਾਡ (ਫਰੇਬ) ਦੇ ਪਰਦੇ ਪਾੜ ਦਿਆਂਗਾ..."

'ਕਿਉਂ ਨਹੀਂ ? ਇਹ ਤਾਂ ਤੇਰਾ ਹੱਕ ਐ', ਜਿੱਲ ਨੇ ਕਾਨੂੰਨੀ ਨੁਕਤਾ ਦੱਸਿਆ।

'ਕਿਹੜਾ ਹੱਕ ? ਸਾਡਾ ਕੋਈ ਹੱਕ ਨਹੀਂ-ਹੱਕ ਤੇਰਾ ਵੀ ਕੋਈ ਨਹੀਂ। ਇਹ ਤਾਂ ਟੁਕੜੇ ਨੇ ਸਾਡਾ ਮੂੰਹ ਬੰਦ ਕਰਵਾਉਣ ਲਈ...ਪਰ ਤੂੰ ਸਮਝੇਂਗੀ ਨਹੀਂ।' ਵਿਨੀਤ ਨੇ ਹਮੇਸ਼ਾਂ ਵਾਂਗ ਆਪਣਾ ਸਾਰਾ ਗੁੱਸਾ ਜਿੱਲ 'ਤੇ ਝਾੜ ਦਿੱਤਾ।

ਜਿੱਲ ਨੇ ਆਪਣੇ ਰੇਸ਼ਮੀ ਵਾਲਾਂ 'ਚ ਉਂਗਲਾਂ ਫੇਰ ਉਹਨਾਂ ਨੂੰ ਛੰਡਿਆਂ ਤੇ ਫਿਰ ਜਿਵੇਂ ਖਿੱਝ ਕੇ ਬੋਲੀ, 'ਮੈਨੂੰ ਕਦੇ ਸਮਝ ਨਹੀਂ ਆਈ ਤੂੰ ਕੀ ਕਹਿਣਾ ਚਾਹੁੰਨੈ।"

ਇਸ ਤੋਂ ਪਹਿਲਾਂ ਕਿ ਵਿਨੀਤ ਕੁੱਝ ਕਹਿੰਦਾ, ਜਿੱਲ ਇੱਕ ਦਮ ਨੱਸ ਪਈ। ਸਾਹਮਣੇ ਬਸ ਆ ਰਹੀ ਸੀ। ਵਿਨੀਤ ਵੀ ਕੁੱਝ ਤੇਜ਼ ਚੱਲਣ ਲੱਗ ਪਿਆ, ਪਰ ਭੱਜਿਆ ਬਿਲਕੁਲ ਨਾ। ਉਸ ਨੂੰ ਪਤਾ ਸੀ ਕਿ ਉਹਦੇ ਪੁੱਜਣ ਤੱਕ ਜਿੱਲ ਬਸ ਨਹੀਂ ਚੱਲਣ ਦੇਵੇਗੀ।

'ਕਮ ਔਨ, ਵਿਨੈ, ਕਮ ਔਨ, ਹਰੀ ਅੱਪ (ਆ ਜਾ, ਵਿਨੈ, ਆ ਜਾ, ਛੇਤੀ ਕਰ)' ਜਿੱਲ ਚੀਕ ਰਹੀ ਸੀ। ਕੰਡਕਟਰ ਖਿੱਝ ਰਿਹਾ ਸੀ। ਜਿੱਲ ਨੇ ਬਾਰੀ ਦਾ ਡੰਡਾ ਜਾ ਫੜਿਆ। ਵਿਨੀਤ ਭਾਵੇਂ ਪੁੱਜ ਇੱਕ ਮਿੰਟ ਵਿੱਚ ਹੀ ਗਿਆ ਪਰ ਕੰਡਕਟਰ ਦਾ ਪਾਰਾ ਅਸਮਾਨੇ ਚੜ੍ਹ ਗਿਆ ਸੀ। ਉਹ ਡਾਢੇ ਗੁੱਸੇ ਨਾਲ ਚੀਕਿਆ, 'ਤੂੰ ਨੱਸ ਨਹੀਂ ਸੀ ਸਕਦਾ ? ਤੇਰੇ ਲੱਤਾਂ ਨ੍ਹੀਂ ?'

'ਐਵੇਂ ਚੀਕ ਨਾ। ਮੈਂ ਤੈਨੂੰ ਬਸ ਰੋਕਣ ਲਈ ਨਹੀਂ ਸੀ ਆਖਿਆ।' ਵਿਨੀਤ ਨੇ ਬਸ 'ਤੇ ਚੜ੍ਹਦਿਆਂ ਆਖਿਆ।

ਕੰਡਕਟਰ ਦਾ ਹਾਲੀ ਗੁੱਸਾ ਠੰਢਾ ਨਹੀਂ ਸੀ ਹੋਇਆ। ਉਸ ਨੇ ਪਹਿਲਾ ਵਿਨੀਤ ਵੱਲ, ਫਿਰ ਜਿੱਲ ਵੱਲ ਤੇ ਮੁੜ ਵਿਨੀਤ ਵੱਲ ਤਕਦਿਆਂ ਤੇ ਨੱਕ ਚੜ੍ਹਾਂਦਿਆਂ ਆਖਿਆ, **'ਤੁਸੀਂ ਲੋਕ ਹਮੇਸ਼ਾਂ ਹੀ ਇੰਝ ਕਰਦੇ ਹੋ।'**

'ਸ਼ੱਟ ਅੱਪ (ਚੁੱਪ ਕਰ ਜਾ)!' ਜਿੱਲ ਨੇ ਜ਼ਰਾ ਅਗਾਂਹ ਹੋ ਕੇ ਕਿਹਾ।

ਵਿਨੀਤ ਇੱਕ ਦਮ ਉਲਟਿਆ ਤੇ ਉਸ ਨੇ ਬੜੀ ਤੇਜੀ ਨਾਲ ਕੰਡਕਟਰ ਨੂੰ ਸੰਘੀਓਂ ਫੜਿਆ, ਝਟਕਿਆ ਤੇ ਡਾਢੇ ਵਿਸ਼ਵਾਸ ਨਾਲ ਗਰਜਿਆ, ***'ਅਸੀਂ ਲੋਕ ਹੁਣ ਇੰਝ ਕਰਨਾ ਵੀ ਸਿੱਖ ਗਏ ਹਾਂ।'***

ਦਿਨ ... ਜੋ ਇਤਿਹਾਸ ਬਣੇ

1 ਮਈ	ਅੰਤਰ ਰਾਸ਼ਟਰੀ ਮਜ਼ਦੂਰ ਦਿਵਸ (1889)
3 ਮਈ	ਪ੍ਰੈਸ ਆਜ਼ਾਦੀ ਦਿਵਸ
5 ਮਈ	ਜਨਮ ਦਿਨ ਪ੍ਰਸਿੱਧ ਦਾਰਸ਼ਨਿਕ ਕਾਰਲ ਮਾਰਕਸ (1818)
6 ਮਈ	ਮਨੋਵਿਗਿਆਨ ਦੇ ਪਿਤਾਮਾ ਸਿਗਮੰਡ ਫਰਾਇਡ ਦਾ ਜਨਮ (1856)
10 ਮਈ	ਤਾਰਾ ਵਿਗਿਆਨ ਦਿਵਸ
10 ਮਈ	ਮੇਰਠ ਵਿੱਚ 1857 ਦੇ ਗ਼ਦਰ ਦੀ ਸ਼ੁਰੂਆਤ
24 ਮਈ	ਜਨਮ ਸ਼ਹੀਦ ਕਰਤਾਰ ਸਿੰਘ ਸਰਾਭਾ (1896)
28 ਮਈ	ਸ਼ਹੀਦ ਭਗਵਤੀ ਚਰਨ ਵੋਹਰਾ ਦੀ ਬੰਬ ਪਰਖ ਸਮੇਂ ਬੰਬ ਫਟਣ ਕਾਰਣ ਸ਼ਹਾਦਤ (1930)
5 ਜੂਨ	ਵਿਸ਼ਵ ਵਾਤਾਵਰਣ ਦਿਵਸ
7 ਜੂਨ	ਭਾਰਤ ਦਾ ਦੂਸਰਾ ਉਪਗ੍ਰਹਿ 'ਭਾਸਕਰ' ਪੁਲਾੜ ਵਿੱਚ ਛੱਡਿਆ ਗਿਆ (1979)
14 ਜੂਨ	ਵਿਸ਼ਵ ਖ਼ੂਨਦਾਨ ਦਿਵਸ
14 ਜੂਨ	ਜਨਮ ਦੱਖਣੀ ਅਮਰੀਕਾ ਦੇ ਇਨਕਲਾਬੀ ਅਰਨੈਸਟੋ ਚੀ ਗੁਵੇਰਾ (1928)

ਚਾਨਣ ਰੰਗਾ ਤਵੀਤ



ਪ੍ਰਵੀਨ ਜੰਡਵਾਲਾ

ਚੇਤਨਾ ਦਾ ਸਫ਼ਰ ਮਾਣਮੱਤਾ ਹੈ। ਸਬਕ ਤੇ ਪ੍ਰੇਰਨਾ ਨਾਲ ਭਰਿਆ ਹੋਇਆ। ਇਸ ਰਾਹ 'ਤੇ ਤੁਰਦਿਆਂ ਮੁਸ਼ਕਲਾਂ ਨਾਲ ਦੋ ਚਾਰ ਹੋਣਾ ਸੁਭਾਵਿਕ ਹੈ। ਵਕਤ ਵੀ ਪ੍ਰੀਖਿਆ ਲੈਂਦਾ ਹੈ। ਪਰ ਇਸ ਸਫ਼ਰ ਤੋਂ ਦਿਸਦੀ ਮੰਜ਼ਿਲ ਬੈਠਣ ਨਹੀਂ ਦਿੰਦੀ। ਆਪਣੇ ਨਿੱਤ ਰੋਜ਼ ਦੇ ਕੰਮ ਕਾਰ ਕਰਦਿਆਂ ਵੀ ਮਨ ਤਰਕਸ਼ੀਲਤਾ ਨਾਲ ਜੁੜਿਆ ਰਹਿੰਦਾ ਹੈ। ਲੋਕਾਂ ਨੂੰ ਤਰਕ ਨਾਲ ਸੋਚਣ, ਸਮਝਣ ਲਈ ਪ੍ਰੇਰਿਤ ਕਰਨਾ। ਆਸ ਪਾਸ ਵਾਪਰਦੀਆਂ ਰਹੱਸਮਈ ਘਟਨਾਵਾਂ ਦਾ ਵਿਸ਼ਲੇਸ਼ਣ। ਲੋਕ ਮਨਾਂ ਵਿੱਚੋਂ ਕਿਸਮਤਵਾਦ ਦਾ ਹਊਆ ਦੂਰ ਕਰਨ ਦੀਆਂ ਕੋਸ਼ਿਸ਼ਾਂ। ਸਕੂਲ, ਦਫ਼ਤਰ ਵਿੱਚ ਨਵੇਂ ਪਾਠਕ ਬਣਾਉਣ ਦੇ ਯਤਨ ਮਨ ਨੂੰ ਸਕੂਨ ਦਿੰਦੇ ਹਨ। ਇਸ ਕਾਰਜ ਵਿਚ ਲੱਗਿਆਂ ਨਵੇਂ ਰਾਹ ਵੀ ਨਿਕਲਦੇ ਹਨ, ਜਿਹੜੇ ਖੁਸ਼ੀ ਦਾ ਸਬੱਬ ਬਣਦੇ ਹਨ।

ਮੇਰੀ ਦੁਕਾਨ 'ਤੇ ਆਉਣ ਜਾਣ ਵਾਲੇ ਅਜਿਹੀ ਚਰਚਾ ਵਿੱਚ ਸ਼ਾਮਲ ਹੁੰਦੇ ਰਹਿੰਦੇ ਹਨ। ਜਦ 'ਤਰਕਸ਼ੀਲ' ਮੈਗਜ਼ੀਨ ਉਨ੍ਹਾਂ ਦੀਆਂ ਨਜ਼ਰਾਂ ਹੇਠ ਦੀ ਲੰਘਦਾ ਤਾਂ ਸੋਚ ਕਰਵਟ ਲੈਣ ਲਗਦੀ ਹੈ। ਕਈ ਸਾਲ ਪੁਰਾਣੀ ਗੱਲ ਹੈ। ਮੇਰਾ ਗੁਆਂਢੀ ਦੁਕਾਨਦਾਰ ਸੁਧੀਰ ਆਉਂਦਾ ਜਾਂਦਾ ਵਿਚਾਰਾਂ ਤੋਂ ਪ੍ਰਭਾਵਿਤ ਹੋਣ ਲੱਗਾ। ਅੰਧਵਿਸ਼ਵਾਸੀ ਪਰਿਵਾਰ ਵਿੱਚ ਜੰਮਿਆ ਪਲਿਆ ਸੀ। ਸਾਡੀ ਸੰਗਤ ਵਿੱਚ ਤਰਕਸ਼ੀਲ ਵਿਚਾਰਾਂ ਦਾ ਸਮਰਥਨ ਕਰਨ ਲੱਗਾ। ਅਖੌਤੀ ਬਾਬਿਆਂ, ਤਾਂਤਰਿਕਾਂ ਬਾਰੇ ਚਰਚਾ ਛਿੜਦੀ ਤਾਂ ਉਨ੍ਹਾਂ ਦੀ ਠੱਗੀ ਠੋਰੀ ਤੇ ਝੂਠ ਦੀ ਦੁਕਾਨਦਾਰੀ ਬਾਰੇ ਆਪਣੇ ਤਜਰਬੇ ਸੁਣਾਉਂਦਾ। ਆਖਦਾ ਏਨਾ ਚਿਰ ਐਵੇਂ ਹੀ ਧਾਗੇ, ਤਵੀਤਾਂ ਵਿੱਚੋਂ ਸੁਖ ਭਾਲਦੇ ਰਹੇ। ਆਪਣੇ ਵਿਆਹ ਤੋਂ ਬਾਅਦ ਉਹ ਇਨ੍ਹਾਂ ਵਿਚਾਰਾਂ ਤੋਂ ਥਿੜਕਣ ਲੱਗਾ। ਘਰ ਪਰਿਵਾਰ ਦੇ ਮਾਹੌਲ ਨੇ ਉਸਦੀ ਮੱਤ 'ਤੇ ਅਜਿਹਾ ਪਰਦਾ ਪਾਇਆ ਕਿ ਉਹ ਮੁੜ ਅੰਧ ਵਿਸ਼ਵਾਸਾਂ ਦਾ ਸ਼ਿਕਾਰ ਹੋ ਗਿਆ। ਮੇਰੇ ਕੋਲ ਕਦੇ ਕਦਾਈਂ ਕੰਮ ਵੇਲੇ ਹੀ ਆਉਂਦਾ। ਚੁੱਪ ਚਾਪ ਮੁੜ ਜਾਂਦਾ। ਵਿਆਹ ਤੋਂ ਸਾਲ਼ ਬਾਅਦ ਬਾਲ ਬੱਚਾ ਨਾ ਹੋਇਆ ਤਾਂ ਉਹ ਪਰਿਵਾਰ ਨਾਲ ਚੇਲਿਆਂ, ਬਾਬਿਆਂ ਦੇ ਦਰਾਂ 'ਤੇ ਭਟਕਣ ਲੱਗਾ।

ਇੱਕ ਦਿਨ ਸ਼ਾਮ ਨੂੰ ਦੁਕਾਨ ਬੰਦ ਕਰਦੇ ਸਮੇਂ ਮੈਨੂੰ ਕਾਊਂਟਰ ਹੇਠਾਂ ਇੱਕ ਤਵੀਤ ਡਿੱਗਾ ਨਜ਼ਰ ਆਇਆ। ਮੈਂ ਚੁੱਕ ਲਿਆ। ਤਾਂਬੇ ਵਿੱਚ ਮੜ੍ਹਿਆ ਹੋਇਆ ਸੀ। ਪੁੱਛਣ 'ਤੇ ਪਤਾ ਲੱਗਾ ਕਿ ਸੁਧੀਰ ਦੁਕਾਨ 'ਤੇ ਕੋਈ ਸਮਾਨ ਲੈਣ ਆਇਆ ਸੀ। ਮੈਨੂੰ ਸਮਝਣ ਵਿੱਚ ਦੇਰ ਨਾ ਲੱਗੀ।

ਮੈਂ ਤਵੀਤ ਆਪਣੇ ਬਟੂਏ ਵਿੱਚ ਪਾ ਘਰ ਪਰਤ ਆਇਆ। ਘਰ ਆ ਕੇ ਉਹ ਤਵੀਤ ਖੋਲ੍ਹਿਆ। ਉਸ ਵਿੱਚੋਂ ਇੱਕ ਚਿੱਟੇ ਰੰਗ ਦੀ ਪਰਚੀ ਨਿਕਲੀ। ਜਿਸ 'ਤੇ ਬਾਰਾਂ ਖਾਨੇ ਬਣੇ ਹੋਏ ਸਨ। ਸਾਰਿਆਂ ਵਿੱਚ ਨਾ ਸਮਝ ਆਉਣ ਵਾਲੀ ਭਾਸ਼ਾ ਦੇ ਲੰਡੇ ਅੱਖਰ ਲਿਖੇ ਹੋਏ ਸਨ। ਮਨ ਹੀ ਮਨ ਮੈਨੂੰ ਭੋਲੇ ਭਾਲੇ ਤੇ ਲਾਈਲੱਗ ਲੋਕਾਂ ਦੀ ਮਾਨਸਿਕਤਾ 'ਤੇ ਤਰਸ ਆ ਰਿਹਾ ਸੀ, ਜਿਹੜੇ ਇਨ੍ਹਾਂ ਕਾਗਜ਼ ਦੇ ਟੁਕੜਿਆਂ ਵਿੱਚੋਂ ਆਪਣੀਆਂ ਇੱਛਾਵਾਂ ਦੀ ਪੂਰਤੀ ਦਾ ਭਰਮ ਪਾਲਦੇ ਹਨ। ਤਵੀਤ ਮੇਰੇ ਸਾਹਵੇਂ ਖੁੱਲ੍ਹਾ ਪਿਆ ਸੀ। ਇੱਕ ਖਿਆਲ ਸੁੱਝਿਆ। ਮੈਂ ਤਵੀਤ ਵਿਚਲੇ ਕਾਗਜ਼ ਦੇ ਟੁਕੜੇ ਜਿੱਡਾ ਸਫ਼ੈਦ ਕਾਗਜ਼ ਹੋਰ ਟੁਕੜਾ ਲਿਆ। ਉਸ 'ਤੇ ਮੈਂ ਪਹਿਲਾਂ ਵਾਂਗ ਬਾਰਾਂ ਖਾਨੇ ਬਣਾਏ। ਸਾਰੇ ਖਾਨਿਆਂ ਵਿੱਚ ਵਾਰੀ ਵਾਰੀ ਆਪਣਾ ਨਾਂ ਲਿਖ ਦਿੱਤਾ। ਤਵੀਤ ਵਿੱਚੋਂ ਮਿਲੇ ਕਾਗ਼ਜ਼ ਨੂੰ ਸੁੱਟ ਆਪਣੇ ਨਾਂ ਵਾਲਾ ਕਾਗ਼ਜ਼ ਤਵੀਤ ਵਿੱਚ ਪਾ ਦਿੱਤਾ। ਅਗਲੇ ਦਿਨ ਦੁਕਾਨ 'ਤੇ ਪਹੁੰਚ ਕੇ ਮੈਂ ਸੁਧੀਰ ਨੂੰ ਸੁਨੇਹਾ ਭੇਜਿਆ ਕਿ ਆਪਣੀ ਗੁੰਮ ਹੋਈ ਵਸਤ ਆ ਕੇ ਲੈ ਜਾਵੇ। ਉਹ ਨਾ ਆਇਆ ਤਾਂ ਮੈਂ ਉਸਦੀ ਦੁਕਾਨ 'ਤੇ ਜਾ ਕੇ ਬਿਨਾਂ ਕੋਈ ਟਿੱਪਣੀ ਕੀਤਿਆਂ ਤਵੀਤ ਉਸ ਨੂੰ ਫੜਾ ਆਇਆ।

ਕਈ ਮਹੀਨੇ ਉਸ ਨਾਲ ਮੁਲਾਕਾਤ ਨਾ ਹੋਈ। ਇੱਕ ਦਿਨ ਅਚਾਨਕ ਸੁਧੀਰ ਮੇਰੇ ਕੋਲ ਦੁਕਾਨ 'ਤੇ ਆਇਆ। ਖ਼ੁਸ਼ੀ ਦੇ ਮੂਡ ਵਿੱਚ ਸੀ। ਮੇਰੇ ਪੁੱਛਣ 'ਤੇ ਕਹਿਣ ਲੱਗਾ,ਬਾਬੇ ਦੇ ਤਵੀਤ ਨੇ ਆਪਣਾ ਰੰਗ ਵਿਖਾ ਦਿੱਤਾ ਹੈ। ਮੇਰੇ ਘਰ ਲੜਕਾ ਹੋਇਆ ਹੈ। ਮੈਂ ਤਾਂ ਤੁਹਾਡੇ ਮਗਰ ਲੱਗ ਕੇ ਐਵੇਂ ਈ ਬਾਬਿਆਂ ਨੂੰ ਮੰਦਾ ਚੰਗਾ ਬੋਲਦਾ ਰਿਹਾ। ਤਵੀਤ ਦਾ ਹੋਰ ਕ੍ਰਿਸ਼ਮਾ ਵੇਖੋ। ਡਾਕਟਰ ਕਹਿੰਦੇ ਬੱਚਾ ਅਪ੍ਰੇਸ਼ਨ ਨਾਲ ਹੋਊ। ਬਾਬਾ ਜੀ ਦੇ ਚਰਨ ਫੜ੍ਹੇ ਤਾਂ ਉਹ ਕਹਿੰਦੇ ਉਹੋ ਤਵੀਤ ਮਾਂ ਬਣਨ ਵਾਲੀ ਔਰਤ ਦੇ ਮੱਥੇ ਨਾਲ ਤਿੰਨ ਵਾਰ ਛੁਹਾ ਦਿਓ। ਕੇਸ ਨਾਰਮਲ ਹੋ ਜਾਵੇਗਾ। ਅਸੀਂ ਸੱਤ ਬਚਨ ਆਖ ਕੇ ਉਸੇ ਤਰ੍ਹਾਂ ਕੀਤਾ। ਅਪ੍ਰੇਸ਼ਨ ਦੀ ਲੋੜ ਹੀ ਨੀਂ ਪਈ। ਮੈਨੂੰ ਉਸਦੀ ਮੂਰਖਤਾ 'ਤੇ ਹਾਸਾ ਆ ਰਿਹਾ ਸੀ। ਉਸ ਵਕਤ ਮੈਂ ਉਸ ਕੋਲ ਤਵੀਤ ਦੇ ਕ੍ਰਿਸ਼ਮੇ ਦਾ ਰਾਜ਼ ਨਹੀਂ ਖੋਲ੍ਹਿਆ। ਕਈ ਮਹੀਨੇ ਬਾਕੀ ਸਫ਼ਾ 14 'ਤੇ

ਭਰਮਾਂ ਤੋਂ ਚਾਨਣ ਵੱਲ



ਅਜਾਇਬ ਜਲਾਲਆਣਾ

ਰੇਲ ਦੇ ਸਫ਼ਰ ਵਿੱਚ ਇੱਕ ਔਰਤਾਂ ਵਿੱਚੋਂ ਇੱਕ ਜਣੀ ਆਪਣੀ ਗਾਥਾ ਸੁਣਾ ਰਹੀ ਸੀ। ਮੈਂ ਉਦੋਂ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੀ ਸਾਂ। ਮੈਨੂੰ ਹਲਕੇ ਦੌਰੇ ਪੈਂਦੇ ਤੇ ਹੱਥਾਂ ਦੇ ਘੁੰਡ ਮੁੜ ਜਾਂਦੇ। ਬੈਠੀ ਬੈਠੀ ਬੇਹੋਸ਼ ਹੋ ਜਾਂਦੀ। ਕਈ ਵਾਰ ਡਿੱਗ ਵੀ ਪੈਂਦੀ। ਘਰ ਦੇ ਪ੍ਰੇਸ਼ਾਨ ਸਨ। ਮੇਰੇ ਇਲਾਜ ਲਈ ਕੋਸ਼ਿਸ਼ਾਂ ਕਰਨ ਲੱਗੇ। ਪਹਿਲਾ ਰਾਹ ਡਾਕਟਰਾਂ ਕੋਲ਼ ਜਾਣ ਦਾ ਚੁਣਿਆ। ਐਮ.ਡੀ. ਡਾਕਟਰ ਕੋਲ਼ ਗਏ। ਸਾਰੇ ਟੈਸਟ ਕਰਵਾਏ, ਕੋਈ ਬਿਮਾਰੀ ਨਾ ਲੱਭੀ। ਡਾਕਟਰ ਸਾਹਿਬ ਕਹਿੰਦੇ ਇਸਨੂੰ ਕੋਈ ਬਿਮਾਰੀ ਤਾਂ ਨਹੀਂ ਹੈ। ਤੁਸੀਂ ਕਿਸੇ ਸਿਆਣੇ ਜਾਂ ਚੇਲੇ, ਬਾਬੇ ਨੂੰ ਵਿਖਾਓ। ਮਾਪਿਆਂ ਲਈ ਇਹ ਕਸੂਤੀ ਸਥਿਤੀ ਸੀ। ਮਜਬੂਰੀ ਵੱਸ ਮਾਪੇ ਡਾਕਟਰ ਦੇ ਕਹਿਣ ’ਤੇ ਡੇਰਿਆਂ ਦੇ ਰਾਹ ਪੈ ਗਏ।

ਅਖੌਤੀ ਸਿਆਣੇ ਤੇ ਚੇਲਿਆਂ, ਬਾਬਿਆਂ ਸਾਰੇ ਪਰਿਵਾਰ ਨੂੰ ਆਪਣੇ ਚੱਕਰਾਂ ਵਿੱਚ ਫਸਾ ਲਿਆ। ਪਰਿਵਾਰ ਦੁਚਿਤੀ ਵਿੱਚ ਸੀ। ਅਚਾਨਕ ਕੋਈ ਸਿੱਧੇ ਰਾਹ ਪਾਉਣ ਵਾਲਾ ਜਾਣਕਾਰ ਮਿਲਿਆ। ਉਸਨੇ ਡਬਵਾਲੀ ਨੇੜਲੀ ਮੰਡੀ ਦੇ ਮਾਨਸਿਕ ਸਿਹਤ ਕੇਂਦਰ ਕਾਲਾਂਵਾਲੀ ਦੀ ਦੱਸ ਪਾਈ। ਸਮਝਾਇਆ, ਪ੍ਰੇਰਿਆ ਤੇ ਤਾਕੀਦ ਵੀ ਕੀਤੀ ਕਿ ਜਲਦ ਕੁੜੀ ਨੂੰ ਕੇਂਦਰ ’ਤੇ ਲੈ ਜਾਓ। ਠੀਕ ਹੋ ਜਾਵੇਗੀ। ਫਿਰ ਤੁਹਾਨੂੰ ਡੇਰਿਆਂ ’ਤੇ ਭਟਕਣ ਦੀ ਲੋੜ ਨਹੀਂ ਰਹਿਣੀ।

ਅੱਕੇ ਥੱਕੇ ਮਾਪਿਆਂ ਨੂੰ ਇਹ ਸਲਾਹ ਪਸੰਦ ਆਈ। ਅਸੀਂ ਉੱਥੇ ਚਲੇ ਗਏ। ਪੜ੍ਹੇ ਲਿਖੇ ਨੌਜਵਾਨ ਸਨ। ਮੇਰੇ ਬਾਪ ਨੇ ਦੱਸਿਆ ਕਿ ਸਾਲ ਭਰ ਪਹਿਲਾਂ ਜਦ ਸਾਡੇ ਗੁਆਂਢੀਆਂ ਦਾ ਜੁਆਨ ਮੁੰਡਾ ਫਾਹਾ ਲੈ ਗਿਆ ਸੀ। ਉਹ ਦਰਦਨਾਕ ਦ੍ਰਿਸ਼ ਸਭ ਨੇ ਵੇਖਿਆ। ਡਰ ਤੇ ਸਹਿਮ ਦਾ ਮਾਹੌਲ। ਰੋਣਾ ਧੋਣਾ ਤੇ ਚੀਕ ਚਿਹਾੜਾ ਜਰਿਆ ਨੀਂ ਸੀ ਜਾਂਦਾ। ਪਰਿਵਾਰ ਦੀ ਹਾਲਤ ਤਰਸਯੋਗ ਸੀ। ਮੈਂ ਮਨ ਤਕੜਾ ਕਰ ਉਸ ਜੁਆਨ ਮੁੰਡੇ ਦਾ ਫਾਹਾ ਉਤਾਰਿਆ। ਚੁੱਕਿਆ ਅਤੇ ਸੰਭਾਲਿਆ। ਉਸ ਦਿਨ ਤੋਂ ਸਾਡੀ ਲੜਕੀ ਨੂੰ ਦੌਰੇ ਪੈਣੇ ਸ਼ੁਰੂ ਹੋਏ, ਜਿਹੜੇ ਅਜੇ ਤੱਕ ਬੰਦ ਨਹੀਂ ਹੋਏ। ਅਸੀਂ ਹਰ ਹੀਲਾ ਵਰਤ ਕੇ ਵੇਖ ਲਿਆ ਹੈ। ਹੁਣ ਆਸ ਨਾਲ ਤੁਹਾਡੇ ਕੋਲ਼ ਆਏ ਹਾਂ। ਅਸੀਂ ਉਸਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਹਰ ਸੰਭਵ ਮਦਦ ਕਰਾਂਗੇ।

ਉਨ੍ਹਾਂ ਮੇਰੇ ਨਾਲ ਗੱਲ ਬਾਤ ਸ਼ੁਰੂ ਕੀਤੀ। ਪੁੱਛੇ ਗਏ ਸੁਆਲਾਂ ਦੇ ਉੱਤਰ ਹੌਲੀ ਹੌਲੀ ਦੱਸਣ ਲੱਗੀ।

ਚੇਲਿਆਂ ਕੋਲ ਜਾਂਦਿਆਂ ਮਨ ਅੱਕ ਗਿਆ। ਸਿਹਤ ਵਿੱਚ ਕੋਈ ਸੁਧਾਰ ਨਾ ਹੋਇਆ। ਮੈਂ ਆਪਣੀ ਪੜ੍ਹਾਈ ਬਾਰੇ ਵੀ ਦੱਸਿਆ। ਮਨ ’ਤੇ ਡਰ ਰਹਿਣ ਕਰਕੇ ਹੁਣ ਪੜ੍ਹਨ ਵਿੱਚ ਮਨ ਨਹੀਂ ਲਗਦਾ। ਉਨ੍ਹਾਂ ਆਪਸ ਵਿੱਚ ਰਾਇ ਮਸ਼ਵਰਾ ਕਰਕੇ ਮੈਨੂੰ ਹਲਕੀ ਨੀਂਦ ਦਿਵਾਈ। ਕੁੱਝ ਗੱਲਾਂ ਸਮਝਾਈਆਂ। ਮੇਰਾ ਮਨ ਵੀ ਹਲਕਾ ਹੋ ਗਿਆ। ਉਨ੍ਹਾਂ ਧਾਗੇ, ਤਵੀਤ ਲੁਹਾ ਕੇ ਮੈਨੂੰ ਪੜ੍ਹਨ ਲਈ ਕਿਤਾਬਾਂ ਦਿੱਤੀਆਂ। ਮੇਰੇ ਬਾਪ ਨੂੰ ਵੀ ਕੁਝ ਸੁਝਾਅ ਦਿੱਤੇ। ਉਨ੍ਹਾਂ ਚੇਲਿਆਂ, ਡੇਰਿਆਂ ’ਤੇ ਜਾਣੋਂ ਵੀ ਰੋਕ ਦਿੱਤਾ। ਪੰਦਰਾਂ ਦਿਨਾਂ ਬਾਅਦ ਇੱਕ ਵਾਰ ਫਿਰ ਉੱਥੇ ਗਏ। ਉਦੋਂ ਤੱਕ ਮੈਂ ਕਾਫ਼ੀ ਠੀਕ ਹੋ ਗਈ ਸਾਂ। ਕੁਝ ਹੀ ਦਿਨਾਂ ਵਿੱਚ ਮੈਂ ਨੌਂ ਬਰ ਨੌਂ ਹੋ ਗਈ। ਬਾਰਾਂ ਜਮਾਤਾਂ ਚੰਗੇ ਨੰਬਰਾਂ ਨਾਲ ਪਾਸ ਕੀਤੀਆਂ। ਅੱਜ ਆਪਣੇ ਘਰ ਪਰਿਵਾਰ ਵਿੱਚ ਰੰਗੀਂ ਵਸਦੀ ਹਾਂ। ਹੁਣ ਤੱਕ ਆਪ ਵੀ ਲੋਕਾਂ ਨੂੰ ਭਰਮ ਭੁਲੇਖਿਆਂ ਵਿੱਚ ਪੈਣ ਤੋਂ ਰੋਕਦੀ ਹਾਂ। 94167 24331

ਸਫ਼ਾ 13 ਦਾ ਬਾਕੀ.. ਬਾਅਦ ਮਿੱਤਰ ਮੰਡਲੀ ਵਿੱਚ ਬੈਠਿਆਂ ਮੈਂ ਸੁਧੀਰ ਦੀ ਹਾਜ਼ਰੀ ਵਿੱਚ ਦੱਸਿਆ ਕਿ ਜਿਹੜੇ ਤਵੀਤ ਦੇ ਕ੍ਰਿਸ਼ਮੇ ਦਾ ਗੁਣਗਾਨ ਤੂੰ ਕਰ ਰਿਹਾ ਏਂ। ਉਹ ਤਾਂ ਮੈਂ ਬਦਲ ਦਿੱਤਾ ਸੀ। ਤਵੀਤ ਵਿਚਲੇ ਲੰਡਿਆਂ ਵਾਲੇ ਬਾਰਾਂ ਖਾਨਿਆਂ ਵਾਲੇ ਕਾਗ਼ਜ਼ ਦੀ ਥਾਂ ਮੈਂ ਨਵੇਂ ਕਾਗਜ਼ ਦਾ ਟੁਕੜਾ ਤਵੀਤ ਵਿੱਚ ਪਾ ਤੈਨੂੰ ਫੜ੍ਹਾ ਆਇਆ ਸਾਂ। ਸੁਧੀਰ ਪਸ਼ੇਮਾਨ ਨਜ਼ਰ ਆਇਆ। ਸੁਣ ਰਹੇ ਸਾਰੇ ਮਿੱਤਰ ਹੈਰਾਨ ਹੋਏ ਤੇ ਖ਼ੁਸ਼ ਵੀ। ਸੁਧੀਰ ਬੋਲਿਆ, ਅੱਜ ਮੇਰੀਆਂ ਅੱਖਾਂ ਖੁੱਲ੍ਹ ਗਈਆਂ ਨੇ। ਤੁਸੀਂ ਬਿਲਕੁੱਲ ਠੀਕ ਤੇ ਸੱਚ ਕਹਿੰਦੇ/ਲਿਖਦੇ ਓ। ਬਾਬਿਆਂ ਦੀ ਦੁਨੀਆਂ ਝੂਠ, ਮੱਕਾਰੀ ’ਤੇ ਟਿਕੀ ਐ। ਤਵੀਤ ਤੇਰੇ ਨਾਂ ਵਾਲਾ ਚੱਲ ਗਿਐ ਤੇ ਅਸੀਂ ਐਵੇਂ ਬਾਬੇ ਦੀ ਜੈ ਜੈ ਕਾਰ ਕਰਦੇ ਰਹੇ। ਤਵੀਤ ਤੋਂ ਬਿਨਾਂ ਵੀ ਸਰਦਾ ਸੀ। ਡਲਿਵਰੀ ਸਾਡੇ ਡਾਕਟਰ ਨੂੰ ਵਾਰ ਵਾਰ ਕਹਿਣ ’ਤੇ ਸਮੇਂ ਸਿਰ ਨਾਰਮਲ ਹੋ ਗਈ। ਇਹ ਐਵੇਂ ਈ ਬਾਬੇ ਦੇ ਖਾਤੇ ਵਿੱਚ ਪੈ ਗਈ। ਹੁਣ ਸਮਝ ਆਈ ਹੈ ਕਿ ਬਾਬਿਆਂ ਦੇ ਤਵੀਤ ਅੰਧਵਿਸ਼ਵਾਸਾਂ ਵਿੱਚ ਫਸੇ ਲੋਕਾਂ ਦੀ ਲੁੱਟ ਦਾ ਸਾਧਨ ਬਣਦੇ ਹਨ। ਤੁਹਾਡੇ ਤਰਕ ਤੇ ਗਿਆਨ ਦਾ ਚਾਨਣ ਰੰਗਾ ਤਵੀਤ ਸਿੱਧੇ ਰਾਹ ਪਾਉਂਦਾ ਹੈ। ਸੁਧੀਰ ਦੇ ਬੋਲ ਉਸ ਘਟਨਾ ਦਾ ਹਾਸਲ ਸਨ। **98157 30432**

ਵਿਦਵਾਨ ਦੀ ਵਾਪਸੀ

ਸਵਰਾਜ ਬੀਰ

ਭਾਰਤ ਦੇ ਸਿੱਖਿਆ ਖੇਤਰ ਵਿਚ ਕਈ ਤਰ੍ਹਾਂ ਦੇ ਵਰਤਾਰੇ ਵਾਪਰ ਰਹੇ ਹਨ। ਇੰਗਲੈਂਡ ਦੇ ਵਿਦਵਾਨ ਫਿਲੀਪੋ ਓਸਿਲਾ ਨੂੰ ਤਿਰੂਵਨੰਤਪੁਰਮ ਦੇ ਹਵਾਈ ਅੱਡੇ 'ਤੇ ਭਾਰਤ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਾ ਦਿੱਤੀ ਗਈ ਅਤੇ ਵਾਪਸ ਇੰਗਲੈਂਡ ਭੇਜ ਦਿੱਤਾ ਗਿਆ। ਓਸਿਲਾ ਯੂਨੀਵਰਸਿਟੀ ਆਫ਼ ਸਸੈਕਸ (Sussex) ਵਿੱਚ ਮਾਨਵ ਵਿਗਿਆਨ ਅਤੇ ਦੱਖਣੀ ਏਸ਼ੀਆ ਦੇ ਮਾਮਲਿਆਂ ਬਾਰੇ ਪ੍ਰੋਫ਼ੈਸਰ ਹੈ। ਉਹ ਪਿਛਲੇ 30 ਸਾਲਾਂ ਤੋਂ ਦੱਖਣੀ ਏਸ਼ੀਆ ਦੇ ਵੱਖ ਵੱਖ ਦੇਸ਼ਾਂ ਅਤੇ ਖ਼ਾਸ ਕਰਕੇ ਭਾਰਤ ਦੇ ਸੂਬੇ ਕੇਰਲ ਬਾਰੇ ਖੋਜ ਕਾਰਜ ਕਰ ਰਿਹਾ ਹੈ। ਉਸ ਨੇ ਤਿਰੂਵਨੰਤਪੁਰਮ ਵਿਚ ਹੋਣ ਵਾਲੀ ਇਕ ਕਾਨਫਰੰਸ ਵਿਚ ਮੁੱਖ ਭਾਸ਼ਣ ਦੇਣਾ ਸੀ। ਕੇਰਲ ਸਰਕਾਰ ਸੂਬੇ ਨੂੰ ਸਿੱਖਿਆ ਦਾ ਕੇਂਦਰ ਬਣਾਉਣਾ ਚਾਹੁੰਦੀ ਹੈ। ਇਹ ਕਾਨਫਰੰਸ ਅਜਿਹੀ ਵਿਉਂਤਬੰਦੀ ਬਾਰੇ ਸੀ ਅਤੇ ਇਸ ਨੂੰ ਯੂਨੀਵਰਸਿਟੀ ਆਫ਼ ਸਸੈਕਸ, ਕੋਚੀਨ ਯੂਨੀਵਰਸਿਟੀ ਆਫ਼ ਸਾਇੰਸ, ਕੇਰਲ ਯੂਨੀਵਰਸਿਟੀ ਅਤੇ ਸੈਂਟਰ ਫਾਰ ਇੰਟਰਡਿਸਿਪਲਨਰੀ ਸੱਟਡੀਜ਼ ਤਿਰੂਵਨੰਤਪੁਰਮ ਕਰਾ ਰਹੇ ਹਨ। ਉਸ ਨੂੰ ਵਾਪਸ ਭੇਜਣ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ, ਬਾਅਦ 'ਚ ਇੰਮੀਗ੍ਰੇਸ਼ਨ ਅਧਿਕਾਰੀਆਂ ਨੇ ਕਿਹਾ ਕਿ ਉਸ ਨੇ ਪਿਛਲੇ ਦੌਰਿਆਂ ਦੌਰਾਨ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਸੀ। ਜਾਣਕਾਰ ਸੂਤਰਾਂ ਅਨੁਸਾਰ ਉਸ ਨੂੰ ਵਾਪਸ ਭੇਜਣ ਦਾ ਅਸਲੀ ਕਾਰਨ ਉਸ ਦੁਆਰਾ ਪਾਕਿਸਤਾਨ ਦੇ ਦੌਰੇ ਹਨ।

ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰ ਤੇ ਖੋਜ ਵਿਦਿਆਰਥੀ ਵੱਖ ਵੱਖ ਦੇਸ਼ਾਂ ਵਿਚ ਖੋਜ ਕਾਰਜਾਂ ਲਈ ਜਾਂਦੇ ਹਨ। ਫਿਲੀਪੋ ਓਸਿਲਾ ਨੇ ਕੇਰਲ ਦੀਆਂ ਪੱਛੜੀਆਂ ਜਾਤਾਂ, ਦਲਿਤਾਂ ਅਤੇ ਮੁਸਲਮਾਨ ਭਾਈਚਾਰੇ ਬਾਰੇ ਖੋਜ ਕੀਤੀ ਹੈ। ਉਸ ਨੂੰ ਭਾਰਤ ਵਿਚ ਦਾਖ਼ਲ ਨਾ ਹੋਣ ਦੇਣਾ ਉਸ ਸੰਕੀਰਨ ਸੋਚ ਦਾ ਨਤੀਜਾ ਹੈ ਜੋ ਦੇਸ਼ ਦੇ ਰਾਜ-ਪ੍ਰਬੰਧ 'ਤੇ ਹਾਵੀ ਹੋ ਰਹੀ ਹੈ।

ਦੂਸਰੇ ਪਾਸੇ ਉਪ ਰਾਸ਼ਟਰਪਤੀ ਵੈਂਕੱਈਆ ਨਾਇਡੂ ਨੇ ਕਿਹਾ ਹੈ ਕਿ ਸਿੱਖਿਆ ਦੇ ਭਗਵਾਕਰਨ 'ਚ ਗ਼ਲਤ ਕੀ ਹੈ। ਹਰਿਦੁਆਰ ਦੇ ਦੇਵ ਸੰਸਕ੍ਰਿਤ ਵਿਸ਼ਵਵਿਦਿਆਲਿਆ 'ਚ ਇਕ ਸੰਸਥਾ ਦਾ ਉਦਘਾਟਨ ਕਰਦੇ ਹੋਏ ਉਪ ਰਾਸ਼ਟਰਪਤੀ ਨੇ ਲੋਕਾਂ ਨੂੰ 'ਆਪਣੀ ਬਸਤੀਵਾਦੀ ਮਾਨਸਿਕਤਾ ਛੱਡਣ ਤੇ ਆਪਣੀ ਪਛਾਣ 'ਤੇ ਗੌਰਵ ਕਰਨਾ ਸਿੱਖਣ' ਦਾ ਸੰਦੇਸ਼ ਦਿੱਤਾ ਹੈ। ਨਾਇਡੂ ਨੇ ਮੈਕਾਲੇ ਦੁਆਰਾ ਵਿਦੇਸ਼ੀ ਭਾਸ਼ਾ ਭਾਵ ਅੰਗਰੇਜ਼ੀ 'ਚ ਸ਼ੁਰੂ ਕੀਤੀ ਸਿੱਖਿਆ ਪ੍ਰਣਾਲੀ ਤੋਂ ਮੁਕਤੀ ਪਾਉਣ ਦੀ ਸਲਾਹ ਵੀ ਦਿੱਤੀ। ਨਾਇਡੂ ਨੇ ਕਿਹਾ, ''ਸਦੀਆਂ ਦੇ ਬਸਤੀਵਾਦੀ ਸ਼ਾਸਨ ਨੇ ਸਾਨੂੰ ਨਿਮਨ ਜਾਤੀ ਦੇ ਰੂਪ 'ਚ ਦੇਖਣਾ ਸਿਖਾਇਆ। ਸਾਨੂੰ ਆਪਣੀ ਸੰਸਕ੍ਰਿਤੀ, ਪ੍ਰੰਪਰਿਕ ਗਿਆਨ ਦਾ ਤ੍ਰਿਸਕਾਰ ਕਰਨਾ ਸਿਖਾਇਆ। ਇਸ ਨੇ ਰਾਸ਼ਟਰ ਦੇ ਰੂਪ 'ਚ ਸਾਡੇ ਵਿਕਾਸ ਨੂੰ ਮੱਧਮ ਕੀਤਾ। ਸਾਨੂੰ ਆਪਣੀ ਵਿਰਾਸਤ, ਸੰਸਕ੍ਰਿਤੀ, ਆਪਣੇ ਪੂਰਵਜਾਂ 'ਤੇ ਗੌਰਵ ਮਹਿਸੂਸ ਕਰਨਾ ਚਾਹੀਦਾ ਹੈ, ਆਪਣੀਆਂ ਜੜ੍ਹਾਂ ਵੱਲ ਜਾਣਾ ਚਾਹੀਦਾ ਹੈ, ਆਪਣੇ ਸ਼ਾਸਤਰਾਂ ਨੂੰ ਜਾਣਨ ਲਈ ਸੰਸਕ੍ਰਿਤ ਸਿੱਖਣੀ ਚਾਹੀਦੀ ਹੈ ਜੋ ਗਿਆਨ ਦਾ ਖਜ਼ਾਨਾ ਹਨ।'' ਇਨ੍ਹਾਂ ਨੁਕਤਿਆਂ ਬਾਰੇ ਬਹਿਸ ਹੋ ਸਕਦੀ ਹੈ। ਇਹ ਸਹੀ ਹੈ ਕਿ ਬਸਤੀਵਾਦੀ ਸੋਚ ਨੇ ਸਾਨੂੰ ਅਸੱਭਿਆ, ਨਿਮਾਣੇ ਤੇ ਰਾਜ ਕਰਨ 'ਚ ਅਸਮਰੱਥ ਲੋਕਾਂ ਵਜੋਂ ਚਿਤਵਿਆ, ਦੇਸ਼ 'ਚ ਅਕਹਿ ਜ਼ੁਲਮ ਕੀਤੇ, ਸਾਨੂੰ ਬਸਤੀਵਾਦੀ ਸੋਚ ਦੇ ਜੂਲੇ ਤੋਂ ਮੁਕਤੀ ਹਾਸਲ ਕਰਨੀ ਚਾਹੀਦੀ ਹੈ ਪਰ ਇਸ ਤੱਥ ਵੱਲੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਵਿਗਿਆਨ, ਤਕਨਾਲੋਜੀ, ਹਿਸਾਬ, ਸਮਾਜਿਕ ਵਿਗਿਆਨ ਤੇ ਹੋਰ ਖੇਤਰਾਂ ਬਾਰੇ ਅਥਾਹ ਜਾਣਕਾਰੀ ਜਿਸ ਰੂਪ 'ਚ ਅੰਗਰੇਜ਼ੀ, ਫਰਾਂਸੀਸੀ, ਜਰਮਨ, ਜਪਾਨੀ, ਚੀਨੀ, ਰੂਸੀ ਆਦਿ ਭਾਸ਼ਾਵਾਂ ਵਿਚ ਉਪਲਬਧ ਹੈ, ਉਸ ਰੂਪ 'ਚ ਭਾਰਤ ਵਿਚ ਬੋਲੀਆਂ ਤੇ ਪੜ੍ਹੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਨਹੀਂ। ਸਿੱਖਿਆ ਦਾ ਭਗਵਾਕਰਨ ਸਾਨੂੰ ਆਪਣੀ ਵਿਰਾਸਤ ਦੇ ਇਕ ਹਿੱਸੇ ਨਾਲ ਜੋੜਨਾ ਅਤੇ ਦੂਸਰੇ ਨਾਲੋਂ ਤੋੜਨਾ ਲੋਚਦਾ ਹੈ। ਆਪਣੀ ਵਿਰਾਸਤ ਤੇ ਪਰੰਪਰਾ 'ਤੇ ਗੌਰਵ ਮਹਿਸੂਸ ਕਰਨਾ ਹੀ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ ਪਰ ਵਿਰਾਸਤ ਤੇ ਪਰੰਪਰਾ ਨੂੰ ਸੰਕੀਰਨ ਦ੍ਰਿਸ਼ਟੀਕੋਣ ਤੋਂ ਨਹੀ ਚਿਤਵਿਆ ਜਾ ਸਕਦਾ ਜਿਸ ਤੋਂ ਭਗਵਾਕਰਨ ਕਰਨ ਵਾਲੀ ਸੋਚ ਚਿਤਵਦੀ ਹੈ। ਸਿੱਖਿਆ ਦਾ ਮਨੋਰਥ ਵਿਰਾਸਤ ਨਾਲ ਜੁੜਨ ਦੇ ਨਾਲ ਨਾਲ ਵਿਰਸੇ 'ਚ ਪਏ ਜਾਤੀਵਾਦ, ਮਰਦ-ਪ੍ਰਧਾਨ ਸੋਚ, ਅੰਧ-ਵਿਸ਼ਵਾਸ ਤੇ ਹੋਰ ਅਜਿਹੇ ਵਰਤਾਰਿਆਂ 'ਤੇ ਪ੍ਰਸ਼ਨ ਪੁੱਛਣ ਵਾਲੇ ਵਿਦਿਆਰਥੀ ਪੈਦਾ ਕਰਨਾ ਹੈ। ਆਗੂਆਂ ਨੂੰ ਅਜਿਹੇ ਇਕਪਾਸੜ ਭਾਸ਼ਣ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਜਿਹੀ ਸੋਚ ਦੀਆਂ ਤੰਦਾਂ ਉਸੇ ਸੰਕੀਰਨ ਸੋਚ ਨਾਲ ਜੁੜੀਆਂ ਹੋਈਆਂ ਹਨ ਜਿਸ ਕਰਕੇ ਇਕ ਜਾਣੇ-ਪਛਾਣੇ ਵਿਦਵਾਨ ਨੂੰ ਦੇਸ਼ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਦੇਸ਼ ਦੀਆਂ ਜਮਹੂਰੀ ਤਾਕਤਾਂ ਨੂੰ ਅਜਿਹੇ ਰੁਝਾਨਾਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

ਸੰਪਾਦਕ 'ਪੰਜਾਬੀ ਟ੍ਰਿਬਿਊਨ'

ਕ੍ਰਾਂਤੀਕਾਰੀ ਰਾਜ ਕੁਮਾਰ ਸਿਨਹਾ



ਸੁਧੀਰ ਵਿਦਿਆਰਥੀ

ਕਾਨਪੁਰ ਦੀ ਮਾਲ ਰੋਡ 'ਤੇ 'ਮਾਰਕੰਡੇ ਭਵਨ' ਦੀ ਇਮਾਰਤ ਨੂੰ ਖੋਜਣਾ ਹੁਣ ਔਖਾ ਕੰਮ ਹੈ। ਉਹ ਨਿਸ਼ਾਨ ਵੀ ਪੂਰੀ ਤਰ੍ਹਾਂ ਧੁੰਦਲਾ ਗਏ ਹਨ, ਜਿਹਨਾਂ ਦੇ ਜਰੀਏ ਜਾਣਿਆਂ ਜਾ ਸਕੇ ਕਿ ਬਾਬੂ ਮਾਰਕੰਡੇ ਦਾਸ ਦੇ ਉਸ ਮਕਾਨ ਦਾ ਕੀ ਹੋਇਆ, ਜਿਸ ਵਿਚ ਉਹਨਾਂ ਦੀ ਪਤਨੀ ਸ਼ਰਤ ਕੁਮਾਰੀ ਸਿਨਹਾ ਆਪਣੇ ਕ੍ਰਾਂਤੀਕਾਰੀ ਹੌਸਲੇ ਨਾਲ ਆਪਣੇ ਦੋ ਪੁੱਤਰਾਂ ਨੂੰ ਮੁਕਤੀ ਸੰਗਰਾਮ ਦੇ ਵੱਡੇ ਯੋਧੇ ਬਣਾ ਸਕੀ। ਕਾਨਪੁਰ ਇਸ ਬਹਾਦਰ ਮਾਂ ਨੂੰ ਵੀ ਭੁਲਾ ਚੁੱਕਾ ਹੈ ਅਤੇ ਉਹਨਾਂ ਬੇਟਿਆਂ ਨੂੰ ਵੀ, ਜਿਹਨਾਂ ਨੇ ਆਪਣੇ ਖ਼ੂਨ ਨਾਲ ਕ੍ਰਾਂਤੀ ਦੀ ਇਬਾਰਤ ਲਿਖ ਕੇ ਇਸ ਸ਼ਹਿਰ ਨੂੰ ਇਤਿਹਾਸ ਵਿਚ ਥਾਂ ਦਿੱਤੀ। ਇਸ ਮਾਂ ਦੇ ਬੇਟੇ ਰਾਜ ਕੁਮਾਰ ਸਿਨਹਾ (ਰਾਜੂ) ਨੂੰ ਕਾਕੋਰੀ ਕੇਸ ਵਿਚ ਦਸ ਸਾਲ ਦੀ ਕੈਦ ਦੀ ਸਜ਼ਾ ਹੋਈ ਸੀ ਅਤੇ ਛੋਟੇ ਵਿਜੈ ਕੁਮਾਰ ਸਿਨਹਾ ਨੂੰ ਵੀ ਸ਼ਹੀਦ ਭਗਤ ਸਿੰਘ ਵਾਲੇ ਮੁਕੱਦਮੇ ਵਿਚ ਕਾਲੇ ਪਾਣੀ ਦਾ ਹੁਕਮ ਸੁਣਾਇਆ ਜਾ ਚੁੱਕਾ ਸੀ। ਦੋਵੇਂ ਭਰਾ ਆਪੋ-ਆਪਣੀਆਂ ਜੇਲ੍ਹਾਂ ਵਿਚ ਭੁੱਖ ਹੜਤਾਲ 'ਤੇ ਸਨ। ਇਹ ਜਾਣ ਕੇ ਇੱਕ ਨੌਜਵਾਨ ਸ਼ਿਵ ਕੁਮਾਰ ਮਿਸਰ ਇਸ ਮਾਂ ਦੇ ਕੋਲ ਪਹੁੰਚ ਕੇ ਰੋਣ ਲੱਗਿਆ। ਮਾਂ ਨੇ ਡਾਂਟਦੇ ਹੋਏ ਕਿਹਾ, "ਕਿਹੋ ਜਿਹਾ ਕ੍ਰਾਂਤੀਕਾਰੀ ਹੈ, ਜੋ ਰੋਂਦਾ ਹੈ ? ਮੇਰੇ ਵੱਲ ਵੇਖ। ਮੈਂ ਦੋ ਸ਼ੇਰਾਂ ਦੀ ਮਾਂ ਹਾਂ। ਮੇਰੇ ਬੇਟੇ ਜੇਲ੍ਹ ਵਿਚ ਭੁੱਖ ਹੜਤਾਲ 'ਤੇ ਹਨ। ਫਿਰ ਵੀ ਮੈਂ ਖੁਸ਼ ਹਾਂ।"



ਕ੍ਰਾਂਤੀਕਾਰੀ ਰਾਜ ਕੁਮਾਰ ਸਿਨਹਾ



ਬਰੇਲੀ ਕੇਂਦਰੀ ਜੇਲ੍ਹ ਵਿੱਚ ਬਣਿਆ ਕ੍ਰਾਂਤੀਕਾਰੀ ਰਾਜ ਕੁਮਾਰ ਸਿਨਹਾ ਗੇਟ

ਕਦੇ ਦੇਸ਼ ਦੇ ਕ੍ਰਾਂਤੀਕਾਰੀਆਂ ਦਾ ਕੇਂਦਰ ਅਤੇ ਪਨਾਹ ਰਹੇ ਇਸ ਘਰ ਦੀ, ਜੋ ਹੁਣ ਦਫ਼ਨ ਹੋ ਚੁੱਕਾ ਹੈ, ਮਿੱਟੀ ਦੀ ਛੂਹ ਪ੍ਰਾਪਤ ਕਰਨਾ ਮੇਰੀ ਖੁਆਹਿਸ਼ ਰਹੀ ਸੀ।

ਰਾਜੂ 'ਦਾ' ਦੀ ਭੈਣ ਸੁਸ਼ੀਲਾ ਘੋਸ਼ ਦੀ ਕ੍ਰਾਂਤੀਕਾਰੀ ਸੰਗਰਾਮ ਵਿਚ ਭਾਗੀਦਾਰੀ ਨੂੰ ਵੀ ਅੱਜ ਕੌਣ ਜਾਣਦਾ ਹੈ!

ਲਾਹੌਰ ਕੇਸ ਦੀਆਂ ਫਾਂਸੀਆਂ ਦੇ ਬਾਅਦ 'ਭਗਤ ਸਿੰਘ, ਰਾਜਗੁਰੂ, ਸੁਖਦੇਵ ਮੈਮੋਰੀਅਲ ਫੰਡ ਵਿਚ ਆਰਥਿਕ ਸ਼ਰਧਾਂਜਲੀ ਦੇਵੋ' ਸਿਰਲੇਖ ਹੇਠ ਸੁਸ਼ੀਲਾ ਜੀ ਨੇ ਦੇਸ਼ ਵਾਸੀਆਂ ਦੇ ਨਾਮ ਇੱਕ ਮਾਰਮਿਕ ਅਪੀਲ ਕੱਢੀ ਸੀ, ਜਿਸ ਵਿਚ ਉਸਦਾ ਪਤਾ ਐਮ.ਡੀ. ਸਿਨਹਾ ਭਵਨ, ਮਾਲ ਰੋਡ, ਕਾਨਪੁਰ ਛਪਿਆ ਸੀ। ਬਾਅਦ ਵਿਚ ਜਦ ਰਾਜ ਕੁਮਾਰ ਸਿਨਹਾ ਅਤੇ ਉਹਨਾਂ ਦੇ ਤਿੰਨ ਸਾਥੀ ਬਰੇਲੀ ਦੀ ਕੇਂਦਰੀ ਜੇਲ੍ਹ ਵਿਚ ਭੁੱਖ ਹੜਤਾਲ 'ਤੇ ਸਨ, ਤਾਂ ਫਿਰ ਇਸ ਭੈਣ ਦੀ ਜੀਵੰਤਤਾ ਵੇਖਣ ਨੂੰ ਮਿਲੀ ਸੀ।

ਚਾਰ ਪੰਜ ਸਾਲ ਪਹਿਲਾਂ ਮੇਰੇ ਕੋਲ ਅਮਰੀਕਾ ਤੋਂ ਰਾਜੂ 'ਦਾ' (ਰਾਜ ਕੁਮਾਰ ਸਿਨਹਾ) ਦੀ ਪੁੱਤਰੀ ਦਾ ਫੋਨ ਆਇਆ। ਫਿਰ ਬਰਲਿਨ ਤੋਂ ਪਰਦੀਪ ਘੋਸ਼ ਨੇ, ਜੋ ਸੁਸ਼ੀਲਾ ਘੋਸ਼ ਦੇ ਬੇਟੇ ਹਨ, ਈ-ਮੇਲ ਦੇ ਜਰੀਏ ਸੰਪਰਕ ਕੀਤਾ। ਮੈਂ ਉਹਨਾਂ ਨੂੰ ਬਰੇਲੀ ਅਤੇ ਆਗਰਾ ਦੀਆਂ ਕੇਂਦਰੀ ਜੇਲ੍ਹਾਂ ਵਿਚ ਰਾਜ ਕੁਮਾਰ ਸਿਨਹਾ ਦੇ ਨਾਮ 'ਤੇ ਬਣਵਾਏ ਗਏ ਯਾਦਗਾਰੀ ਗੇਟਾਂ ਦੇ ਚਿੱਤਰ ਭੇਜ ਦਿੱਤੇ, ਪਰ 'ਮਾਰਕੰਡੇ ਦਾਸ ਭਵਨ' ਦਾ ਜਮੀਨ-ਦੋਜ਼ ਹੋਣਾ ਸਾਨੂੰ ਹਰ ਪਲ ਪੀੜਾ ਦਿੰਦਾ ਹੈ।

ਰਾਜੂ ਅਤੇ ਵਿਜੈ 'ਦਾ' ਦੀ ਮੁੱਢਲੀ ਸਿੱਖਿਆ ਕਾਨਪੁਰ ਦੇ ਬੰਗਾਲੀ ਸਕੂਲ ਅਤੇ ਕ੍ਰਾਈਸਟ ਚਰਚ ਕਾਲਜ ਵਿਚ ਹੋਈ। ਬਾਅਦ ਵਿਚ ਰਾਜੂ 'ਦਾ' ਵਿਗਿਆਨ ਦੀ ਪੜ੍ਹਾਈ ਲਈ ਕਾਸ਼ੀ ਗਏ, ਤਾਂ ਕਿਤਾਬਾਂ ਦੇ ਨਾਲ ਕ੍ਰਾਂਤੀਕਾਰੀਆਂ ਦਾ ਵੀ ਸਾਥ ਮਿਲਿਆ। ਉਹਨਾਂ ਨੇ ਦਿੱਲੀ ਦੀ ਕਾਂਗਰਸ ਵਿਚ ਭਾਗੀਦਾਰੀ ਕੀਤੀ। ਉਹਨਾਂ ਨੇ ਬੰਗਲਾ ਵਿਚ ਇੱਕ ਲੇਖ ਲਿਖਿਆ, 'ਰਾਸ਼ਟਰੀ ਅੰਦੋਲਨ ਅਤੇ ਵਿਦਿਆਰਥੀਆਂ ਦਾ ਫਰਜ਼', ਜਿਸ ਨੂੰ ਵਿਦਿਆਰਥੀ ਪਰੀਸ਼ਦ ਦੇ ਇੱਕ ਇਜਲਾਸ ਵਿਚ ਪੜ੍ਹੇ ਜਾਣ

ਬਾਅਦ, ਅਦਾਲਤ ਵਿਚ ਪੇਸ਼ ਕੀਤੇ ਜਾਣ ’ਤੇ ਰਾਜ ਧ੍ਰੋਹਾਤਮਕ ਕਿਹਾ ਗਿਆ। ਇਹੀ ਉਹ ਨੀਂਹ ਸੀ ਜੋ ਫਿਰ ਹਿੱਲੀ ਨਹੀਂ। ਕਾਕੋਰੀ ਕੇਸ ਨਾਲ ਉਹਨਾਂ ਨੂੰ ਜੋੜੇ ਜਾਣ ਦਾ ਆਧਾਰ ਬਨਾਰਸ ਵਿਚ ਉਹਨਾਂ ਦੇ ਕਮਰੇ ਵਿਚੋਂ ਬਰਾਮਦ ਚੀਜਾਂ ਨੂੰ ਬਣਾਇਆ ਗਿਆ ਜਿਸ ਵਿਚ ਦੋ ਰਾਈਫਲਾਂ, ਦਰੋਗੇ ਦਾ ਝੱਬਾ (ਪੱਗ ਵਾਲੀ ਝਾਲਰ) ਅਤੇ ਪੱਗ ਸੀ। ਪੁਲਿਸ ਨੇ ਸਾਬਤ ਕਰਨ ਦਾ ਯਤਨ ਕੀਤਾ ਕਿ ਇਨ੍ਹਾਂ ਵਿਚੋਂ ਇੱਕ ਰਾਈਫਲ ਦੀ ਵਰਤੋਂ ਮੈਨਪੁਰੀ ਮਾਮਲੇ ਵਿਚ ਕੀਤੀ ਗਈ ਸੀ। ਗ੍ਰਿਫਤਾਰੀ ਤੋਂ ਬਾਅਦ ਕਾਨਪੁਰ ਅਤੇ ਲਖਨਊ ਜੇਲ੍ਹ ਵਿਚ ਉਹਨਾਂ ਨੂੰ ਰੱਖਿਆ ਗਿਆ ਅਤੇ ਉਹਨਾਂ ’ਤੇ ਦਬਾਅ ਪਾਇਆ ਗਿਆ ਕਿ ਆਪਣਾ ਕਬੂਲਨਾਮਾ ਪੇਸ਼ ਕਰ ਦੇਣ, ਪਰ ਰਾਜੂ ‘ਦਾ’ ਝੁਕੇ ਨਹੀਂ। ਫਿਰ ਉਹਨਾਂ ਨੂੰ ਆਪਣੇ ਪਿਤਾ ਦੀ ਮੌਤ ਦੀ ਖ਼ਬਰ ਮਿਲੀ। ਜੇਲ੍ਹ ਜੀਵਨ ਵਿਚ ਉਹਨਾਂ ਨੇ ਰੂਸੀ, ਚੀਨੀ ਅਤੇ ਜਰਮਨ ਭਾਸ਼ਾਵਾਂ ਸਿੱਖ ਲਈਆਂ। ਜੇਲ੍ਹ ਤੋਂ ਬਾਹਰ ਆ ਕੇ ਵੀ ਮਜ਼ਦੂਰ ਅੰਦੋਲਨ ਅਤੇ ਕਾਂਗਰਸ ਵਿਚ ਉਹਨਾਂ ਦੀ ਸਰਗਰਮੀ ਲਗਾਤਾਰ ਬਣੀ ਰਹੀ ਅਤੇ ਨਿੱਜੀ ਸਤਿਆ ਗ੍ਰਹਿ ਵਿਚ ਵੀ ਉਹਨਾਂ ਨੇ ਭਾਗ ਲਿਆ। ਫਿਰ ਨੇਤਾ ਜੀ ਸੁਭਾਸ਼ ਤੋਂ ਪ੍ਰਭਾਵਿਤ ਹੋ ਕੇ ਉਹ ‘ਫਾਰਵਰਡ ਬਲਾਕ’ ਵਿਚ ਚਲੇ ਗਏ। ਨੇਤਾ ਜੀ ਜਦ ਕਾਨਪੁਰ ਆਏ, ਤਾਂ ਰਾਜੂ ‘ਦਾ’ ਦੇ ਕਰਾਚੀਖਾਨਾ ਵਾਲੇ ਘਰ ਵਿਚ ਉਹਨਾਂ ਦੀ ਬਹਾਦਰ ਮਾਂ ਸ਼ਰਤ ਕੁਮਾਰੀ ਸਿਨਹਾ ਪ੍ਰਤੀ ਸਤਿਕਾਰ ਪ੍ਰਗਟਾਉਣ ਲਈ ਪਹੁੰਚੇ ਸੀ। ਉਦੋਂ ਰਾਜੂ ‘ਦਾ’ ਅਤੇ ਵਿਜੈ ‘ਦਾ’ ਜੇਲ੍ਹਾਂ ਵਿਚ ਸਨ।



ਆਗਰਾ ਕੇਂਦਰੀ ਜੇਲ੍ਹ ਵਿੱਚ ਬਣਿਆ ਕ੍ਰਾਂਤੀਕਾਰੀ ਰਾਜ ਕੁਮਾਰ ਸਿਨਹਾ ਗੇਟ



ਕਲਕੱਤੇ ਵਿੱਚ ਕ੍ਰਾਂਤੀਕਾਰੀ ਰਾਜ ਕੁਮਾਰ ਸਿਨਹਾ ਅਤੇ ਪ੍ਰਕਿਰਤੀ ਸਿਨਹਾ ਦੇ ਵਿਆਹ ਮੌਕੇ ਨੇਤਾ ਜੀ ਸੁਭਾਸ਼ ਚੰਦਰ ਬੋਸ

ਸਾਲ 1937 ਵਿਚ ਰਿਹਾਈ ਤੋਂ ਬਾਅਦ ਇੱਕ ਬੰਗਾਲੀ ਮੁਟਿਆਰ ਪ੍ਰਕਿਰਤੀ ਨਾਲ ਰਾਜੂ ‘ਦਾ’ ਦਾ ਵਿਆਹ ਹੋਇਆ। ਨੇਤਾ ਜੀ ਸੁਭਾਸ਼ ਕਲਕੱਤੇ ਵਿਚ ਉਸ ਆਯੋਜਨ ਵਿਚ ਮੌਜੂਦ ਸਨ। ਮੇਰੇ ਕੋਲ ਇਸ ਦੀ ਫੋਟੋ ਦੇ ਰੂਪ ਵਿਚ ਇਹ ਇੱਕ ਯਾਦ ਨਾਮਾ ਬਚਿਆ ਹੈ ਜਿਸ ਨੂੰ ਮੈਂ ਸੀਨੇ ਨਾਲ ਲਾਈ ਬੈਠਾ ਹਾਂ। ਬਿਆਲੀ ਵਿਚ ਫੜ੍ਹੇ ਜਾਣ ’ਤੇ ਉਹ ਚਾਰ ਸਾਲ ਨਜ਼ਰਬੰਦ ਰਹੇ। ਆਜ਼ਾਦੀ ਦੇ ਬਾਅਦ ਵੀ ਰਾਜੂ ‘ਦਾ’ ਸੰਗਰਾਮੀ ਬਣੇ ਰਹੇ। ਮੈਂ ਵਾਰ-ਵਾਰ ਕਿਸੇ ਬਜ਼ੁਰਗ ਕਾਨਪੁਰੀਏ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸਦੀਆਂ ਅੱਖਾਂ ਵਿਚ ਕਰਾਚੀਖਾਨਾ ਦੇ ਨੇੜੇ ਤੇੜੇ ਆਪਣੀ ਸਾਈਕਲ ’ਤੇ ਹਰ ਰੋਜ਼ ਆਉਂਦੇ ਜਾਂਦੇ ਹੋਏ ਰਾਜੂ ‘ਦਾ’ ਦੀ ਕੋਈ ਤਸਵੀਰ ਹੈ? ਮੈਂ ਰਾਜੂ ‘ਦਾ’ ਦਾ ਲਿਖਿਆ ਹੋਇਆ ਵੀ ਭਾਲ ਰਿਹਾ ਹਾਂ ਜਿਸ ਦੇ ਕੁੱਝ ਅੰਸ਼ 1937 ਵਿਚ ‘ਸੈਨਿਕ’ ਵਿਚ ਛਪੇ ਸਨ। ਰੂਸ, ਚੀਨ ਆਦਿ ਕਮਿਊਨਿਸਟ ਦੇਸ਼ਾਂ ਦੇ ਪ੍ਰਸ਼ੰਸਕ ਰਹੇ ਰਾਜੂ ‘ਦਾ’ ਗਰੀਬ ਅਤੇ ਸ਼ੋਸ਼ਿਤ ਜਨਤਾ ਦੇ ਉਮਰ ਭਰ ਪੱਖੀ ਬਣੇ ਰਹੇ ਅਤੇ ਉਹਨਾਂ ਨੇ ‘ਵਾਰਾਨਿਕੋਵ ਰੂਸੀ ਟਰੇਨਿੰਗ ਮੰਦਿਰ’ ਦੀ ਸਥਾਪਨਾ ਵੀ ਕੀਤੀ। ਉਹ ਇੱਕ ਸੁਰੀਲੇ ਗਾਇਕ ਵੀ ਸਨ।

18 ਦਸੰਬਰ 1972 ਨੂੰ ਰਾਜੂ ‘ਦਾ’ ਦੀ ਮੌਤ ਬਾਅਦ ਉਹਨਾਂ ਦੀ ਪਤਨੀ ਨੂੰ ਸੇਨ ਬਾਲਿਕਾ ਵਿਦਿਆਲਯ, ਕਾਨਪੁਰ ਦੀ ਸਾਬਕਾ ਅਧਿਆਪਕਾ ਹੋਣ ਦੇ ਆਧਾਰ ’ਤੇ 300 ਰੁਪਏ ਪੈਨਸ਼ਨ ਨਾਲ ਗੁਜਾਰਾ ਕਰਨਾ ਪਿਆ। ਮੈਨੂੰ ਨਹੀਂ ਪਤਾ ਕਿ ਪ੍ਰਕਿਰਤੀ ਕਦੋਂ ਤੱਕ ਜਿਉਂਦੀ ਰਹੀ। ਸੁਣਿਆਂ ਹੈ ਕਿ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਪੁੱਤਰ ਭਾਸਕਰ ਸਿਨਹਾ ਸਿਰਫ 52 ਸਾਲ ਦੀ ਉਮਰ ਵਿਚ ਮਰ ਗਏ ਸਨ। ਆਜ਼ਾਦੀ ਤੋਂ ਬਾਅਦ ਰਾਜੂ ‘ਦਾ’ ਦੀ ਜ਼ਿੰਦਗੀ ਦਾ 25 ਸਾਲ ਦਾ ਲੇਖਾ ਜੋਖਾ ਸਾਨੂੰ ਬਹੁਤ ਬੇਚੈਨ ਕਰਦਾ ਹੈ। ਉਹ ਕਦੇ ਡੀ. ਏ.ਵੀ. ਕਾਲਜ, ਆਈ.ਆਈ.ਟੀ., ਡਿਫੈਂਸ ਲੈਬ, ਅਤੇ ਕਿਸੇ ਸਮੇਂ ਡੀ.ਆਰ.ਐਲ.ਐਮ. ਵਿਚ ਕਲਾਸ ਲੈਣ ਹਰ ਮੌਸਮ ਵਿਚ ਸਾਈਕਲ ’ਤੇ ਆਉਂਦੇ ਜਾਂਦੇ ਰਹੇ ਅਤੇ 67 ਦੀ ਉਮਰ ਵਿਚ ਇਕ ਦਿਨ ਸਾਨੂੰ ਅਲਵਿਦਾ ਕਹਿ ਗਏ। ਕਾਨਪੁਰ ਆਪਣੇ ਇਸ ਜੀਵਨ ਭਰ ਕ੍ਰਾਂਤੀਕਾਰੀ ਦੇ ਸਨਮਾਨ ਵਿਚ ਇੱਕ ‘ਜੈ ਗਾਨ’ ਨਹੀਂ ਰਚ ਸਕਿਆ। ਉਹਨਾਂ ਦੇ ਨਾਮ ਦਾ ਕੋਈ ਪੱਥਰ ਤੱਕ ਸ਼ਹਿਰ ਦੇ ਕਿਸੇ ਇਲਾਕੇ ਵਿਚ ਨਹੀਂ ਹੈ।

ਪੰਜਾਬੀ ਅਨੁਵਾਦ: ਬਲਬੀਰ ਲੌਂਗੋਵਾਲ


ਪੜ੍ਹਨਯੋਗ ਪੁਸਤਕਾਂ-5

ਬੱਚਿਆਂ ਨੂੰ ਦਿਆਂ ਦਿਲ ਆਪਣਾ ਮੈਂ



ਰਾਜਪਾਲ ਸਿੰਘ

ਬੱਚਿਆਂ ਨੂੰ ਸਿੱਖਿਆ ਕਿਵੇਂ ਦਿੱਤੀ ਜਾਵੇ? ਇਹ ਸਿੱਖਿਆ ਕਿਹੋ ਜਿਹੀ ਹੋਵੇ? ਸਿੱਖਿਆ ਦਾ ਉਦੇਸ਼ ਕੀ ਹੋਵੇ? ਇਸ ਬਾਰੇ ਹਜਾਰਾਂ ਕਿਤਾਬਾਂ ਲਿਖੀਆਂ ਗਈਆਂ ਹਨ। ਬਹੁਤੀਆਂ ਕਿਤਾਬਾਂ ਵਿੱਚ ਸਿੱਖਿਆ ਬਾਰੇ ਰੁਟੀਨ ਦੀਆਂ ਗੱਲਾਂ ਹੁੰਦੀਆਂ ਹਨ, ਕੁਝ ਵਿੱਚ ਸਿੱਖਿਆ ਨੂੰ ਅਸਰਦਾਰ ਢੰਗ ਨਾਲ ਦੇਣ ਲਈ ਚੰਗੇ ਸੁਝਾਅ ਵੀ ਹੁੰਦੇ ਹਨ। ਇਨ੍ਹਾਂ ਕਿਤਾਬਾਂ ਦੀ ਆਪਣੀ ਮਹੱਤਤਾ ਹੈ। ਪਰ ਕੁਝ ਅਧਿਆਪਕ ਅਜਿਹੇ ਵੀ ਹੋਏ ਹਨ ਜਿਨ੍ਹਾਂ ਨੇ ਬੱਚਿਆਂ ਦੇ ਦਿਲ ਦਿਮਾਗ ਦੀਆਂ ਡੂੰਘੀਆਂ ਰਮਜ਼ਾਂ ਨੂੰ ਫੜ੍ਹਿਆ ਹੈ, ਉਨ੍ਹਾਂ ਦੀਆਂ ਮਾਸੂਮ ਇੱਛਾਵਾਂ, ਭਾਵਨਾਵਾਂ ਅਤੇ ਮੁਸ਼ਕਿਲਾਂ ਨੂੰ ਦਿਲੋਂ ਮਹਿਸੂਸ ਕੀਤਾ ਹੈ, ਉਸ ਸੰਵੇਦਨਾ ਅਨੁਸਾਰ ਬੱਚਿਆਂ ਨਾਲ ਵਿਵਹਾਰ ਕੀਤਾ ਅਤੇ ਇਸ ਤਰ੍ਹਾਂ ਪੜ੍ਹਨ ਪੜ੍ਹਾਉਣ ਦੇ ਅਮਲ ਵਿੱਚ ਨਵੀਆਂ ਲੀਹਾਂ ਪਾਈਆਂ। ਅਜਿਹੇ ਕੁਝ ਅਧਿਆਪਕਾਂ ਨੇ ਆਪਣੇ ਤਜਰਬਿਆਂ ਅਤੇ ਅਨੁਭਵਾਂ ਨੂੰ ਕਿਤਾਬੀ ਰੂਪ ਵੀ ਦਿੱਤਾ ਹੈ। ਸੱਚੇ ਅਨੁਭਵਾਂ ਵਿਚੋਂ ਨਿਕਲੀਆਂ ਅਜਿਹੀਆਂ ਪੁਸਤਕਾਂ ਨਾ ਸਿਰਫ ਹੋਰ ਅਧਿਆਪਕਾਂ ਲਈ ਰਾਹ-ਦਰਸਾਊ ਅਤੇ ਪ੍ਰੇਰਣਾ-ਸ੍ਰੋਤ ਬਣਦੀਆਂ ਹਨ ਬਲਕਿ ਮਾਪਿਆਂ ਅਤੇ ਆਮ ਲੋਕਾਂ ਲਈ ਬੱਚਿਆਂ ਦੇ ਮਾਨਸਿਕ ਸੰਸਾਰ ਨੂੰ ਸਮਝਣ ਵਿੱਚ ਬਹੁਤ ਸਹਾਈ ਹੁੰਦੀਆਂ ਹਨ। ਅਜਿਹੀਆਂ ਪੁਸਤਕਾਂ ਸਾਡੇ ਬੱਚਿਆਂ ਪ੍ਰਤੀ ਵਿਵਹਾਰ ਨੂੰ ਹੋਰ ਚੰਗੇਰਾ, ਮੋਹ-ਭਰਿਆ, ਸੁਚੱਜਾ ਅਤੇ ਸੰਵੇਦਨਸ਼ੀਲ ਬਨਾਉਣ ਵਿੱਚ ਮਦਦ ਕਰਦੀਆਂ ਹਨ। ਅਜਿਹੀ ਇੱਕ ਸ਼ਾਨਦਾਰ ਪੁਸਤਕ ਹੈ- 'ਬੱਚਿਆਂ ਨੂੰ ਦਿਆਂ ਦਿਲ ਆਪਣਾ ਮੈਂ'।



ਇਸ ਪੁਸਤਕ ਦਾ ਲੇਖਕ ਵਾਸਿਲੀ ਸੁਖੋਮਲਿੰਸਕੀ ਹੈ ਜੋ ਸੋਵੀਅਤ ਰੂਸ ਵਿੱਚ 1918 ਵਿੱਚ ਜਨਮਿਆ। ਦੂਜੀ ਸੰਸਾਰ ਜੰਗ ਦੌਰਾਨ ਉਸਦੀ ਜ਼ਿੰਦਗੀ ਵਿੱਚ ਵੱਡੇ ਦੁਖਾਂਤ ਵਾਪਰੇ। ਉਹ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਂਦਾ ਸੀ, ਪਰ ਜਦ ਜਰਮਨਾਂ ਨੇ ਸੋਵੀਅਤ ਰੂਸ ਉੱਤੇ ਹਮਲਾ ਕਰ ਦਿੱਤਾ ਤਾਂ ਉਹ ਜੰਗ ਦੇ ਮੋਰਚੇ ਉੱਤੇ ਚਲਾ ਗਿਆ। ਪਿੱਛੇ ਉਸਦੀ ਪਤਨੀ ਵੇਰਾ ਜਰਮਨਾਂ ਖਿਲਾਫ਼ ਗੁਪਤ ਸਰਗਰਮੀਆਂ ਕਰਦੀ ਰਹੀ। ਆਖਰ ਜਰਮਨਾਂ ਨੇ ਉਸਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ, ਉਸਨੂੰ ਬਹੁਤ ਤਸੀਹੇ ਦਿੱਤੇ, ਉਸਦੇ ਪੁੱਤਰ ਨੂੰ ਵੇਰਾ ਦੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤਾ ਗਿਆ ਅਤੇ ਆਖਰ ਵੇਰਾ ਨੂੰ ਫਾਹੇ ਲਾ ਦਿੱਤਾ ਗਿਆ। ਸੁਖੋਮਲਿੰਸਕੀ ਵੀ ਮਾਸਕੋ ਦੇ ਨੇੜੇ ਦੁਸ਼ਮਣ ਵਿਰੁੱਧ ਲੜਦਾ ਹੋਇਆ ਸਖਤ ਫੱਟੜ ਹੋ ਗਿਆ। ਉਹ ਜਿੰਦਾ ਤਾਂ ਬਚ ਗਿਆ ਪਰ ਧਾਤ ਦੇ ਕੁਝ ਟੋਟੇ ਉਸ ਦੀ ਛਾਤੀ ਵਿੱਚ ਰਹਿ ਗਏ। ਧਾਤ ਦੇ ਟੁਕੜਿਆਂ ਦਾ ਸਰੀਰਕ ਦਰਦ ਅਤੇ ਮਾਰੇ ਗਏ ਟੱਬਰ ਦਾ ਮਾਨਸਿਕ ਦਰਦ ਬਾਕੀ ਜ਼ਿੰਦਗੀ ਉਸਦੇ ਸਾਥ ਰਹੇ ਪਰ ਇਹ ਦਰਦ ਉਸ ਨੂੰ ਤੋੜ ਨਹੀਂ ਸਕੇ, ਉਸ ਨੂੰ ਆਪਣਾ ਫਰਜ ਨਿਭਾਉਣ ਤੋਂ ਮੋੜ ਨਹੀਂ ਸਕੇ। 1948 ਵਿੱਚ ਜੰਗ ਦੇ ਖਤਮ ਹੋਣ ਤੋਂ ਲੈ ਕੇ 1970 ਵਿੱਚ ਆਪਣੀ ਮੌਤ ਤੱਕ ਉਸ ਦਾ ਸਾਰਾ ਜੀਵਨ ਬੱਚਿਆਂ ਦੀ ਸਿੱਖਿਆ ਅਤੇ ਉਨ੍ਹਾਂ ਬੱਚਿਆਂ ਨੂੰ ਵਧੀਆ ਇਨਸਾਨ ਬਨਾਉਣ ਲਈ ਸਮਰਪਿਤ ਰਿਹਾ।

ਇਸ ਪੁਸਤਕ ਵਿੱਚ, ਛੋਟੇ ਬੱਚਿਆਂ ਨੂੰ ਸਿੱਖਿਆ ਦੇਣ ਸਮੇਂ ਉਸ ਨੂੰ ਹਾਸਲ ਹੋਏ ਅਨੁਭਵ ਅਤੇ ਉਨ੍ਹਾਂ ਵਿਚੋਂ ਕੱਢੇ ਗਏ ਸਿੱਟੇ ਹਨ ਜੋ ਸਿੱਖਿਆ ਦੇ ਖੇਤਰ ਲਈ ਬਹੁਤ ਮੁੱਲਵਾਨ ਹਨ। ਉਸ ਦੇ ਸਿੱਖਿਆ ਬਾਰੇ ਪ੍ਰਗਟ ਕੀਤੇ ਗਏ ਵਿਚਾਰ ਸਿੱਖਿਆ ਖੇਤਰ ਨਾਲ ਸਬੰਧਿਤ ਮਾਹਿਰਾਂ ਵੱਲੋਂ ਅਕਸਰ ਸਾਂਝੇ ਕੀਤੇ ਜਾਂਦੇ

ਹਨ। ਨਮੂੰਨੇ ਵਜੋਂ ਕੁਝ ਟੋਟੇ ਪੇਸ਼ ਹਨ –

1 ਬਚਪਨ ਮਨੁੱਖ ਦੇ ਜੀਵਨ ਵਿੱਚ ਮਹੱਤਵਪੂਰਨ ਸਮਾਂ ਹੁੰਦਾ ਹੈ ਅਤੇ ਉਦੋਂ ਕੀ ਵਾਪਰਿਆ, ਉਨ੍ਹਾਂ ਵਰ੍ਹਿਆਂ ਵਿੱਚ ਕਿਸ ਨੇ ਬੱਚੇ ਦੀ ਅਗਵਾਈ ਕੀਤੀ, ਆਲੇ–ਦੁਆਲੇ ਦੇ ਸੰਸਾਰ ਵਿਚੋਂ ਉਹਦੇ ਦਿਲ ਅਤੇ ਦਿਮਾਗ ਵਿੱਚ ਕੀ ਦਾਖਲ ਹੋਇਆ, ਵੱਡੀ ਹੱਦ ਤੱਕ ਇਸ ਗੱਲ ਨੂੰ ਮਿਥਣਗੇ ਕਿ ਉਹ ਕਿਹੋ ਜਿਹਾ ਮਨੁੱਖ ਬਣੇਗਾ।

2 ਜਦੋਂ ਬੰਦਾ ਬੱਚੇ ਦੇ ਮਨ ਸਬੰਧੀ ਸੋਚਦਾ ਹੈ ਤਾਂ ਉਸ ਨੂੰ ਗੁਲਾਬ ਦੇ ਇੱਕ ਨਾਜ਼ਕ ਫੁੱਲ ਬਾਰੇ ਸੋਚਣਾ ਚਾਹੀਦਾ ਹੈ, ਜਿਸਦੇ ਉੱਤੇ ਤ੍ਰੇਲ ਦੇ ਤੁਪਕੇ ਕੰਬ ਰਹੇ ਹੋਣ। ਤ੍ਰੇਲ ਦੇ ਤੁਪਕੇ ਝਾੜੇ ਬਿਨਾਂ ਫੁੱਲ ਤੋੜਨ ਲਈ ਕਿੰਨੇ ਧਿਆਨ ਅਤੇ ਸੂਖਮਤਾ ਦੀ ਲੋੜ ਹੁੰਦੀ ਹੈ। ਉਸੇ ਤਰ੍ਹਾਂ ਸਾਨੂੰ ਹਰ ਘੜੀ ਸਾਵਧਾਨ ਰਹਿਣਾ ਚਾਹੀਦਾ ਹੈ, ਕਿਉਂਕਿ ਅਸੀਂ ਪ੍ਰਕਿਰਤੀ ਵਿੱਚ ਸਭ ਤੋਂ ਸੂਖ਼ਮ ਅਤੇ ਕੋਮਲ ਵਸਤੂ - ਵਿਕਸਿਤ ਹੋ ਰਹੇ ਬੱਚੇ ਦੇ ਸੋਚਣ ਵਾਲੇ ਪਦਾਰਥ ਨੂੰ ਛੂਹ ਰਹੇ ਹਾਂ।

3 ਜਦੋਂ ਅਧਿਆਪਕ ਸਬਕ ਦੇ ਹਰ ਪਲ ਨੂੰ ਤਿੱਖੀ ਬੌਧਿਕ ਮਿਹਨਤ ਨਾਲ ਭਰਨ ਦਾ ਯਤਨ ਕਰਦਾ ਹੈ। ਇਹ 'ਇੱਕ ਵੀ ਮਿੰਟ ਨਾ ਗੁਆਉਣ ਦਾ ਯਤਨ' ਕੁਝ ਬੱਚਿਆਂ ਉੱਤੇ ਉਨ੍ਹਾਂ ਦੀ ਸਮਰੱਥਾ ਤੋਂ ਬਾਹਰਾ ਬੋਝ ਪਾਉਂਦਾ ਹੈ। ਮੈਨੂੰ ਨਿਸਚਾ ਹੈ ਕਿ ਇਹ 'ਤਿਖੇਰੀ' ਚਾਲ ਪੂਰੀ ਤਰ੍ਹਾਂ ਸਿਹਤਮੰਦ ਬੱਚਿਆਂ ਲਈ ਵੀ ਹਾਨੀਕਾਰਕ ਹੈ।

4 ਕਈ ਵਾਰ ਸੱਚ, ਅਨੁਭਵ ਅਤੇ ਸਿੱਟੇ ਬੱਚੇ ਦੇ ਦਿਮਾਗ ਵਿੱਚ ਠੋਸਦੇ ਹੋਏ ਅਧਿਆਪਕ ਬੱਚੇ ਦੇ ਚਿੰਤਨ ਨੂੰ, ਸ਼ਬਦ ਦੇ ਜਿਉਂਦੇ ਸੋਮਿਆਂ ਦੇ ਨੇੜੇ ਜਾਣ ਦਾ ਮੌਕਾ ਨਹੀਂ ਦਿੰਦਾ। ਉਹ ਉਸਦੇ ਸੁਪਨਿਆਂ, ਖਿਆਲ–ਉਡਾਰੀਆਂ ਅਤੇ ਰਚਨਾਤਮਿਕਤਾ (creativity) ਨੂੰ ਬੰਨ੍ਹ ਦਿੰਦਾ ਹੈ। ਬੱਚਾ ਅਕਸਰ ਜਿਉਂਦੇ, ਸਰਗਰਮ ਅਤੇ ਯਥਾਰਥਕ ਜੀਵ ਤੋਂ ਇੱਕ ਅਜਿਹੀ ਸ਼ੈਅ ਵਿੱਚ ਤਬਦੀਲ ਹੋ ਜਾਂਦਾ ਹੈ ਜੋ ਬੱਸ ਸਭ ਕੁਝ ਨੂੰ ਯਾਦ ਹੀ ਰੱਖ ਸਕਦਾ ਹੈ - ਅਜਿਹਾ ਉੱਕਾ ਹੀ ਨਹੀਂ ਹੋਣਾ ਚਾਹੀਦਾ। ਪੱਥਰ ਦੀਆਂ ਕੰਧਾਂ ਨਾਲ ਵਿਦਿਆਰਥੀ ਨੂੰ ਆਲੇ ਦੁਆਲੇ ਦੇ ਸੰਸਾਰ ਤੋਂ ਕੱਟ ਨਹੀਂ ਦੇਣਾ ਚਾਹੀਦਾ।

5 ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਪੜ੍ਹਾਈ ਕੇਵਲ ਸੁਆਦਾਂ ਤੋਂ ਬਣੀ ਸਾਦਾ ਖੇਡ ਨਹੀਂ ਹੋ ਸਕਦੀ। ਪੜ੍ਹਾਈ ਸਭ ਤੋਂ ਪਹਿਲਾਂ ਮਿਹਨਤ ਹੈ। ਪਰ ਇਸ ਮਿਹਨਤ ਨੂੰ ਵਿਉਂਤਦੇ ਹੋਏ ਇਹ ਲਾਜ਼ਮੀ ਹੈ ਕਿ ਅਧਿਆਪਕ ਬੱਚੇ ਦੇ ਵਿਕਾਸ ਦੇ ਹਰ ਪੜਾਅ ਉੱਤੇ ਬੱਚੇ ਦੇ ਅੰਦਰੂਨੀ ਮਾਨਸਿਕ ਸੰਸਾਰ ਨੂੰ ਮੁੱਖ ਰੱਖੇ।

ਸੁਖੋਮਲਿੰਸਕੀ ਇਹ ਅਨੁਭਵ ਅਤੇ ਬੱਚੇ ਦੀ ਸਿੱਖਣ ਪ੍ਰਕਿਰਿਆ ਬਾਰੇ ਡੂੰਘੀ ਸੂਝ–ਬੂਝ ਇਸ ਕਰਕੇ ਹਾਸਲ ਕਰ ਸਕਿਆ ਕਿਉਂਕਿ ਉਹ ਬੱਚਿਆਂ ਦੇ ਵਿੱਚ ਪੂਰੀ ਤਰ੍ਹਾਂ ਘੁਲਮਿਲ ਜਾਂਦਾ ਸੀ। ਦਸ ਸਾਲ ਅਧਿਆਪਨ ਕਰਨ ਬਾਅਦ ਜਦ ਉਸ ਨੂੰ ਸਕੂਲ ਦਾ ਡਾਇਰੈਕਟਰ ਬਣਾ ਦਿੱਤਾ ਗਿਆ ਤਾਂ ਉਸ ਨੇ ਇਹ ਗੱਲ ਹੋਰ ਜ਼ੋਰਦਾਰ ਢੰਗ ਨਾਲ ਮਹਿਸੂਸ ਕੀਤੀ ਕਿ ਜੇ ਕੋਈ ਡਾਇਰੈਕਟਰ ਵਜੋਂ ਕੇਵਲ ਪ੍ਰਬੰਧਕੀ ਕੰਮਾਂ ਜਾਂ ਅਧਿਆਪਕਾਂ ਨੂੰ ਸੇਧ ਦੇਣ ਤੱਕ ਹੀ ਸੀਮਤ ਹੋ ਜਾਂਦਾ ਹੈ ਤਾਂ ਉਹ ਸਿਖਿਅਕ ਵਜੋਂ ਬੇਕਾਰ ਹੋ ਜਾਵੇਗਾ। ਇਸ ਪੁਸਤਕ ਦੇ ਸ਼ੁਰੂ ਵਿੱਚ ਹੀ ਉਹ ਲਿਖਦੇ ਹਨ:

"ਡਾਇਰੈਕਟਰ ਵਜੋਂ ਮੇਰੇ ਕੰਮ ਦੇ ਪਹਿਲੇ ਕੁਝ ਸਪਤਾਹਾਂ ਨੇ ਮੈਨੂੰ ਨਿਸਚਾ ਕਰਵਾ ਦਿੱਤਾ ਕਿ ਜੇ ਮੇਰੇ ਬੱਚਿਆਂ ਨਾਲ ਕੋਈ ਸਾਂਝੇ ਹਿਤ, ਸ਼ੁਗਲ ਜਾਂ ਅਭਿਲਾਖਾਵਾਂ ਨਹੀਂ ਹਨ ਤਾਂ ਮੇਰੇ ਲਈ ਬੱਚਿਆਂ ਦੇ ਦਿਲਾਂ ਤੱਕ ਜਾਣ ਵਾਲਾ ਰਾਹ ਬੰਦ ਰਹੇਗਾ। ਬੱਚਿਆਂ ਉੱਤੇ ਕਿਸੇ ਤਰ੍ਹਾਂ ਦੇ ਸਿੱਧੇ ਵਿਦਿਅਕ ਪ੍ਰਭਾਵ ਤੋਂ ਬਿਨਾਂ, ਇੱਕ ਡਾਇਰੈਕਟਰ ਵਜੋਂ ਸਿਖਿਅਕ ਦਾ ਸਭ ਤੋਂ ਵੱਧ ਮਹੱਤਵਪੂਰਨ ਗੁਣ ਜਾਂਦਾ ਰਹੇਗਾ– ਬੱਚਿਆਂ ਦੇ ਅੰਤ੍ਰੀਵ ਸੰਸਾਰ ਵਿੱਚ ਦਾਖਲ ਹੋਣ ਦੀ ਯੋਗਤਾ। ਮੈਨੂੰ ਸ਼੍ਰੇਣੀਆਂ ਦੇ ਕਮਰਿਆਂ ਵਿੱਚ ਕੰਮ ਕਰਦੇ ਅਧਿਆਪਕਾਂ ਨਾਲ ਈਰਖਾ ਹੁੰਦੀ, ਜਿਹੜੇ ਸਾਰਾ ਸਮਾਂ ਬੱਚਿਆਂ ਦੇ ਨਾਲ ਰਹਿੰਦੇ।"

ਇਸ ਦੂਰੀ ਨੂੰ ਦੂਰ ਕਰਨ ਲਈ ਉਨ੍ਹਾਂ ਵੱਲੋਂ ਕੀਤੀ ਗਈ ਕੋਸ਼ਿਸ਼ ਬਾਰੇ ਉਨ੍ਹਾਂ ਦਾ ਤਜ਼ਰਬਾ ਇਸ ਤਰ੍ਹਾਂ ਦਾ ਰਿਹਾ- ਸਮੇਂ–ਸਮੇਂ ਮੈਂ ਬੱਚਿਆਂ ਦੇ ਸਮੂਹਾਂ ਵਿਚੋਂ ਇੱਕ ਜਾਂ ਦੂਜੇ ਵਿੱਚ ਸ਼ਾਮਲ ਹੋਣ ਦਾ ਯਤਨ ਕੀਤਾ; ਮੈਂ ਉਨ੍ਹਾਂ ਨਾਲ ਕੰਮ ਕਰਨ ਗਿਆ ਜਾਂ ਬਾਹਰ ਖੁੱਲ੍ਹੀਆਂ ਥਾਂਵਾਂ ਵਿੱਚ ਰਹਿਣ ਦੇ ਸਫ਼ਰਾਂ ਲਈ ਗਿਆ।.....ਪਰ ਬੱਚਿਆਂ ਨੇ ਅਤੇ ਮੈਂ, ਦੋਹਾਂ ਨੇ ਇਨ੍ਹਾਂ ਸਬੰਧਾਂ ਵਿੱਚ ਇੱਕ ਤਰ੍ਹਾਂ ਦਾ ਨਕਲੀਪੁਣਾ ਅਨੁਭਵ ਕੀਤਾ। ਬੱਚੇ ਇਹ ਗੱਲ ਨਹੀਂ ਭੁੱਲ ਸਕਦੇ ਸਨ ਕਿ ਮੈਂ ਉਨ੍ਹਾਂ ਨਾਲ ਥੋੜ੍ਹੇ ਸਮੇਂ ਲਈ ਹੀ ਹਾਂ। ਸੱਚਾ ਭਾਈਚਾਰਾ ਓਦੋਂ ਪੈਦਾ ਹੁੰਦਾ ਹੈ ਜਦੋਂ ਅਧਿਆਪਕ ਲੰਮੇ ਸਮੇਂ ਦਾ ਮਿੱਤਰ, ਸੰਗੀ ਅਤੇ ਸਾਂਝਿਆਂ ਉਦਮਾਂ ਵਿੱਚ ਸਾਥੀ ਹੋਵੇ।'

ਇਸ ਅਨੁਭਵ ਵਿਚੋਂ ਉਹ ਸਿੱਟਾ ਕਢਦੇ ਹੋਏ ਦਿਲਚਸਪ ਉਦਾਹਰਣ ਦਿੰਦੇ ਹਨ–

"ਜਿਹੜਾ ਬੰਦਾ ਆਪਣੇ ਸ਼ਾਗਿਰਦਾਂ ਨੂੰ ਕੇਵਲ ਸਬਕ ਸਮੇਂ ਮਿਲਦਾ ਹੈ–ਅਧਿਆਪਕ ਮੇਜ ਦੇ ਇੱਕ ਪਾਸੇ ਅਤੇ ਸ਼ਾਗਿਰਦ ਦੂਜੇ ਪਾਸੇ–ਉਹ ਬੱਚਿਆਂ ਦੀ ਮਾਨਸਿਕਤਾ ਨੂੰ ਨਹੀਂ ਜਾਣਦਾ ਅਤੇ ਜਿਹੜਾ ਮਨੁੱਖ ਬੱਚਿਆਂ ਨੂੰ ਨਹੀਂ ਜਾਣਦਾ, ਜਿਸ ਲਈ ਬੱਚਿਆਂ ਦੇ ਵਿਚਾਰ, ਭਾਵਨਾਵਾਂ ਅਤੇ ਇਛਾਵਾਂ ਪਹੁੰਚ ਤੋਂ ਬਾਹਰ ਹਨ, ਅਧਿਆਪਕ ਨਹੀਂ ਬਣ ਸਕਦਾ। ਕਈ ਵਾਰ

ਅਧਿਆਪਕ ਦਾ ਮੇਜ ਪੱਥਰ ਦੀ ਕੰਧ ਜਿਹਾ ਹੁੰਦਾ ਹੈ, ਜਿਸ ਦੇ ਪਿੱਛੋਂ ਉਹ ਆਪਣੇ 'ਦੁਸ਼ਮਣਾਂ' (ਸ਼ਾਗਿਰਦਾਂ) ਉੱਤੇ 'ਹਮਲਾ' ਕਰਦਾ ਹੈ; ਪਰ ਅਕਸਰ ਅਜਿਹਾ ਹੁੰਦਾ ਹੈ ਕਿ ਇਹ ਮੇਜ ਇੱਕ ਘੇਰੇ ਵਿੱਚ ਆਈ ਗੜ੍ਹੀ ਬਣ ਜਾਂਦਾ ਹੈ, ਜਿਸਨੂੰ ਅੰਤ ਇਹ 'ਦੁਸ਼ਮਣ' ਈਨ ਮੰਨਣ ਉੱਤੇ ਮਜ਼ਬੂਰ ਕਰ ਦਿੰਦੇ ਹਨ ਅਤੇ ਅੰਦਰ ਬੰਦ ਹੋਇਆ 'ਕਮਾਂਡਰ' ਇਹ ਅਨੁਭਵ ਕਰਦਾ ਹੈ ਕਿ ਉਸਦੇ ਹੱਥ ਬੰਨ੍ਹੇ ਹੋਏ ਹਨ।"

ਇਸ ਪੁਸਤਕ ਵਿਚੋਂ ਸਿੱਖਣ ਪ੍ਰਕਿਰਿਆ ਸਬੰਧੀ ਜੋ ਬਹੁਮੁੱਲੇ ਵਿਚਾਰ ਮਿਲਦੇ ਹਨ, ਉਨ੍ਹਾਂ ਸਭ ਦਾ ਧੁਰਾ ਇਹੋ ਹੈ ਕਿ ਅਧਿਆਪਕ ਬੱਚੇ ਦੇ ਮਾਨਸਿਕ ਸੰਸਾਰ ਨਾਲ ਡੂੰਘੀ ਸਾਂਝ ਪਾਵੇ ਅਤੇ ਉਸ ਨੂੰ ਗਿਆਨ ਦੇਣ ਦੇ ਨਾਲ ਨਾਲ ਵਧੀਆ ਇਨਸਾਨ ਬਣਨ ਵਿੱਚ ਸਹਾਈ ਹੋਵੇ।

ਪੁਸਤਕ ਦਾ ਦੂਸਰਾ ਪੱਖ ਇਹ ਵੀ ਹੈ ਕਿ ਇਸ ਵਿੱਚ ਭੂਗੋਲਿਕ, ਸਮਾਜਿਕ ਅਤੇ ਸਭਿਆਚਾਰਕ ਮਾਹੌਲ ਰੂਸ ਦਾ ਹੈ - ਜਿਵੇਂ ਬਰਫ਼ਾਂ ਪੈਣੀਆਂ, ਜੰਗਲ, ਵਿਸ਼ਾਲ ਖੁੱਲ੍ਹੀਆਂ ਥਾਵਾਂ, ਰੂਸੀ ਲੋਕ-ਕਹਾਣੀਆਂ ਅਤੇ ਮਿੱਥਾਂ ਦਾ ਜ਼ਿਕਰ, ਵੱਖਰੀਆਂ ਰਾਜਨੀਤਕ ਹਾਲਤਾਂ ਅਤੇ ਸਾਂਝੇ ਫਾਰਮ ਆਦਿ ਹੋਣਾ, ਜੋ ਪੰਜਾਬ ਵਿੱਚ ਨਹੀਂ ਹਨ। ਅਨੁਵਾਦ ਵਿਚਲੇ ਕੁਝ ਸ਼ਬਦ ਵੀ ਸਾਡੀ ਆਮ ਬੋਲਚਾਲ ਵਾਲੇ ਨਹੀਂ ਹਨ। ਪੁਸਤਕ ਕਾਫੀ ਵੱਡੀ ਹੈ, ਬਾਰੀਕ ਟਾਈਪ ਵਿੱਚ ਵੀ ਇਸਦੇ ਤਿੰਨ ਸੌ ਤੋਂ ਉਪਰ ਸਫੇ ਹਨ। ਪਰ ਇਨ੍ਹਾਂ ਗੱਲਾਂ ਦੇ ਬਾਵਜੂਦ ਬੱਚਿਆਂ ਦੇ ਮਨੋਵਿਗਿਆਨ ਅਤੇ ਵਿਕਾਸ ਪੜਾਵਾਂ ਦੀ ਸਾਂਝ, ਸਿੱਖਿਆ ਦੇ ਉੱਚੇ ਉਦੇਸ਼ ਅਤੇ ਸਿੱਖਿਆ ਦੀਆਂ ਪ੍ਰਚਲਿਤ ਧਾਰਨਾਵਾਂ ਆਦਿ ਦੀ ਸਾਂਝ ਇਸ ਪੁਸਤਕ ਨੂੰ ਸਾਡੇ ਅਧਿਆਪਕਾਂ ਅਤੇ ਮਾਪਿਆਂ ਲਈ ਬਹੁਤ ਮੁੱਲਵਾਨ ਬਣਾਉਂਦੀ ਹੈ। **98767 10809**

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ 'ਤਰਕਸ਼ੀਲ ਪਥ' (ਹਿੰਦੀ) ਦੇ ਸੰਪਾਦਕ ਲੈਕਚਰਰ ਬਲਵੰਤ ਸਿੰਘ ਦੇ ਵੱਡੇ ਭਰਾ ਕੁਲਵੰਤ ਸਿੰਘ ਜੀ (ਰਿਟਾਇਰਡ ਏ ਐਸ ਆਈ), ਇਕਾਈ ਧੂਰੀ ਦੇ ਸੀਨੀਅਰ ਆਗੂ ਰਤਨ ਸਿੰਘ ਭੰਡਾਰੀ ਦੇ ਨੌਜਵਾਨ ਬੇਟੇ ਲਵਜੀਤ ਭੰਡਾਰੀ ਦੀ ਦਰਦਨਾਕ ਮੌਤ, ਸਰੀਰ ਪ੍ਰਦਾਨੀ ਮਾਤਾ ਗੁਰਨਾਮ ਕੌਰ ਪੰਜਗਰਾਈ, ਜੋਨ ਚੰਡੀਗੜ੍ਹ ਦੇ ਮੀਡੀਆ ਵਿਭਾਗ ਮੁਖੀ ਅਜੀਤ ਪ੍ਰਦੇਸੀ ਦੀ ਭੈਣ ਗੁਰਦੇਵ ਕੌਰ ਜੀ, ਜੋਨ ਆਗੂ ਰਤਨ ਮੂਣਕ ਦੇ ਪਿਤਾ ਸੁਖਦੇਵ ਸਿੰਘ ਰਾਓ ਜੀ, ਪ੍ਰਸਿੱਧ ਅਨੁਵਾਦਕ ਡਾ. ਗੁਰਬਖਸ਼ ਫਰੈਂਕ, ਨਾਮਵਾਰ ਸ਼ਾਇਰ ਦੇਵ ਦਰਦ ਦੀ ਅਚਾਨਕ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।



ਪ੍ਰਤੀਕਰਮ

ਮੁਹੱਬਤ ਪਿਆਰਿਓ, ਬਹੁਤ ਸ਼ੁਕਰਾਨਾ ਮੈਗਜ਼ੀਨ 'ਚ ਮਾਣ ਦੇਣ ਲਈ। ਅਥਾਹ ਖੁਸ਼ੀ ਹੋਈ। ਨਾਮ ਬਸ ਗਲਤ ਛਾਪਤਾ ਤੁਸੀਂ। ਰਾਣਾ ਰਣਬੀਰ ਲਿਖਦਾ ਜੀ ਮੈਂ। ਪਿਆਰ ਨਾਲ-

ਰਾਣਾ ਰਣਬੀਰ

'ਤਰਕਸ਼ੀਲ' ਮੈਗਜ਼ੀਨ ਮਾਰਚ-ਅਪ੍ਰੈਲ 2022 ਦੇ ਅੰਕ ਦਾ ਫਰੰਟ ਪੇਜ ਸੋਹਣਾ ਲੱਗਿਆ। ਇਸ ਅੰਕ ਦਾ ਲਗਭਗ ਸਮੁੱਚਾ ਮੈਟਰ ਕਮਾਲ ਦੀ ਜਾਣਕਾਰੀ ਨਾਲ ਭਰਪੂਰ ਸੀ। ਲੱਭਣ ਦੇ ਬਾਵਜੂਦ ਵੀ ਇਸ ਅੰਕ ਵਿਚ ਕਮੀ ਪੇਸ਼ੀ ਕੋਈ ਲੱਭੀ ਹੀ ਨਹੀਂ। ਇੱਕ ਸੁਝਾਅ ਹੈ ਕਿ ਜੇਕਰ ਸੰਭਵ ਹੋਵੇ ਤਾਂ 'ਤਰਕਸ਼ੀਲ' ਮੈਗਜ਼ੀਨ ਦੇ ਲੇਖਕਾਂ ਦਾ ਸਨਮਾਨ ਸਮਾਰੋਹ ਜਾਂ ਲੇਖਕ ਮਿਲਣੀ ਹੋ ਜਾਣੀ ਚਾਹੀਦੀ ਹੈ। ਮੈਗਜ਼ੀਨ ਕਾਬਲ-ਏ-ਤਾਰੀਫ ਕਿਹਾ ਜਾ ਸਕਦਾ ਹੈ। ਗਿਆਨ ਦਾ ਅਥਾਹ ਸਮੁੰਦਰ ਮੋਤੀ, ਹੀਰੇ, ਜਵਾਹਰਾਤ ਲੱਭਦੇ ਹਨ ਇਸ ਸਾਗਰ ਵਿਚੋਂ, ਜੇ ਲੱਭਣ ਵਾਲੇ ਗੋਤਾਖੋਰ ਤੁਰ ਪੈਣ। ਲੇਖਕ, ਸੰਪਾਦਕ, ਸੰਪਾਦਕੀ ਬੋਰਡ, ਪ੍ਰਬੰਧਕੀ ਕਾਮੇ ਅਤੇ ਜਥੇਬੰਦੀ ਦੇ ਜੁਝਾਰੂ ਸਾਥੀਆਂ ਨੂੰ ਝੁਕ-ਝੁਕ ਸਲਾਮਾਂ। **ਅਜੀਤ ਪ੍ਰਦੇਸ਼ੀ**

...ਪੰਨਾ 4 ਦਾ ਬਾਕੀ ਇੱਥੇ ਬਰਾਬਰਤਾ ਵਾਲਾ ਸਮਾਜ ਉੱਸਰ ਜਾਵੇਗਾ ਤੇ ਹਰ ਮਨੁੱਖੀ ਪ੍ਰਾਣੀ ਦੀ ਲੁੱਟ ਅਸੰਭਵ ਹੋ ਜਾਣ ਕਰਕੇ ਹਰ ਪ੍ਰਾਣੀ ਲੁੱਟ ਤੋਂ ਮੁਕਤ ਹੋ ਜਾਵੇਗਾ ਉਦੋਂ ਦੀ ਦੁਨੀਆਂ ਖੁਸ਼ੀਆਂ ਭਰੀ ਹੋਵੇਗੀ। ਉਸ ਸਮੇਂ ਕੋਈ ਵੀ ਮਨੁੱਖ ਆਪਣੇ ਦਿਮਾਗ 'ਚ ਮਰਨ-ਜੰਮਣ ਤੋਂ ਰਹਿਤ ਹੋਣ ਦਾ ਮੁਕਤੀ ਦੇ ਭਰਮ ਵਾਲਾ ਸੰਕਲਪ ਨਹੀਂ ਪਾਲੇਗਾ ਅਤੇ ਨਾ ਹੀ ਉਹ ਕਿਸੇ ਕਾਲਪਨਿਕ ਸ਼ਕਤੀ ਦਾ ਸਹਾਰਾ ਲੈਣ ਵਾਲੇ ਅੰਧ-ਵਿਸ਼ਵਾਸ ਵੱਲ ਭੱਜੇਗਾ। ਹਰ ਇਨਸਾਨ ਵੱਧ ਤੋਂ ਵੱਧ ਜੀਵਨ ਜਿਉਣ ਦੀ ਲੋਚਾ ਰੱਖੇਗਾ ਅਤੇ ਬਰਾਬਰੀ ਵਾਲਾ ਸਮਾਜ ਹੋਣ ਕਰਕੇ ਹਰ ਪ੍ਰਾਣੀ ਨੂੰ ਲੋੜੀਂਦੀਆਂ ਹਰ ਸਹੂਲਤਾਂ ਮਿਲਦੀਆਂ ਵੀ ਹੋਣਗੀਆਂ ਜਿਸ ਕਰਕੇ ਉਸ ਦੀ ਉਮਰ ਲਮੇਰੀ ਹੋ ਸਕੇ।

ਮਈ ਦੇ ਸ਼ਹੀਦਾਂ ਨੂੰ ਸਲਾਮ! **98769-53561**


ਹਵਾਲੇ: 1, 2 ਵਿਕਾਸ ਦੀ ਰਾਜਨੀਤਿਕ ਆਰਥਕਤਾ, ਡਾ. ਬਲਬੀਰ ਸਿੰਘ, ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਾਲ 2003, ਸਫਾ 78

3.- ਉਪਰੋਕਤ- ਸਫਾ 166

4. ਪੰਜਾਬੀ ਟ੍ਰਿਬਿਊਨ, 12 ਅਪ੍ਰੈਲ, 2022, ਲੇਖਕ: ਅਰਥ-ਸ਼ਾਸ਼ਤਰੀ ਸੁੱਚਾ ਸਿੰਘ ਗਿੱਲ

ਫਾਸ਼ੀ ਤੂਫ਼ਾਨੀ ਪ੍ਰਚਾਰ

ਟੇਕਫਾਗ : ਨਫ਼ਰਤ ਦੀ ਆਟੋ ਮੇਟਿਡ ਟੂਲਕਿਟ



ਐੱਮ. ਅਸੀਮ

ਟੇਕਫਾਗ ਬੀ.ਜੇ.ਪੀ. ਆਈ.ਟੀ.ਸੈੱਲ ਵੱਲੋਂ ਵਰਤਿਆ ਜਾਣ ਵਾਲਾ ਉਹ ਏਪ ਹੈ ਜਿਸ ਰਾਹੀਂ ਉਹ ਮਿੰਟਾਂ ਘੰਟਿਆਂ ਵਿਚ ਸਵੈ-ਚਾਲਿਤ ਤਰੀਕੇ ਨਾਲ ਸੋਸ਼ਲ ਮੀਡੀਆ ਦੇ ਟਵਿਟਰ, ਫੇਸਬੁੱਕ, ਵਟਸਅਪ, ਸ਼ੇਅਰਚੈਟ ਆਦਿ ਪਲੇਟਫਾਰਮਾਂ ਦੇ ਜ਼ਰੀਏ ਆਪਣੇ ਪ੍ਰਚਾਰ, ਵਿਰੋਧੀਆਂ ’ਤੇ ਹਮਲਿਆਂ ਅਤੇ ਨਫ਼ਰਤੀ ਦੁਰ-ਪ੍ਰਚਾਰ ਦਾ ਅਜਿਹਾ ਤੂਫ਼ਾਨ ਛੇੜਦੀ ਹੈ ਜਿਸ ਤੋਂ ਅਜਿਹਾ ਲਗਦਾ ਹੈ ਕਿ ਉਸਦੇ ਪੱਖ ਵਿਚ ਲੱਖਾਂ ਲੋਕ ਸੋਸ਼ਲ ਮੀਡੀਆ ’ਤੇ ਲਿਖ ਰਹੇ ਹਨ ਤਾਂ ਜੋ ਵਿਰੋਧੀਆਂ ਦੀ ਆਵਾਜ਼ ਉਸ ਵਿਚ ਦਬ ਕੇ ਰਹਿ ਜਾਵੇ। ਅਪ੍ਰੈਲ 2020 ਵਿਚ ਨੌਕਰੀ ਦਾ ਵਾਅਦਾ ਪੂਰਾ ਨਾ ਹੋਣ ’ਤੇ ਬੀ.ਜੇ.ਪੀ. ਆਈ. ਟੀ. ਸੈੱਲ ਦੀ ਇਕ ਸਾਬਕਾ ਮੈਂਬਰ ਆਰਤੀ ਸ਼ਰਮਾਂ ਨੇ ਇੱਕ ਟਵੀਟ ਵਿਚ ਇਸ ਏਪ ਦਾ ਨਾਮ ਜ਼ਾਹਰ ਕਰ ਦਿੱਤਾ ਸੀ। ਇਸ ਤੋਂ ਬਾਅਦ ਦੋ ਪੱਤਰਕਾਰਾਂ ਵੱਲੋਂ ਲੰਬੀ ਜਾਂਚ ਪੜਤਾਲ ਦੀ ਰਿਪੋਰਟ ‘ਦ ਵਾਇਰ’ ਨੇ 3 ਕਿਸ਼ਤਾਂ ਵਿਚ ਪ੍ਰਕਾਸ਼ਿਤ ਕੀਤੀ ਹੈ, ਜਿਸ ਦੇ ਮੁੱਖ ਬਿੰਦੂ ਨਿਮਨ ਹਨ :

1. ਇਹ ਏਪ ਵੱਖ-ਵੱਖ ਸ਼ੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਖੁਦ ਵੱਡੀ ਗਿਣਤੀ ਵਿਚ ਅਕਾਊਂਟ ਬਣਾ ਸਕਦਾ ਹੈ ਜਿਸ ਦੇ ਜਰੀਏ ਇੱਕ ਹੀ ਵਿਅਕਤੀ ਇਨ੍ਹਾਂ ਪਲੇਟ ਫਾਰਮਾਂ ਦੀ ਵੈਲਿਡੇਸ਼ਨਸ ਨੂੰ ਬਾਈਪਾਸ ਕਰਕੇ ਉਸ ’ਤੇ ਮਨ ਚਾਹੇ ਪੋਸਟ/ਮੈਸੇਜ ਆਦਿ ਕਰ ਸਕਦਾ ਹੈ। ਇਸ ਰਾਹੀਂ ਹਜ਼ਾਰਾਂ-ਲੱਖਾਂ ਮੈਸੇਜ ਰਾਹੀਂ ਸੋਸ਼ਲ ਮੀਡੀਆ ’ਤੇ ਮਨਚਾਹੇ ਟ੍ਰੇਂਡਸ ਨੂੰ ਕੁੱਝ ਹੀ ਸਮੇਂ ਵਿਚ ਸਿਖਰ ’ਤੇ ਲਿਆਇਆ ਜਾ ਸਕਦਾ ਹੈ।

2. ਇਸ ਦੇ ਜਰੀਏ ਬੀ.ਜੇ.ਪੀ., ਆਈ.ਟੀ. ਸੈੱਲ ਦੇ ਲੋਕ ਦੂਸਰੇ ਦੇ ਕ੍ਰਿਆਹੀਣ ਵਟਸਅਪ ਅਕਾਊਂਟ ਵਿਚ ਸੇਂਧ ਲਗਾ ਕੇ ਉਸਦੇ ਕਨਟੈਕਟਸ ਨੂੰ ਮਨਚਾਹੇ ਸੁਨੇਹੇ ਭੇਜ ਸਕਦੇ ਹਨ ਜਿਸ ਤੋਂ ਲੱਗੇਗਾ ਕਿ ਉਹ ਵਿਅਕਤੀ ਖ਼ੁਦ ਅਜਿਹੇ ਸੁਨੇਹੇ ਭੇਜ ਰਿਹਾ ਹੈ। ਬਹੁਤ ਸਾਰੇ ਵਟਸਅਪ ਗਰੁੱਪਾਂ ਦਾ ਪ੍ਰਬੰਧਨ ਵੀ ਇਸ ਦੇ ਜਰੀਏ ਸੰਭਵ ਹੈ।

3. ਬੀ.ਜੇ.ਪੀ. ਦਾ ਵਿਰੋਧ ਕਰਨ ਵਾਲੇ ਪੱਤਰਕਾਰਾਂ/ਬੁੱਧੀਜੀਵੀਆਂ/ਕਲਾਕਾਰਾਂ ਵਗੈਰਾ ਨੂੰ ਨਿਸ਼ਾਨਾ ਬਨਾਉਣ ਲਈ ਏਪ ਵਿਚ ਏਕਸਲ ਸ਼ੀਟ ਨੂੰ ਜੋੜ ਕੇ ਉਹਨਾਂ ਨੂੰ ਸਵੈ-ਚਾਲਿਤ ਢੰਗ ਨਾਲ ਭਾਰੀ ਗਿਣਤੀ ਵਿਚ ਗਾਲ੍ਹਾਂ, ਧਮਕੀਆਂ ਆਦਿ ਭੇਜੇ ਜਾ ਸਕਦੇ ਹਨ। ਉਹਨਾਂ ਦੇ ਪੋਸਟ/ਟਵੀਟ ਆਦਿ ਦੇ ਮਨਚਾਹੇ ਜਵਾਬ ਭੇਜੇ ਜਾ ਸਕਦੇ ਹਨ। ਉਹਨਾਂ ਦੀਆਂ ਗੱਲਾਂ ’ਤੇ ਕੁਤਰਕ ਭਰੇ ਸਵਾਲ ਕੀਤੇ ਜਾ ਸਕਦੇ ਹਨ। ਇਸ ਦੇ ਜਰੀਏ ਸਰਕਾਰ ਅਤੇ ਬੀ.ਜੇ.ਪੀ. ’ਤੇ ਪ੍ਰਸ਼ਨ ਉਠਾਉਣ ਵਾਲੀਆਂ ਕੁੱਝ ਪ੍ਰਮੁੱਖ ਔਰਤਾਂ, ਵਿਸ਼ੇਸ਼ ਤੌਰ ’ਤੇ ਪੱਤਰਕਾਰ ਔਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਲੱਖਾਂ ਟਵੀਟਸ ਰਾਹੀਂ ਉਹਨਾਂ ਨੂੰ ਰੰਡੀ, ਵੇਸ਼ਵਾ, ਦੇਸ਼ ਧ੍ਰੋਹੀ ਆਦਿ ਬਹੁਤ ਕੁੱਝ ਕਿਹਾ ਗਿਆ, ਉਹਨਾਂ ਨੂੰ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਕਤਲ ਅਤੇ ਬਲਾਤਕਾਰ ਦੀਆਂ ਧਮਕੀਆਂ ਦਿੱਤੀਆਂ ਗਈਆਂ।

4. ਸੋਸ਼ਲ ਮੀਡੀਆ ਵਿਚ ਇਹ ਖੋਜ ਕੇ ਕਿ ਕੌਣ ਸਰਕਾਰ ’ਤੇ ਸਵਾਲ ਚੁੱਕ ਰਿਹਾ ਹੈ, ਉਸ ਦੇ ਖਿਲਾਫ਼ ਬੇਇੱਜ਼ਤੀ ਭਰਪੂਰ ਟਿੱਪਣੀਆਂ ਸਵੈਚਾਲਿਤ ਢੰਗ ਨਾਲ ਕੀਤੀਆਂ ਜਾ ਸਕਦੀਆਂ ਹਨ।

5. ਪਹਿਲਾਂ ਤਬਲੀਗੀ ਜਮਾਤ ਦੇ ਖਿਲਾਫ਼ ਅਤੇ ਫਿਰ ਸੀ. ਏ. ਏ. ਅੰਦੋਲਨ ਵਕਤ ਦਿੱਲੀ ਵਿਚ ਹਿੰਸਾ ਫੈਲਾਉਣ ਲਈ ਇਸ ਏਪ ਦੀ ਵਰਤੋਂ ਕੀਤੀ ਗਈ।

6. ਇਸ ਕੰਮ ਲਈ ਸ਼ੇਅਰ ਚੈਟ ਵਰਗੇ ਹੋਰ ਵੀ ਕਈ ਆਈ.ਟੀ. ਟੂਲਸ ਦਾ ਸਹਾਰਾ ਲਿਆ ਜਾਂਦਾ ਹੈ। ਇਸ ਦੇ ਜਰੀਏ ਪਹਿਲਾਂ ਕੀ ਫੈਲਾਉਣਾ ਹੈ, ਇਹ ਤੈਅ ਕਰ ਲਿਆ ਜਾਂਦਾ ਹੈ। ਫਿਰ ਟੈਕਫਾਗ ਜਰੀਏ ਉਸ ਨੂੰ ਵੱਡੇ ਪੱਧਰ ’ਤੇ ਫੈਲਾਇਆ ਜਾਂਦਾ ਹੈ।

ਇਸ ਤਰ੍ਹਾਂ ਟੇਕਫਾਗ ਬੀ.ਜੇ.ਪੀ. ਦੁਰ-ਪ੍ਰਚਾਰ ਅਤੇ ਨਫ਼ਰਤੀ ਮੁਹਿੰਮ ਦਾ ਟੂਲਕਿਟ ਹੈ। 99673-45125

ਧਰਮ ਸੰਸਦ

ਹਿੰਦੂ ਰਾਸ਼ਟਰ ਸੰਵਿਧਾਨ

ਪ੍ਰਯਾਗ ਰਾਜ ਤੋਂ ਭਾਰਤ ਨੂੰ ‘ਹਿੰਦੂ ਰਾਸ਼ਟਰ’ ਬਨਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ‘ਸੰਤਾਂ’ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਹਿੰਦੂ ਰਾਸ਼ਟਰ ਦਾ ਆਪਣਾ ਸੰਵਿਧਾਨ ਹੋਵੇਗਾ ਜਿਸ ਨੂੰ ‘ਹਿੰਦੂ ਰਾਸ਼ਟਰ ਸੰਵਿਧਾਨ’ ਨਾਮ ਦਿੱਤਾ ਜਾਵੇਗਾ। ਕੁੱਲ ਹਿੰਦ ਵਿਦਵਾਨ ਪਰੀਸ਼ਦ ਦੇ ਆਗੂ ਡਾ. ਕਾਮਸ਼ੇਵਰ ਉਪਾਧਿਆਏ ਸੰਵਿਧਾਨ ਨਿਰਮਾਣ ਦੇ ਸੰਯੋਜਕ ਬਣਾਏ ਗਏ ਹਨ।

ਲਾਜ਼ਮੀ ਹੋਵੇਗੀ ਗੁਰੂਕੁਲ ਸਿੱਖਿਆ

'ਹਿੰਦੂ ਰਾਸ਼ਟਰ ਸੰਵਿਧਾਨ' ਵਿਚ ਗੀਤਾ, ਸ੍ਰੀ ਰਾਮ ਚਰਿੱਤਰ ਮਾਨਸ, ਮਨੂ-ਸਿਮ੍ਰਿਤੀ ਸਮੇਤ ਸਾਰੇ ਵੇਦ, ਪੁਰਾਣਾਂ ਦੇ ਅੰਸ਼ ਸ਼ਾਮਲ ਹੋਣਗੇ। ਗੁਰੂ ਕੁਲ ਸਿੱਖਿਆ ਲਾਜ਼ਮੀ ਹੋਵੇਗੀ। 3 ਤੋਂ 8 ਸਾਲ ਦੇ ਬੱਚੇ ਇਹ ਪ੍ਰਾਪਤ ਕਰਣਗੇ। ਫਿਰ ਹੀ ਹੋਰ ਸਕੂਲਾਂ ਵਿਚ ਜਾਣ ਦੀ ਆਗਿਆ ਮਿਲੇਗੀ।

ਇਸ ਅਧੀਨ ਕਾਨੂੰਨੀ ਜਾਣਕਾਰਾਂ, ਸ਼ਾਸਤਰ ਮਾਹਿਰਾਂ ਅਤੇ ਸੁਰੱਖਿਆ ਮਾਹਿਰਾਂ ਦੀਆਂ ਤਿੰਨ ਕਮੇਟੀਆਂ ਬਨਣਗੀਆਂ। ਹਰ ਕਮੇਟੀ ਵਿੱਚ ਘੱਟੋਂ-ਘੱਟ 25 ਜਣੇ ਸ਼ਾਮਲ ਹੋਣਗੇ। ਸਾਵਣ ਦੇ ਮਹੀਨੇ ਤੱਕ 'ਹਿੰਦੂ ਰਾਸ਼ਟਰ ਸੰਵਿਧਾਨ' ਦਾ ਖਰੜਾ ਤਿਆਰ ਕਰਨ ਦਾ ਟੀਚਾ ਹੈ। ਇਸ ਵਿੱਚ ਸਿੱਖ, ਬੌਧੀ, ਜੈਨ ਸਮੇਤ 127 ਪੰਥਾਂ ਦੇ ਨੁੰਮਾਇੰਦੇ ਸ਼ਾਮਲ ਹੋਣਗੇ। 2023 ਦੇ ਮਾਘ ਮੇਲੇ ਵਿਚ ਧਰਮ ਸੰਸਦ ਸੰਚਾਲਨ ਕਮੇਟੀ ਸੰਤ ਸੰਮੇਲਨ ਦਾ ਆਯੋਜਨ ਕਰਕੇ ਉਸ ਵਿਚ ਨਵੇਂ ਸੰਵਿਧਾਨ ਨੂੰ ਸੰਤਾਂ ਅਤੇ ਸ਼ਰਧਾਲੂਆਂ ਦੇ ਸਾਹਮਣੇ ਪੇਸ਼ ਕਰੇਗੀ। ਮਾਘ ਮੇਲਾ ਖੇਤਰ ਦੇ ਬ੍ਰਹਮਰਿਸ਼ੀ ਆਸ਼ਰਮ ਕੈਂਪ ਵਿਚ 29 ਜਨਵਰੀ ਨੂੰ ਧਰਮ ਸੰਸਦ ਸੰਚਾਲਨ ਕਮੇਟੀ ਨੇ ਸੰਤ ਸੰਮੇਲਨ ਆਯੋਜਿਤ ਕੀਤਾ ਸੀ। ਸੰਮੇਲਨ ਵਿਚ ਭਾਰਤ ਨੂੰ ਹਿੰਦੂ ਰਾਸ਼ਟਰ ਬੋਲਣ ਅਤੇ ਲਿਖਣ ਦਾ ਮਤਾ ਪਾਸ ਹੋਇਆ ਸੀ।

ਧਰਮ ਸੰਸਦ ਸੰਚਾਲਨ ਕਮੇਟੀ ਦੇ ਸੰਯੋਜਕ ਸਵਾਮੀ ਆਨੰਦ ਸਰੂਪ ਨੇ ਦੱਸਿਆ ਕਿ ਹਿੰਦੂ ਰਾਸ਼ਟਰ ਬਨਾਉਣ ਦੀ ਦਿਸ਼ਾ ਵਿਚ ਕੰਮ ਸ਼ੁਰੂ ਹੈ। ਦੇਸ਼ ਦੇ 543 ਸੰਸਦੀ ਖੇਤਰਾਂ ਵਿਚ ਸਾਂਸਦ (ਐਮ.ਪੀ.) ਦੀ ਥਾਂ 'ਧਰਮ ਸਾਂਸਦ' ਦੀ ਚੋਣ ਹੋਵੇਗੀ। ਹਿੰਦੂ ਰਾਸ਼ਟਰ ਦੇ ਸੰਵਿਧਾਨ ਵਿਚ ਧਰਮ ਸਾਂਸਦਾਂ ਦੀ ਚੋਣ ਲਈ ਘੱਟੋ-ਘੱਟ ਉਮਰ 25 ਸਾਲ ਅਤੇ ਵੋਟਰ (ਮੱਤਦਾਤਾ) ਦੀ 16 ਸਾਲ ਹੋਵੇਗੀ। ਹਿੰਦੂ ਰਾਸ਼ਟਰ ਦਾ ਮੰਤਰੀ ਮੰਡਲ ਚੰਦਰ ਗੁਪਤ ਮੋਰੀਆ ਵਾਂਗ ਬਣਾਇਆ ਜਾਵੇਗਾ। ਮੁਸਲਮਾਨਾਂ ਨੂੰ ਸਨਮਾਨ ਅਤੇ ਸੁਰੱਖਿਆ ਮਿਲੇਗੀ ਪਰ ਵੋਟ ਦਾ ਹੱਕ ਨਹੀਂ ਹੋਵੇਗਾ। ਮਹਾਂਮੰਡਲੇਸ਼ਵਰ ਅੰਨਪੂਰਣਾ ਭਾਰਤੀ ਨੇ ਕਿਹਾ ਕਿ ਇਸਲਾਮੀ ਜੱਹਾਦ ਦੇ ਖਿਲਾਫ਼ ਲੜਾਈ ਤੇਜ ਹੋਵੇਗੀ। ਸਾਨੂੰ ਰੋਕਣ ਲਈ ਅੰਤਰ-ਰਾਸ਼ਟਰੀ ਪੱਧਰ ਦੀ ਸਾਜਿਸ਼ ਰਚੀ ਜਾ ਰਹੀ ਹੈ, ਪਰ ਮੁਹਿੰਮ ਰੁਕੇਗੀ ਨਹੀਂ। ਹਿੰਦੂ ਰਾਸ਼ਟਰ ਬਨਾਉਣ ਅਤੇ ਇਸਲਾਮੀ ਜੱਹਾਦ ਖਤਮ ਕਰਨ ਲਈ ਆਖਰੀ ਸਾਹ ਤੱਕ ਲੜਾਂਗੇ।

ਦੈਨਿਕ ਜਾਗਰਣ, ਵਾਰਾਣਸੀ, 11 ਫਰਵਰੀ, 2022
ਸ਼ਰਦ ਦ੍ਵਿਵੇਦੀ - ਪ੍ਰਯਾਗਰਾਜ
ਪੰਜਾਬੀ ਅਨੁਵਾਦ- ਬਲਵੀਰ ਲੌਂਗੋਵਾਲ

... ਪੰਨਾ 6 ਦਾ ਬਾਕੀ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਤਣਾਅ ਦੇ ਕਈ ਰੂਪ ਹਨ -ਤਾਪਮਾਨ ਦੇ ਝਟਕੇ, ਆਕਸੀਜਨ ਕੁਝ ਦੇਰ ਲਈ ਘਟਾ ਦੇਣਾ, ਰੇਡੀਏਸ਼ਨ ਆਦਿ। ਏਸੇ ਤਰ੍ਹਾਂ ਅਸੀਂ ਭੋਜਨ ਵਾਲੇ ਤਣਾਅ ਦੀ ਗੱਲ ਕਰਾਂਗੇ। ਕੁੱਝ ਦਿਨਾਂ ਬਾਅਦ ਘੱਟ ਭੋਜਨ ਖਾਣਾ ਜਾਂ ਫ਼ਾਕਾ ਕੱਟਣ ਨਾਲ ਵੀ ਫਾਇਦਾ ਹੁੰਦਾ ਹੈ। ਬਹੁਤ ਸਾਰਾ ਭੋਜਨ ਜ਼ਹਿਰ ਹੁੰਦਾ ਹੈ, ਕਿਉਂਕਿ ਬੂਟੇ ਨਹੀਂ ਚਾਹੁੰਦੇ ਕਿ ਕੋਈ ਉਨ੍ਹਾਂ ਨੂੰ ਖਾਵੇ। ਇਸ ਲਈ ਜਾਨਵਰਾਂ ਦੁਆਰਾ ਖਾਧੇ ਜਾਣ ਤੋਂ ਬਚਣ ਲਈ ਉਨ੍ਹਾਂ ਵਿਚ ਜ਼ਹਿਰ ਪੈਦਾ ਹੋ ਜਾਂਦੀ ਹੈ। ਇਸ ਵਿਚ ਆਪਾਂ ਹਲਦੀ, ਲਸਣ, ਅਦਰਕ ਆਦਿ ਮਸਾਲਿਆਂ ਦੀ ਗੱਲ ਕਰਾਂਗੇ।

ਫਿਰ ਆਉਂਦਾ ਹੈ-ਮਾਨਸਿਕ ਤਣਾਅ। ਜਿਸ ਬਾਰੇ ਸਭ ਤੋਂ ਜਿਆਦਾ ਗੱਲ ਹੁੰਦੀ ਹੈ। ਹਲਕਾ ਮਾਨਸਿਕ ਤਣਾਅ ਦੇਣ ਨਾਲ ਵੀ ਉਮਰ ਵਧਦੀ ਹੈ। ਇਕ ਦਿਲਚਸਪ ਪ੍ਰਯੋਗ ਮੇਰੇ ਇਕ ਵਿਗਿਆਨੀ ਦੋਸਤ ਵੱਲੋਂ ਕੀਤਾ ਗਿਆ-ਇਕ ਚੂਹੇ ਨੂੰ ਪਲਾਸਟਿਕ ਦੇ ਡੱਬੇ ਵਿੱਚ ਬੰਦ ਕੀਤਾ ਗਿਆ। ਉਸ ਡੱਬੇ ਉੱਤੇ ਇਕ ਬਿੱਲੀ ਬਿਠਾ ਦਿੱਤੀ ਗਈ।ਜਾਣੀ ਕਿ ਚੂਹੇ ਨੂੰ ਮਾਨਸਿਕ ਤਣਾਅ ਦਿੱਤਾ ਗਿਆ। ਵਾਰ ਵਾਰ ਇਸ ਕਿਰਿਆ ਨੂੰ ਦੁਹਰਾਉਣ 'ਤੇ ਦੇਖਿਆ ਗਿਆ ਕਿ ਭੋਜਨ ਲੱਭਣ ਲਈ ਚੂਹੇ ਦੀ ਯਾਦਦਾਸ਼ਤ ਵੱਧ ਗਈ ਸੀ ਅਤੇ ਚੂਹਾ ਲੋੜ ਤੋਂ ਵੱਧ ਚੁਸਤ ਹੋ ਗਿਆ ਸੀ। ਇਸ ਸਾਰੇ ਵਿਸਤਾਰੇ ਪਿੱਛੇ ਹੌਰਮੇਸਿਸ ਦਾ ਸੰਕਲਪ ਕੰਮ ਕਰਦਾ ਹੈ। ਵਾਰ ਵਾਰ ਹੋਣ ਵਾਲੇ ਹਲਕੇ ਤਣਾਅ ਦੇਣ ਦੇ ਫਾਇਦੇ ਦਰਸਾਏ ਗਏ ਹਨ। ਪਰ ਤਣਾਅ ਦੀ ਮਾਤਰਾ ਕਿੰਨੀ ਕੁ ਹੋਵੇ ਇਹਦੇ ਬਾਰੇ ਵੀ ਗਲ ਕਰਾਂਗੇ। ਉਸ ਹਾਲਤ ਨੂੰ ਚਾਹੇ ਉਹ ਸਰੀਰਕ ਹੋਵੇ, ਮਾਨਸਿਕ ਹੋਵੇ, ਮਨੋ ਵਿਗਿਆਨਕ ਹੋਵੇ, ਜਿਸ ਵਿੱਚ ਹੋਰਮੇਸਿਸ ਵਾਪਰਦਾ ਹੈ, ਉਸ ਹਾਲਤ ਨੂੰ ਹੌਰਮੇਟਿਨ (Hormetin) ਕਿਹਾ ਜਾਂਦਾ ਹੈ। ਜਿਵੇਂ ਕਸਰਤ ਇਕ ਸਰੀਰਕ ਹੌਰਮੇਟਿਨ ਹੈ, ਮਸਾਲੇ ਖੁਰਾਕ ਦਾ ਹੌਰਮੇਟਿਨ ਹੈ, ਵਰਤ ਰਖਣਾ ਵੀ ਇਸੇ ਕੈਟੇਗਰੀ ਵਿਚ ਆਉਂਦਾ ਹੈ। ਹੌਰਮੇਟਿਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਸੰਦਰਭ ਵਿੱਚ ਦਵਾਈਆਂ ਦਾ ਉਦਯੋਗ ਵੱਧ ਫੁੱਲ ਰਿਹਾ ਹੈ। ਇਸ ਦੀਆਂ ਬਾਜ਼ਾਰ ਵਿੱਚ ਦਵਾਈਆਂ, ਕੈਪਸੂਲ, ਗੋਲੀਆਂ ਵੀ ਆ ਗਈਆਂ ਹਨ।

ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ/ਜਸਵੰਤ ਮੁਹਾਲੀ

ਦੁਨੀਆਂ ਵਿੱਚ ਦੋ ਤਰ੍ਹਾਂ ਦੇ ਲੋਕ ਹਨ: ਧਰਮ ਬਿਨ੍ਹਾਂ ਸੂਝਵਾਨ ਲੋਕ, ਅਤੇ ਸੂਝ ਬਿਨ੍ਹਾਂ ਧਾਰਮਿਕ ਲੋਕ। –

ਅਬੁਲ ਮਾਇਰੀ



ਬਾਲ ਪੰਨਾ



ਬੂਟਾ ਸਿੰਘ ਵਾਕਫ਼

ਪ੍ਰਕਾਸ਼ ਪ੍ਰਦੂਸ਼ਣ

ਮਨੁੱਖ ਦੇ ਧਰਤੀ ’ਤੇ ਜਨਮ ਅਤੇ ਵਿਕਾਸ ਦੇ ਕਰੋੜਾਂ ਵਰ੍ਹਿਆਂ ਦੌਰਾਨ ਉਸ ਦੇ ਕੁਦਰਤੀ ਵਿਵਹਾਰਾਂ, ਮਨੋ-ਸਥਿਤੀਆਂ, ਸੌਣ ਆਦਤਾਂ ਤੇ ਕੰਮ ਦੀਆਂ ਜੁਗਤਾਂ ਆਦਿ ਨੂੰ ਕੇਵਲ ਕੁਦਰਤੀ ਰੌਸ਼ਨੀ ਨੇ ਹੀ ਪ੍ਰਭਾਵਿਤ ਕੀਤਾ ਸੀ। ਪੱਥਰ ਯੁੱਗ ਵਿਚ ਅੱਗ ਦੀ ਖੋਜ ਨੇ ਮਨੁੱਖ ਦੇ ਇਨ੍ਹਾਂ ਵਿਵਹਾਰਾਂ ਨੂੰ ਕਿਸੇ ਹੱਦ ਤੱਕ ਪ੍ਰਭਾਵਿਤ ਕੀਤਾ। ਜਿਉਂ ਹੀ ਮਨੁੱਖ ਨੇ ਵਿਗਿਆਨ ਦੇ ਯੁੱਗ ਵਿਚ ਪੈਰ ਧਰਿਆ, ਬਿਜਲੀ ਤੇ ਬਿਜਲੀ ਦੇ ਬਲਬ ਦੀ ਖੋਜ ਹੋਈ, ਮਨੁੱਖ ਨੇ ਆਪਣੀ ਸੋਚ ਸ਼ਕਤੀ ਤੇ ਸਖ਼ਤ ਮਿਹਨਤ ਸਦਕਾ ਦੁਨੀਆਂ ਦੇ ਹਰ ਹਨੇਰੇ ਕੋਨੇ ਨੂੰ ਰੌਸ਼ਨ ਕਰ ਛੱਡਿਆ। ਦਿਨ ਤੇ ਰਾਤ ਵਿਚਲੇ ਫ਼ਾਸਲੇ ਮੇਟ ਦਿੱਤੇ। ਰਾਤ ਦੇ ਹਨੇਰੇ ਵਿਚ ਨਕਲੀ ਰੌਸ਼ਨੀ ਦੀ ਹੋਂਦ ਸਦਕਾ ਮਨੁੱਖ ਦਿਨ ਰਾਤ ਮਸ਼ੀਨ ਵਾਂਗ ਕੰਮ ਕਰਨ ਲੱਗਾ। ਇਹ ਇੱਕ ਯੁੱਗ ਪਲਟਾਊ ਕੋਸ਼ਿਸ਼ ਰਹੀ ਹੈ ਪਰ ਜਿਸ ਨੇ, ਜੇ ਮਨੁੱਖ ਦੀ ਤਰੱਕੀ ਲਈ ਭਰਵਾਂ ਯੋਗਦਾਨ ਪਾਇਆ ਹੈ, ਤਾਂ ਦੂਸਰੇ ਪਾਸੇ ਨਕਲੀ ਰੌਸ਼ਨੀ ਦੇ ਪ੍ਰਦੂਸ਼ਣ ਨੇ ਮਨੁੱਖ ਸਮੇਤ ਜੀਵ-ਜਾਤੀਆਂ ਨੂੰ ਬੇਹੱਦ ਪ੍ਰਭਾਵਿਤ ਵੀ ਕੀਤਾ ਹੈ। ਇਸ ਤੋਂ ਪਹਿਲਾਂ ਆਪਾਂ ਜਾਣੀਏ ਕਿ ਪ੍ਰਕਾਸ਼ ਪ੍ਰਦੂਸ਼ਣ ਕੀ ਹੁੰਦਾ ਹੈ, ਆਓ ਪਹਿਲਾਂ ਰੌਸ਼ਨੀ ਦੇ ਸਰੋਤਾਂ ਬਾਰੇ ਗੱਲ ਕਰੀਏ। ਰੌਸ਼ਨੀ ਦੇ ਸਰੋਤਾਂ ਨੂੰ ਦੋ ਮੁੱਖ ਭਾਗਾਂ ਵਿਚ ਵੰਡ ਸਕਦੇ ਹਾਂ :

ਕੁਦਰਤੀ ਸਰੋਤ : ਰੌਸ਼ਨੀ ਦੇ ਕੁਦਰਤੀ ਸਰੋਤ ਉਹ ਹੁੰਦੇ ਹਨ ਜਿੰਨਾਂ ਤੋਂ ਸਾਨੂੰ ਕੁਦਰਤੀ ਤੌਰ ’ਤੇ ਰੌਸ਼ਨੀ ਪ੍ਰਾਪਤ ਹੁੰਦੀ ਹੈ। ਸਾਡੀ ਧਰਤੀ ਲਈ ਸੂਰਜ ਰੌਸ਼ਨੀ ਦਾ ਮੁੱਖ ਕੁਦਰਤੀ ਸਰੋਤ ਹੈ। ਚੰਦਰਮਾ ਤੋਂ ਪ੍ਰਤੀਬਿੰਬਤ ਹੋ ਕੇ ਪ੍ਰਾਪਤ ਹੋਣ ਵਾਲੀ ਰੌਸ਼ਨੀ ਵੀ ਕੁਦਰਤੀ ਰੌਸ਼ਨੀ ਹੈ। ਰਾਤ ਨੂੰ ਆਕਾਸ਼ ਵਿਚ ਚਮਕਦੇ ਤਾਰੇ ਵੀ ਰੌਸ਼ਨੀ ਦਾ ਕੁਦਰਤੀ ਸਰੋਤ ਹਨ।

ਨਕਲੀ ਸਰੋਤ : ਰੌਸ਼ਨੀ ਦੇ ਕੁਦਰਤੀ ਸਰੋਤਾਂ ਤੋਂ ਇਲਾਵਾ ਹੋਰ ਜਿੰਨੇ ਵੀ ਸਰੋਤ ਮਨੁੱਖ ਦੁਆਰਾ ਤਿਆਰ ਕੀਤੇ ਗਏ ਹਨ, ਸਭ ਨਕਲੀ ਸਰੋਤ ਹਨ। ਘਰਾਂ, ਸੜਕਾਂ, ਗਲੀਆਂ, ਬਾਜ਼ਾਰਾਂ ਆਦਿ



ਵਿਚ ਜਗਦੇ ਰੰਗ-ਬਿਰੰਗੀ ਰੌਸ਼ਨੀ ਪੈਦਾ ਕਰਨ ਵਾਲੇ ਬਲਬ, ਟਿਊਬਾਂ, ਸੋਲਰ ਲਾਈਟਾਂ, ਸਰਚ ਤੇ ਫਲੱਡ ਲਾਈਟਾਂ, ਡੈਕੋਰੇਸ਼ਨ ਲਈ ਵਰਤੀਆਂ ਜਾਣ ਵਾਲੀਆਂ ਲਾਈਟਾਂ, ਵਹੀਕਲਾਂ ਦੀਆਂ ਲਾਈਟਾਂ ਆਦਿ ਤੋਂ ਪੈਦਾ ਹੋਣ ਵਾਲੀ ਰੌਸ਼ਨੀ ਨਕਲੀ ਰੌਸ਼ਨੀ ਅਖਵਾਉਂਦੀ ਹੈ।

ਪ੍ਰਕਾਸ਼ ਪ੍ਰਦੂਸ਼ਣ : ਕੁਦਰਤੀ ਰੌਸ਼ਨੀ ਦੇ ਰਾਹ ਵਿਚ ਰੁਕਾਵਟ ਪੈਦਾ ਕਰਨ ਵਾਲੀ ਨਕਲੀ ਰੌਸ਼ਨੀ ਹੀ ਪ੍ਰਕਾਸ਼ ਪ੍ਰਦੂਸ਼ਣ ਦਾ ਮੁੱਖ ਕਾਰਣ ਹੈ। ਨਕਲੀ ਰੌਸ਼ਨੀ ਦੀ ਅਸੰਜਮ ਨਾਲ ਕੀਤੀ ਵਰਤੋਂ ਆਮ ਲੋਕਾਂ, ਸਮਾਜ ਅਤੇ ਕੁਦਰਤੀ ਵਰਤਾਰਿਆਂ ਦੇ ਰਾਹ ਵਿਚ ਰੁਕਾਵਟਾਂ ਪੈਦਾ ਕਰਦੀ ਹੈ। ਇਸ ਨੂੰ ਪ੍ਰਕਾਸ਼ ਪ੍ਰਦੂਸ਼ਣ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਕੁਦਰਤੀ ਰੌਸ਼ਨੀ ਦੀ ਗੈਰ ਮੌਜੂਦਗੀ ਵਿਚ ਅਣਕਿਆਸੀ ਨਕਲੀ ਰੌਸ਼ਨੀ ਦਾ ਫੈਲਾਅ ਜਾਂ ਜਿੱਥੇ ਨਾ ਚਾਹੁੰਦਿਆਂ ਹੋਇਆਂ ਵੀ ਨਕਲੀ ਰੌਸ਼ਨੀ ਮੌਜੂਦ ਹੋਵੇ, ਪ੍ਰਕਾਸ਼ ਪ੍ਰਦੂਸ਼ਣ ਅਖਵਾਉਂਦਾ ਹੈ। ਇਸ ਪ੍ਰਦੂਸ਼ਣ ਦੇ ਘੇਰੇ ਵਿਚ ਨਿਮਨ ਲਿਖਤ ਗੱਲਾਂ ਸ਼ਾਮਿਲ ਹਨ :



1. ਕਿਸੇ ਸ਼ਹਿਰ ਜਾਂ ਮਹਾਂ-ਨਗਰ ਦਾ ਰਾਤ ਭਰ ਨਕਲੀ ਲਾਈਟਾਂ ਨਾਲ ਜਗਮਗਾਉਣਾ ਪ੍ਰਕਾਸ਼ ਪ੍ਰਦੂਸ਼ਣ ਹੈ। ਰਾਤ ਸਮੇਂ ਦੂਰੋਂ ਦੇਖਣ ਨਾਲ ਕਿਸੇ ਮਹਾਂਨਗਰ ਤੇ ਰੌਸ਼ਨੀ ਦਾ ਵਿਸ਼ਾਲ ਗੁੰਬਦ ਉਪਰ ਆਕਾਸ਼ ਤੱਕ ਫੈਲਿਆ ਨਜ਼ਰ ਆਉਂਦਾ ਹੈ।

2. ਰੌਸ਼ਨੀ ਦੇ ਕਿਸੇ ਨਕਲੀ ਸਰੋਤ ’ਚ ਪੈਦਾ ਹੋਣ ਵਾਲਾ ਚਮਕਦਾਰ ਤੇ ਤੇਜ਼ ਰੌਸ਼ਨੀ ਦਾ ਬੀਮ ਜੋ ਕਿ ਮਨੁੱਖੀ ਅੱਖ ਲਈ ਅਸੁਵਿਧਾਜਨਕ ਹੋਵੇ, ਪ੍ਰਕਾਸ਼ ਪ੍ਰਦੂਸ਼ਣ ਦੇ ਘੇਰੇ ਵਿਚ ਆਉਂਦਾ ਹੈ।

3. ਰਾਤ ਸਮੇਂ ਜਾਂ ਦਿਨ ਸਮੇਂ ਜਦੋਂ ਸਾਨੂੰ ਰੌਸ਼ਨੀ ਦੀ ਲੋੜ ਨਹੀਂ ਹੈ, ਫਿਰ ਵੀ ਲਾਈਟਾਂ ਜਗਦੀਆਂ ਰੱਖੀਆਂ ਜਾਣ, ਪ੍ਰਕਾਸ਼ ਪ੍ਰਦੂਸ਼ਣ ਦੀ ਘੇਰੇ ਵਿਚ ਆਉਂਦਾ ਹੈ। ਉਦਾਹਰਨ ਦੇ ਤੌਰ ’ਤੇ ਸਟਰੀਟ ਲਾਈਟਾਂ ਦਾ ਦਿਨ ਵੇਲੇ ਜਗੀ ਜਾਣਾ ਜਾਂ ਕਿਸੇ ਇਮਾਰਤ ਵਿਚ ਬਿਨ੍ਹਾਂ ਮਕਸਦ ਰਾਤ ਭਰ ਲਾਈਟਾਂ ਜਗਾਈ

ਰੱਖਣਾ ਪ੍ਰਕਾਸ਼ ਪ੍ਰਦੂਸ਼ਣ ਹੈ।

4. ਰਾਤ ਸਮੇਂ ਡਰਾਇਵਿੰਗ ਕਰਦਿਆਂ ਵਹੀਕਲਾਂ ਦੀਆਂ ਲਾਈਟਾਂ ਦਾ ਹਾਈ ਬੀਮ ਪ੍ਰਕਾਸ਼ ਪ੍ਰਦੂਸ਼ਣ ਦੀ ਹੀ ਇੱਕ ਕਿਸਮ ਹੈ ਜਿਹੜਾ ਨਾ ਚਾਹੁੰਦਿਆਂ ਵੀ ਤੁਹਾਡੀਆਂ ਅੱਖਾਂ ਨੂੰ ਸਿੱਧੇ ਤੌਰ ’ਤੇ ਪ੍ਰਭਾਵਤ ਕਰਦਾ ਹੈ। ਇਸ ਨਾਲ ਸਾਡੀ ਸਹੀ ਰਸਤਾ ਲੱਭਣ ਦੀ ਜੱਜਮੈਂਟ ਪ੍ਰਭਾਵਿਤ ਹੁੰਦੀ ਹੈ।

5. ਤੁਹਾਡੇ ਸੌਣ ਵਾਲੇ ਕਮਰੇ, ਸਥਾਨ ’ਤੇ ਤੁਹਾਡੇ ਨਾ ਚਾਹੁੰਦਿਆਂ ਹੋਇਆਂ ਕਿਸੇ ਨਕਲੀ ਪ੍ਰਕਾਸ਼ ਦਾ ਪਹੁੰਚਣਾ ਵੀ ਪ੍ਰਕਾਸ਼ ਪ੍ਰਦੂਸ਼ਣ ਦੀ ਕਿਸਮ ਹੈ। ਅਜਿਹਾ ਪ੍ਰਕਾਸ਼ ਪ੍ਰਦੂਸ਼ਣ ਤੁਹਾਡੀ ਨੀਂਦ ਨੂੰ ਪ੍ਰਭਾਵਿਤ ਕਰ ਸਕਦਾ ਹੈ।

6. ਵਿਸ਼ੇਸ਼ ਦਿਨਾਂ, ਤਿੱਥਾਂ-ਤਿਉਹਾਰਾਂ, ਵਿਆਹਾਂ-ਸ਼ਾਦੀਆਂ, ਮੇਲਿਆਂ, ਰਾਤ ਵਾਲੇ ਸਮਾਗਮਾਂ ਤੇ ਰੰਗ-ਬਿਰੰਗੀਆਂ ਰੌਸ਼ਨੀਆਂ ਦੀ ਜਗਮਗਾਹਟ ਵੀ ਰੌਸ਼ਨੀ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ।

7. ਹਨੇਰੇ ਵਿਚ ਟੈਲੀਵਿਜ਼ਨ, ਕੰਪਿਊਟਰ, ਲੈਪਟਾਪ, ਮੋਬਾਇਲ ਫ਼ੋਨ ਆਦਿ ਦੀ ਸਕਰੀਨ ਤੋਂ ਲੰਬੇ ਸਮੇਂ ਤੱਕ ਪੈਦਾ ਹੋਣ ਵਾਲੀ ਰੌਸ਼ਨੀ ਜੋ ਮਨੁੱਖੀ ਅੱਖ ਲਈ ਖ਼ਤਰਨਾਕ ਸਾਬਿਤ ਹੋ ਸਕਦੀ ਹੈ, ਪ੍ਰਕਾਸ਼ ਪ੍ਰਦੂਸ਼ਣ ਦੇ ਘੇਰੇ ਵਿਚ ਸ਼ਾਮਿਲ ਹੈ।

8. ਹੋਰ ਕਿਸੇ ਵੀ ਕਿਸਮ ਦੀ ਨਕਲੀ ਰੌਸ਼ਨੀ ਜੋ ਆਮ ਮਨੁੱਖਾਂ, ਜੀਵ-ਜੰਤੂਆਂ ਆਦਿ ਲਈ ਔਖ ਪੈਦਾ ਕਰੇ ਤੇ ਉਨ੍ਹਾਂ ਦੀ ਮਨੋ-ਸਥਿਤੀ ਨੂੰ ਪ੍ਰਭਾਵਿਤ ਕਰੇ, ਪ੍ਰਕਾਸ਼ ਪ੍ਰਦੂਸ਼ਣ ਦੇ ਘੇਰੇ ਵਿਚ ਆਉਂਦੀ ਹੈ। ਅਣਚਾਹੀ ਨਕਲੀ ਰੌਸ਼ਨੀ ਕੁਦਰਤੀ ਵਾਤਾਵਰਣ, ਮਨੁੱਖ, ਸਮਾਜ ਅਤੇ ਜੀਵ-ਜੰਤੂਆਂ ’ਤੇ ਮਾਰੂ ਪ੍ਰਭਾਵ ਪਾਉਂਦੀ ਹੈ। ਜਿਵੇਂ :

ਕੁਦਰਤੀ ਸੁੰਦਰਤਾ ਨੂੰ ਗ੍ਰਹਿਣ : ਰਾਤ ਸਮੇਂ ਪੈਦਾ ਕੀਤੀ ਜਾਣ ਵਾਲੀ ਨਕਲੀ ਰੌਸ਼ਨੀ ਬੇਸ਼ੱਕ ਸਾਡੇ ਘਰਾਂ, ਇਮਾਰਤਾਂ, ਬਾਜ਼ਾਰਾਂ ਆਦਿ ਨੂੰ ਸੁੰਦਰਤਾ ਪ੍ਰਦਾਨ ਵਿਚ ਸਹਾਇਕ ਸਿੱਧ ਹੁੰਦੀ ਹੈ ਪਰ ਕੁਦਰਤੀ ਤੌਰ ’ਤੇ ਰਾਤ ਦੀ ਸੁੰਦਰਤਾ ਵਿਚ ਸਿੱਧੇ ਤੌਰ ’ਤੇ ਵਿਗਾੜ ਪੈਦਾ ਕਰਨ ਲਈ ਜ਼ਿੰਮੇਵਾਰ ਬਣਦੀ ਹੈ। ਸ਼ਹਿਰੀ ਖੇਤਰਾਂ ਵਿਚ ਅਸੀਂ ਰਾਤ ਦੇ ਆਕਾਸ਼ ਦੀ ਸੁੰਦਰਤਾ ਜਿਵੇਂ ਤਾਰਿਆਂ ਦੀ ਟਿਮਟਿਮਾਹਟ, ਚੰਨ ਦੀ ਸੁੰਦਰਤਾ, ਬੱਦਲਾਂ ਦੀ ਮੌਜੂਦਗੀ, ਟੁੱਟਦੇ ਤਾਰੇ ਤੇ ਇਨ੍ਹਾਂ ਦੀਆਂ ਗਤੀਆਂ ਨੂੰ ਵੇਖਣ ਤੋਂ ਵਾਂਝੇ ਰਹਿ ਜਾਂਦੇ ਹਾਂ। ਜੁਗਨੂੰਆਂ ਤੋਂ ਕੁਦਰਤੀ ਤੌਰ ਤੇ ਪੈਦਾ ਹੋਣ ਵਾਲੀ ਚਮਕ ਨਕਲੀ ਰੌਸ਼ਨੀ ਦੇ ਪ੍ਰਭਾਵ ਵਿਚ ਗੁਆਚ ਜਾਂਦੀ ਹੈ।

ਮਨੁੱਖ ’ਤੇ ਪ੍ਰਭਾਵ : ਪ੍ਰਕਾਸ਼ ਪ੍ਰਦੂਸ਼ਣ ਦਾ ਮਨੁੱਖੀ ਮਨ ’ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਬੇਲੋੜੀ ਰੌਸ਼ਨੀ ਜਿਹੜੀ ਮਨੁੱਖੀ ਸਰੀਰ ਤੇ ਲਗਾਤਾਰ ਪੈਂਦੀ ਹੈ, ਮਨੁੱਖ ਦੀਆਂ ਮਨੋ-ਵਿਗਿਆਨਕ ਬਿਰਤੀਆਂ ਨੂੰ ਸਿੱਧੇ ਤੌਰ ’ਤੇ ਪ੍ਰਭਾਵਿਤ ਕਰਦੀ ਹੈ। ਉਸ ਦੇ ਵਿਵਹਾਰ ਵਿਚ ਤਬਦੀਲੀਆਂ ਲਈ ਜ਼ਿੰਮੇਵਾਰ ਬਣਦੀ ਹੈ। ਰਾਤ ਸਮੇਂ ਕਿਸੇ ਸਰੋਤ ਤੋਂ ਆਉਣ ਵਾਲੀ ਨਕਲੀ ਰੌਸ਼ਨੀ ਉਸ ਦੀਆਂ ਸੌਣ ਆਦਤਾਂ ਵਿਚ ਵਿਗਾੜ ਪੈਦਾ ਕਰਦੀ ਹੈ ਜਿਸ ਕਰਕੇ ਉਸ ਦੇ ਸੁਭਾਅ ਵਿਚ ਤਬਦੀਲੀਆਂ ਵੇਖਣ ਨੂੰ ਮਿਲਦੀਆਂ ਹਨ। ਚਿੜਚਿੜਾਪਣ, ਤਣਾਓ, ਗੁੱਸੇ ਅਤੇ ਬਲੱਡ ਪ੍ਰੈਸ਼ਰ ਦੀ ਸਮੱਸਿਆ ਪੈਦਾ ਕਰ ਸਕਦੀ ਹੈ। ਨਕਲੀ ਰੌਸ਼ਨੀ ਵਿਚ ਦੇਰ ਰਾਤ ਤੱਕ ਘਰੇਲੂ ਜਾਂ ਦਫ਼ਤਰੀ ਕੰਮ ਨਿਪਟਾਉਣ ਦੇ ਲਾਲਚ ਕਾਰਨ



ਮਾਨਸਿਕ ਸਿਹਤ ਵਿਚ ਵਿਗਾੜ ਦੇ ਨਾਲ-ਨਾਲ ਮਨੁੱਖੀ ਅੱਖ ’ਤੇ ਮਾੜਾ ਪ੍ਰਭਾਵ ਪੈਂਦਾ ਹੈ। ਵੱਡੇ ਸ਼ਹਿਰਾਂ ਵਿਚ ਰਾਤ ਸਮੇਂ ਹੋਣ ਵਾਲੀ ਤੇਜ਼ ਰੌਸ਼ਨੀ ਡਰਾਇਵਰਾਂ/ਪਾਇਲਟਾਂ ਲਈ ਦੁਬਿੱਧਾ ਪੈਦਾ ਕਰਦੀ ਹੈ।

ਜਾਨਵਰਾਂ ਅਤੇ ਰੁੱਖ-ਪੌਦਿਆਂ ’ਤੇ ਪ੍ਰਭਾਵ : ਨਕਲੀ ਰੌਸ਼ਨੀ ਵਿਚ ਦਿਨ-ਬ-ਦਿਨ ਹੋ ਰਹੇ ਭਾਰੀ ਵਾਧੇ ਅਤੇ ਸ਼ਹਿਰਾਂ ਦੀ ਰਾਤ ਦੀ ਚਮਕ-ਦਮਕ ਨੇ ਸੰਸਾਰ ਭਰ ਦੇ ਜੀਵ ਜਗਤ ਨੂੰ ਪ੍ਰਭਾਵਿਤ ਕੀਤਾ ਹੈ। ਇਹ ਰੌਸ਼ਨੀ ਮਨੁੱਖਾਂ ਵਾਂਗ ਜਾਨਵਰਾਂ ਵਿਚ ਬੇ-ਆਰਾਮੀ ਪੈਦਾ ਕਰਦੀ ਹੈ। ਇਨ੍ਹਾਂ ਜੀਵਾਂ ਦੇ ਵਿਵਹਾਰਾਂ ਜਿਵੇਂ ਪ੍ਰਜਨਣ ਹਾਲਤਾਂ, ਸੌਣ ਆਦਤਾਂ, ਪ੍ਰਵਾਸ ਦੀਆਂ ਆਦਤਾਂ, ਸ਼ਿਕਾਰ ਕਰਨ ਦੀਆਂ ਆਦਤਾਂ ਵਿਚ ਅਣਚਾਹੇ ਵਿਗਾੜ ਪੈਦਾ ਕਰਨ ਲਈ ਜ਼ਿੰਮੇਵਾਰ ਬਣਦੀ ਹੈ। ਤੇਜ ਰੌਸ਼ਨੀ ਕਾਰਨ ਸਮੁੰਦਰੀ ਜੀਵ ਆਪਣੇ



ਰਸਤੇ ਤੋਂ ਭਟਕ ਸਕਦੇ ਹਨ। ਇੱਕ ਸਰਵੇਖਣ ਵਜੋਂ ਕੁਝ ਮੱਛੀਆਂ ਨੂੰ ਰਾਤ ਸਮੇਂ ਕੁਦਰਤੀ ਰੌਸ਼ਨੀ ਵਿਚ ਅਤੇ ਕੁਝ ਮੱਛੀਆਂ ਨੂੰ ਤੇਜ਼ ਰੌਸ਼ਨੀ ਵਿਚ 10 ਹਫ਼ਤਿਆਂ ਲਈ ਰੱਖਿਆ ਗਿਆ। ਨਤੀਜਾ ਇਹ ਹੋਇਆ ਕਿ ਤੇਜ਼ ਰੌਸ਼ਨੀ ਵਿਚ ਰੱਖੀਆਂ ਮੱਛੀਆਂ

ਦੇ ਸੁਭਾਅ, ਪ੍ਰਜਨਣ ਕਿਰਿਆ, ਤੈਰਨ ਦੀ ਗਤੀ, ਖਾਣ ਪੀਣ ਦੀਆਂ ਆਦਤਾਂ ਅਤੇ ਆਰਾਮ ਕਰਨ ਦੀਆਂ ਹਾਲਤਾਂ ਵਿਚ ਕੁਦਰਤੀ ਰੌਸ਼ਨੀ ਵਿਚ ਰੱਖੀਆਂ ਮੱਛੀਆਂ ਨਾਲੋਂ ਕਾਫ਼ੀ ਅੰਤਰ ਪਾਇਆ ਗਿਆ।


ਹੈੱਡ ਲਾਈਟਾਂ ਦੀ ਤੇਜ਼ ਚਮਕ ਕਾਰਣ ਹਜ਼ਾਰਾਂ ਹਿਰਨ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਸਮੁੰਦਰੀ ਕੱਛੂ ਚੰਨ ਦੀ ਰੌਸ਼ਨੀ ਦੀ ਬਜਾਏ ਕਿਨਾਰੇ ਤੇ ਖੜੀਆਂ ਚਮਕਦੀਆਂ ਇਮਾਰਤਾਂ ਹੋਟਲਾਂ ਦੀ ਰੌਸ਼ਨੀ ਵੱਲ ਹੋ ਤੁਰਦੇ ਹਨ। ਪੰਛੀ ਚਮਕਦੀਆਂ ਇਮਾਰਤਾਂ ਵੱਲ ਉਡਾਣ ਭਰਦੇ ਹੋਏ ਅਪਣੇ ਅਸਲ ਰਸਤੇ ਤੋਂ ਭਟਕ ਜਾਂਦੇ ਹਨ। ਪੇੜ-ਪੌਦੇ ਸੂਰਜ ਦੀ ਸਿੱਧੀ ਰੌਸ਼ਨੀ ਵਿਚ ਆਪਣਾ ਭੋਜਨ ਤਿਆਰ ਕਰਦੇ ਹਨ। ਪ੍ਰੰਤੂ ਲਗਾਤਾਰ ਨਕਲੀ ਰੌਸ਼ਨੀ ਕਾਰਨ ਭੋਜਨ ਤਿਆਰ ਕਰਨ ਅਤੇ ਪੌਦਿਆਂ ਵਿਚ ਰੁੱਤ ਮੁਤਾਬਕ ਹੋਣ ਵਾਲੀਆਂ ਤਬਦੀਲੀਆਂ ਪ੍ਰਭਾਵਿਤ ਹੁੰਦੀਆਂ ਹਨ। ਲਗਾਤਾਰ ਤੇਜ਼ ਰੌਸ਼ਨੀ ਸੂਖਮ ਪੌਦਿਆਂ ਲਈ ਨੁਕਸਾਨਦਾਇਕ ਸਾਬਤ ਹੁੰਦੀ ਹੈ।



ਕੁਦਰਤੀ ਵਾਤਾਵਰਣ ਵਿਚ ਵਿਗਾੜ : ਜਦੋਂ ਤੇਜ਼ ਨਕਲੀ ਰੌਸ਼ਨੀ ਵਾਯੂਮੰਡਲ ਵੱਲ ਪ੍ਰਤੀਬਿੰਬਤ ਹੁੰਦੀ ਹੈ ਤਾਂ ਇਹ ਆਕਾਸ਼ ਵਿਚੋਂ ਧਰਤੀ ਤੇ ਆਉਣ ਵਾਲੀਆਂ ਪ੍ਰਕਾਸ਼ ਕਿਰਨਾਂ ਦੇ ਰਸਤੇ ਵਿਚ ਰੁਕਾਵਟ ਪੈਦਾ ਕਰਦੀ ਹੈ। ਕੁਦਰਤੀ ਤੌਰ ’ਤੇ ਧਰਤੀ ’ਤੇ ਪਹੁੰਚਣ ਵਾਲੀਆਂ ਅਲਟਰਾ ਵਾਇਲਟ ਕਿਰਨਾਂ (UV Rays) ਵਿਕਾਸ ਦੇ ਪੈਟਰਨਾਂ ਅਤੇ ਕੁਦਰਤੀ ਮੌਸਮੀ ਤਬਦੀਲੀਆਂ ਲਈ ਜਰੂਰੀ ਹਨ। ਵਿਕਾਸ ਦੇ ਇਹ ਪੈਟਰਨ ਅਤੇ ਮੌਸਮੀ ਤਬਦੀਲੀਆਂ ਲੱਖਾਂ ਸਾਲਾਂ ਦੌਰਾਨ ਸੂਰਜੀ ਰੌਸ਼ਨੀ ਦੀ ਬਦਲਦੀ ਮਾਤਰਾ ਅਤੇ ਤੀਬਰਤਾ ਦੇ ਆਧਾਰ ’ਤੇ ਅਨੁਕੂਲਿਤ ਹੋਈਆਂ ਹਨ ਜਿੰਨਾਂ ਨੂੰ ਨਕਲੀ ਰੌਸ਼ਨੀ ਪ੍ਰਭਾਵਿਤ ਕਰਦੀ ਹੈ। ਇਹ ਰੌਸ਼ਨੀ ਪ੍ਰਭਾਵ ਦੂਰਗਾਮੀ ਪ੍ਰਭਾਵ ਛੱਡਦੀ ਹੈ। ਇਸ ਤਰ੍ਹਾਂ ਨਕਲੀ ਰੌਸ਼ਨੀ ਵਾਤਾਰਵਣ ਵਿਚ ਵਿਗਾੜ ਦਾ ਸੂਚਕ ਵੀ ਬਣਦੀ ਜਾ ਰਹੀ ਹੈ।

ਪ੍ਰਕਾਸ਼ ਪ੍ਰਦੂਸ਼ਣ ਤੋਂ ਬਚਾਓ : ਪ੍ਰਕਾਸ਼ ਪ੍ਰਦੂਸ਼ਣ ਦੇ ਪ੍ਰਭਾਵ ਅੱਜ ਸਪਸ਼ਟ ਰੂਪ ਵਿਚ ਸਾਡੇ ਸਾਹਮਣੇ ਆ ਰਹੇ ਹਨ। ਇਸ ਦੇ ਬਾਵਜੂਦ ਸ਼ਹਿਰਾਂ ਤੇ ਪਿੰਡਾਂ ਦਾ ਵਿਸਥਾਰ ਹੋ ਰਿਹਾ ਹੈ। ਪ੍ਰਕਾਸ਼ ਪ੍ਰਦੂਸ਼ਣ ਦੀ ਸਮੱਸਿਆ ਦੇ ਰੁਕਣ ਦੇ ਹਾਲੇ ਤੱਕ ਕੋਈ ਉਭਰਵੇਂ ਸੰਕੇਤ ਨਜ਼ਰ ਨਹੀਂ ਆ ਰਹੇ। ਪ੍ਰਕਾਸ਼ ਪ੍ਰਦੂਸ਼ਣ ਤੋਂ ਬਚਾਅ ਲਈ ਸਾਨੂੰ ਨਿੱਜੀ ਪੱਧਰ ’ਤੇ ਉਪਰਾਲੇ ਸ਼ੁਰੂ ਕਰਨੇ ਚਾਹੀਦੇ ਹਨ। ਪ੍ਰਕਾਸ਼ ਪ੍ਰਦੂਸ਼ਣ ਤੋਂ ਬਚਾਅ ਲਈ ਲਾਈਟਾਂ ਦੀ ਵਰਤੋਂ ਬੇਹੱਦ ਸੰਜਮ ਨਾਲ ਤੇ ਲੋੜ ਸਮੇਂ ਹੀ ਕਰਨੀ ਚਾਹੀਦੀ ਹੈ। ਜਿੱਥੇ ਘੱਟ ਰੌਸ਼ਨੀ ਨਾਲ ਸਰ ਸਕਦਾ ਹੋਵੇ, ਉੱਥੇ ਤੇਜ਼ ਰੌਸ਼ਨੀ ਦੇ ਸਰੋਤਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਰਾਤ ਦਾ ਸਫ਼ਰ ਕਰਨ ਤੋਂ ਬਚਣਾ ਚਾਹੀਦਾ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਤੁਹਾਡੇ ਵੱਲੋਂ ਜਗਾਈ ਰੌਸ਼ਨੀ ਕਾਰਣ ਕੋਈ ਮਨੁੱਖ ਜਾਂ ਜੀਵ ਜੰਤੂ ਪ੍ਰਭਾਵਿਤ ਨਾ ਹੁੰਦਾ ਹੋਵੇ। ਨਕਲੀ ਰੌਸ਼ਨੀ ਤੋਂ ਦੂਰ ਹੋ ਕੇ ਕਦੇ ਕੁਦਰਤੀ ਹਨੇਰੇ ਵਿਚ ਸੰਸਾਰ ਦੇ ਦੁਰਲੱਭ ਦ੍ਰਿਸ਼ਾਂ ਨੂੰ ਮਾਨਣ ਦਾ ਯਤਨ ਕਰੋ। ਇਹ ਯਤਨ ਸੱਚਮੁੱਚ ਹੀ ਸੁਖਦਾਇਕ ਹੋਵੇਗਾ।



98762-24461

ਦਸਤਕ

ਛੁੱਟੀ ਵੇਲੇ ਪ੍ਰਿੰਸੀਪਲ ਸਰ ਨੇ ਸਾਰੀਆਂ ਕਲਾਸਾਂ ਨੂੰ ਪਰੇਅਰ ਗਰਾਊਂਡ ਵਿੱਚ ਬੁਲਾਇਆ। ਸੀਨੀਅਰ ਅਧਿਆਪਕ ਨੇ ਸਕੂਲ ਵਿੱਚ ਖ਼ੂਨ ਰੰਗੇ ਪਾਣੀ ਵਾਲੀ ਘਟਨਾ ਨੂੰ ਖੋਲ੍ਹ ਕੇ ਸਮਝਾਇਆ। ਬੱਚਿਆਂ ਦੇ ਚਿਹਰਿਆਂ ’ਤੇ ਖ਼ੁਸ਼ੀ ਰੂਪੀ ਮਹਿਕ ਬਿਖ਼ਰ ਗਈ। ਪ੍ਰਿੰਸੀਪਲ ਸਰ ਬੋਲੇ, ਪਿਆਰੇ ਬੱਚਿਓ.. ਵਾਪਰਨ ਵਾਲੀ ਹਰੇਕ ਘਟਨਾ ਪਿੱਛੇ ਕੋਈ ਨਾ ਕੋਈ ਕਾਰਣ ਹੁੰਦਾ ਹੈ। ਜੇਕਰ ਕਾਰਣ ਜਾਣ ਲਿਆ ਜਾਵੇ ਤਾਂ ਮਸਲਾ ਵੀ ਹੱਲ ਹੋ ਜਾਂਦਾ ਹੈ। ਇਹ ਵਿਗਿਆਨ ਦਾ ਯੁੱਗ ਹੈ। ਬਹੁਤੇ ਲੋਕੀਂ ਅਜੇ ਵੀ ਭਰਮਾਂ ਦਾ ਸ਼ਿਕਾਰ ਹਨ। ਸਾਡੀ ਵਿਦਿਆ ਵਿੱਚ ਗਿਆਨ ਤੇ ਤਰਕ ਦਾ ਚਾਨਣ ਹੈ। ਇਸੇ ਨੇ ਹੀ ਆਪਾਂ ਨੂੰ ਰਾਹ ਵਿਖਾਇਆ ਹੈ। ਇਹ ਸਾਡੇ ਲਈ ਪ੍ਰੇਰਨਾ ਤੇ ਸਬਕ ਹੈ। ਇਸੇ ਚਾਨਣ ਨਾਲ ਅਸੀਂ ਆਪਣੇ ਜੀਵਨ ਤੇ ਸਮਾਜ ਦੀਆਂ ਰਾਹਾਂ ਨੂੰ ਰੌਸ਼ਨ ਕਰਨਾ ਹੈ। ਸਾਰੀ ਛੁੱਟੀ ਦੀ ਘੰਟੀ ਵੱਜੀ। ਘਰਾਂ ਨੂੰ ਪਰਤਦੇ ਬੱਚਿਆਂ ਦੇ ਕਦਮਾਂ ਚੋਂ ਮੈਨੂੰ ਖ਼ੁਸ਼ੀ ਦੀ ਦਸਤਕ ਸੁਣਾਈ ਦੇ ਰਹੀ ਸੀ।

ਗ਼ਦਰੀ ਸੂਰਬੀਰ:

ਸ਼ਹੀਦ ਕਰਤਾਰ ਸਿੰਘ ਸਰਾਭਾ



(ਜਨਮ ਦਿਨ: 24 ਮਈ, 1896)

16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਹ ਗ਼ਦਰ ਪਾਰਟੀ ਦਾ ਛੋਟੀ ਉਮਰ ਦਾ ਜਰਨੈਲ ਸੀ। ਬੁਲੰਦ ਜਜ਼ਬਿਆਂ ਦਾ ਮਾਲਕ ਤੇ ਆਜ਼ਾਦੀ ਲਈ ਮਰ ਮਿਟਣ ਦੀ ਭਾਵਨਾ ਵਾਲਾ। ਭਰ ਜਵਾਨੀ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਇਹ ਦੇਸ਼ ਭਗਤ ਗੱਭਰੂ ਦੇਸ਼, ਦੁਨੀਆਂ ਲਈ ਮਿਸਾਲ ਬਣਿਆ।

ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਇੱਕ ਅਜਿਹਾ ਜ਼ਿਕਰ ਮਿਲਦਾ ਹੈ। ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ, "ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਏਗਾ।" ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ ?" ਸਰਾਭਾ ਦਾ ਜੁਆਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।" **ਡਾ. ਚਮਨ ਲਾਲ**

ਨਸ਼ਤਰਾਂ

ਪੀਲੀ ਪੱਗ ਵਾਲਾ ਪੱਤਾ ਖ਼ੂਬ ਚੱਲਿਆ,
ਭਗਤ ਸਿੰਆਂ ਚਲਾ ਦੇ ਚਰਖਾ !

ਢਾਈ ਕਰੋੜ 'ਚ ਪਈ ਐ ਸਹੁੰ ਚੁੱਕਣੀ,
ਖੋਲ੍ਹਤਾ ਖਜ਼ਾਨਾ ਲੋਕਾਂ ਲਈ।

ਅਸੀਂ ਧੰਨਵਾਦੀ ਦੌਰੇ ਸ਼ੁਰੂ ਕਰਤੇ,
ਸਕੂਲਾਂ ਵਿੱਚ ਛਾਪੇ ਮਾਰਕੇ !!

ਜਦੋਂ ਕਬਰਾਂ ਚ ਲੱਤਾਂ ਹੋਈਆਂ ਸਾਡੀਆਂ,
ਲੱਤ ਮਾਰੀ ਪੈਨਸ਼ਨ ਨੂੰ !!

ਰੰਗ ਸਿਆਸਤਾਂ ਤੇ ਧਰਮਾਂ ਨੇ ਰੋਕ ਲਏ!
ਕਿਹੜਾ ਰੰਗ ਰੰਗਾ ਸੋਹਣਿਆ !!



ਜਗਸੀਰ ਜੀਦਾ

ਨਾਇਕ ਦਾ ਨਿਰਣਾ



(ਜਨਮ ਦਿਨ: 14 ਜੂਨ, 1928)

ਹੋਰ ਸਭਨਾਂ ਵਾਂਗ ਮੈਂ ਵੀ ਸਫ਼ਲਤਾ ਚਾਹੁੰਦਾ ਸੀ। ਮੈਂ ਪ੍ਰਸਿੱਧ ਖੋਜਕਾਰ ਬਣਨ ਦੇ ਅਤੇ ਮਨੁੱਖ ਜਾਤੀ ਲਈ ਕੋਈ ਫ਼ਾਇਦੇਮੰਦ ਚੀਜ਼ ਪ੍ਰਾਪਤ ਕਰਨ ਦੇ ਸੁਪਨੇ ਲੈਂਦਾ ਸਾਂ ਪਰ ਇਹ ਸਭ ਕੁਝ ਨਿੱਜੀ ਸਫ਼ਲਤਾ ਦਾ ਸੁਪਨਾ ਸੀ। ਸਾਡੇ ਸਭਨਾਂ ਵਾਂਗ ਮੈਂ ਵੀ ਆਪਣੇ ਆਲ਼ੇ-ਦੁਆਲ਼ੇ ਦੀ ਪੈਦਾਵਾਰ ਸਾਂ।

.... ਮੈਂ ਵੇਖਿਆ ਕਿ ਕਿਵੇਂ ਮਾਂ-ਬਾਪ ਪੈਸੇ ਦੀ ਥੁੜ੍ਹ ਕਾਰਣ ਆਪਣੇ ਬੱਚਿਆਂ ਦਾ ਇਲਾਜ ਨਹੀਂ ਕਰਵਾ ਸਕਦੇ। ਮੈਂ ਮਨੁੱਖੀ ਨਿਘਾਰ ਨੂੰ ਨਿਰੰਤਰ ਭੁੱਖ ਅਤੇ ਦੁੱਖ ਕਾਰਣ ਏਨਾ ਵਹਿਸ਼ਤ ਤੱਕ ਗਿਰਿਆ ਦੇਖਿਆ ਕਿ ਬਾਪ ਉੱਤੇ ਬੱਚੇ ਦੀ ਮੌਤ ਦਾ ਕੋਈ ਖ਼ਾਸ ਅਸਰ ਨਹੀਂ ਹੁੰਦਾ ਸੀ। ਮੈਂ ਅਨੁਭਵ ਕੀਤਾ ਕਿ ਇਹਨਾਂ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਵੀ ਇੱਕ ਮਿਸ਼ਨ ਹੈ ਤੇ ਇਹ ਮਿਸ਼ਨ ਪ੍ਰਸਿਧ ਖੋਜਕਾਰ ਬਣਨ ਨਾਲੋਂ ਜਾਂ ਡਾਕਟਰੀ ਵਿਗਿਆਨ ਵਿੱਚ ਵੱਡਾ ਯੋਗਦਾਨ ਪਾਉਣ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਨ ਨਹੀਂ। **ਅਰਨੈਸਟੋ ਚੀ ਗੁਵੇਰਾ**

ਸੁਖ਼ਦ ਸਫ਼ਰ




ਰਾਹਾਂ ਤੇ ਸ਼ਬਦਾਂ ਦਾ ਚਾਨਣ ਪਸਰਿਆ ਤਾਂ ਪੁਸਤਕ ਸਾਥ ਨਾਲ ਸੁਹਜ, ਸਿਆਣਪ ਵੰਡਣ ਵਾਲੀ ਪ੍ਰੀਤਲੜੀ ਦੀ ਪਿਰਤ ਅੱਗੇ ਤੁਰਨ ਲੱਗੀ। ਪੁਸਤਕਾਂ ਦਾ ਸਫ਼ਰ ਮੇਲਿਆਂ ਤੇ ਸੈਮੀਨਾਰਾਂ ਤੋਂ ਘਰਾਂ ਤੱਕ ਪਹੁੰਚਿਆ। ਪਾਠਕ ਪੁਸਤਕ ਸੰਵਾਦ ਨੇ ਸੁਖ਼ਦ ਅਹਿਸਾਸਾਂ ਦੀ ਮਹਿਕ ਬਿਖੇਰੀ। ਜਿਸ ਸਦਕਾ ਪੰਜਾਬ ਦੇ ਕਾਲੇ ਦੌਰ ਵਿੱਚ ਵੀ 'ਦੇਵ ਪੁਰਸ਼ ਹਾਰ ਗਏ' ਪੁਸਤਕ ਦੇ ਪਾਠਕ ਕਾਰਵੇਂ ਵਿੱਚੋਂ ਵਿਗਿਆਨਕ ਚੇਤਨਾ ਦੀ ਲਹਿਰ ਦਾ 'ਸੂਰਜ' ਚੜ੍ਹਿਆ। ਸੰਤ ਰਾਮ ਉਦਾਸੀ ਤੇ ਪਾਸ਼ ਜਿਹੇ ਸਿਤਾਰੇ ਚੇਤਨਾ ਦੇ ਅੰਬਰ 'ਤੇ ਜਗਮਗ ਕਰਨ ਲੱਗੇ ਜਿਸਦੀ ਰੌਸ਼ਨੀ ਵਿੱਚ ਤਰਕਸ਼ੀਲ ਸਾਹਿਤ ਵੈਨ ਪੰਜਾਬ ਦੇ ਪਿੰਡਾਂ, ਸਕੂਲਾਂ ਤੇ ਜਨਤਕ ਥਾਵਾਂ 'ਤੇ ਪੁਸਤਕ ਸਭਿਆਚਾਰ ਦੀ ਅਲਖ਼ ਜਗਾਉਣ ਲੱਗੀ। ਚੰਗੇਰੇ ਭਵਿੱਖ ਵੱਲ ਜਾਂਦੀਆਂ ਇਹ ਸੁਨਿਹਰੀ ਪੈੜਾਂ ਰਾਹ ਰੁਸ਼ਨਾਉਂਦੀਆਂ ਨਜ਼ਰ ਆ ਰਹੀਆਂ ਹਨ ਜਿਨ੍ਹਾਂ ਵਿੱਚ ਗਿਆਨ, ਚੇਤਨਾ ਤੇ ਸੰਘਰਸ਼ਾਂ ਦੀ ਜਾਗ ਸਮੋਈ ਹੈ।

ਕ੍ਰਾਂਤੀਕਾਰੀ ਨਾਇਕ:

ਭਗਵਤੀ ਚਰਨ ਵੋਹਰਾ

ਸ਼ਹਾਦਤ: 28 ਮਈ, 1930



ਭਗਤ ਸਿੰਘ ਨੂੰ ਮੈਂ 1926 ਵਿੱਚ ਹੀ ਮਿਲ ਚੁੱਕਾ ਸਾਂ। ਅਪ੍ਰੈਲ 1928 ਵਿੱਚ ਜਦੋਂ ਨੌਜਵਾਨ ਭਾਰਤ ਸਭਾ ਦਾ ਐਲਾਨਨਾਮਾ ਛਪਿਆ ਤਾਂ ਪਤਾ ਲੱਗਾ ਕਿ ਉਸਦਾ ਮਸੌਦਾ ਭਗਤ ਸਿੰਘ ਨਾਲ਼ ਸਲਾਹ ਮਸ਼ਵਰਾ ਕਰਕੇ ਮੂਲ ਰੂਪ ਵਿੱਚ ਭਗਵਤੀ ਚਰਨ ਨੇ ਹੀ ਤਿਆਰ ਕੀਤਾ ਸੀ, ਜਿਸ ਕਾਰਨ ਮੇਰੇ ਦਿਲ ਵਿੱਚ ਭਗਵਤੀ ਚਰਨ ਪ੍ਰਤੀ ਅਥਾਹ ਆਦਰ ਦੀ ਭਾਵਨਾ ਪੈਦਾ ਹੋ ਗਈ। ਐਲਾਨਨਾਮੇ ਦੇ ਇਸ ਲੇਖਕ ਨੇ ਮੇਰੀ ਕਲਪਨਾ ਦੇ ਨਾਇਕ ਦਾ ਰੂਪ ਲੈ ਲਿਆ ਸੀ। ਇੱਕ ਦੂਰਦਰਸ਼ੀ ਰਾਜਨੀਤਕ ਆਗੂ ਤੇ ਸਿਧਾਂਤਕਾਰ। ਉਸ ਸਮੇਂ ਇਹ ਐਲਾਨਨਾਮਾ ਮੇਰਾ ਮਾਰਗ ਦਰਸ਼ਕ ਜਿਹਾ ਬਣ ਗਿਆ ਸੀ। ਉਸ ਵਿੱਚ ਦਰਜ ਇਤਾਲਵੀ ਕੌਮੀ ਇਨਕਲਾਬੀ ਉਭਾਰ ਦੇ ਪ੍ਰਸਿੱਧ ਵਿਦਵਾਨ ਮੈਜਿਨੀ ਦੇ ਸ਼ਬਦਾਂ ਨੇ ਮੈਨੂੰ ਅੱਗੇ ਵਧਣ ਵਿੱਚ ਆਤਮ ਵਿਸ਼ਵਾਸ਼ ਅਤੇ ਸ਼ਕਤੀ ਪ੍ਰਦਾਨ ਕੀਤੀ। ਮੈਜਿਨੀ ਨੇ ਕਿਹਾ ਸੀ, "ਸਭਨਾਂ ਮਹਾਨ ਰਾਸ਼ਟਰੀ ਅੰਦੋਲਨਾਂ ਦਾ ਚੰਗਾ ਆਰੰਭ ਲੋਕਾਂ ਦੇ ਜਾਣੇ ਜਾਂ ਅਣਜਾਣੇ ਬੁੱਧੀਮਾਨ ਵਿਅਕਤੀਆਂ ਤੋਂ ਹੁੰਦਾ ਹੈ ਜਿੰਨ੍ਹਾਂ ਕੋਲ਼ ਸਮਾਂ ਅਤੇ ਮਜਬੂਰੀਆਂ ਦੀ ਪ੍ਰਵਾਹ ਨਾ ਕਰਨ ਵਾਲ਼ਾ ਵਿਸ਼ਵਾਸ ਅਤੇ ਇੱਛਾ ਸ਼ਕਤੀ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ।"

ਭਗਵਤੀ ਚਰਨ ਦਾ ਜਨਮ 1903 ਵਿੱਚ ਆਗਰਾ ਵਿਖੇ ਹੋਇਆ। ਪਿਤਾ ਪੰਡਤ ਸ਼ਿਵ ਚਰਨ ਵੋਹਰਾ ਰੇਲਵੇ ਵਿੱਚ ਉੱਚੇ ਅਹੁਦੇ 'ਤੇ ਸਨ। ਭਗਵਤੀ ਦਾ ਪਰਿਵਾਰ ਆਰਥਿਕ ਪੱਖ ਤੋਂ ਖਾਂਦਾ ਪੀਂਦਾ ਪਰਿਵਾਰ ਸੀ। ਉਸਦਾ ਵਿਆਹ ਵੀ ਛੋਟੀ ਉਮਰ ਵਿੱਚ ਕਰ ਦਿੱਤਾ ਗਿਆ ਸੀ। ਸਾਲ1921 ਵਿੱਚ ਗਾਂਧੀ ਜੀ ਦੇ ਸੱਦੇ 'ਤੇ ਭਗਵਤੀ ਚਰਨ ਕਾਲਜ ਛੱਡ ਕੇ ਨਾ ਮਿਲਵਰਤਨ ਲਹਿਰ ਵਿੱਚ ਕੁੱਦ ਪਏ। ਅੰਦੋਲਨ ਵਾਪਸ ਲੈ ਲਏ ਜਾਣ 'ਤੇ ਉਹ ਆਪਣੇ ਸਾਥੀਆਂ ਸਮੇਤ ਲਾਹੌਰ ਦੇ ਨੈਸ਼ਨਲ ਕਾਲਜ ਵਿੱਚ ਦਾਖਲ ਹੋ ਗਏ ਤੇ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਏਥੇ ਹੀ ਉਨ੍ਹਾਂ ਦਾ ਕ੍ਰਾਂਤੀਕਾਰੀ ਨੌਜਵਾਨਾਂ ਨਾਲ ਮੇਲ ਹੋਇਆ। ਉਹ ਇਮਾਰਤ ਦੇ ਦਰਵਾਜੇ ਉੱਪਰ ਜੜੇ ਕੀਮਤੀ ਤੇ ਖੂਬਸੂਰਤ ਪੱਥਰ ਦੀ ਥਾਂ ਨੀਂਹ ਦਾ ਪੱਥਰ ਬਣਨਾ ਜਿਆਦਾ ਪਸੰਦ ਕਰਦੇ ਸਨ। ਸੰਗਠਨ ਦੀਆਂ ਗੰਭੀਰ ਸਮੱਸਿਆਵਾਂ ਉੱਪਰ ਪਕੜ, ਯੋਗਤਾ ਤੇ ਲਿਖ਼ਤ ਉੱਪਰ ਉਨ੍ਹਾਂ ਨੂੰ ਪੂਰਾ ਅਧਿਕਾਰ ਸੀ।

ਵਿਸ਼ਵ ਪ੍ਰਸਿੱਧ ਮੇਰਠ ਕਮਿਊਨਿਸਟ ਸਾਜਿਸ਼ ਕੇਸ ਦੇ ਮਾਮਲੇ ਵਿੱਚ ਵੀ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ ਗਈ। ਭਗਵਤੀ ਚਰਨ ਉਸ ਵਕਤ ਘਰ ਨਾ ਹੋਣ ਕਾਰਣ ਫੜ੍ਹੇ ਨਹੀਂ ਜਾ ਸਕੇ। ਫਿਰ ਅਸੈਂਬਲੀ ਬੰਬ ਕੇਸ ਤੋਂ ਬਾਅਦ ਲਾਹੌਰ ਦੀ ਬੰਬ ਫੈਕਟਰੀ ਫੜੀ ਗਈ। ਪਤਾ ਲੱਗਿਆ ਕਿ ਫੈਕਟਰੀ ਵਾਲਾ ਮਕਾਨ ਭਗਵਤੀ ਚਰਨ ਦੇ ਨਾਂ 'ਤੇ ਲਿਆ ਹੋਇਆ ਸੀ। ਉਨ੍ਹਾਂ ਦੇ ਨਾਂ ਵੀ ਵਾਰੰਟ ਜਾਰੀ ਹੋ ਗਏ।

ਮਈ 1930 ਨੂੰ ਭਗਤ ਸਿੰਘ ਤੇ ਦੱਤ ਨੂੰ ਜੇਲ੍ਹ ਵਿੱਚੋਂ ਛੁਡਵਾਉਣ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਗਿਆ। ਤਹਿ ਹੋਇਆ ਕਿ ਐਤਵਾਰ ਦੇ ਦਿਨ ਜਦੋਂ ਭਗਤ ਸਿੰਘ ਤੇ ਦੱਤ ਲਾਹੌਰ ਬੋਸਟਰਲ ਜੇਲ੍ਹ ਵਿੱਚ ਆਪਣੇ ਹੋਰਨਾਂ ਸਾਥੀਆਂ ਨੂੰ ਮਿਲ ਕੇ ਬਾਹਰ ਆਉਣ ਤਾਂ ਪੁਲਿਸ ਦੀ ਗੱਡੀ ਵਿੱਚ ਬੈਠਦੇ ਸਮੇਂ ਹਮਲਾ ਬੋਲ ਕੇ ਉਨ੍ਹਾਂ ਨੂੰ ਛੁਡਾ ਲਿਆ ਜਾਵੇ। ਇਸ ਕੰਮ ਖ਼ਾਤਰ ਜਾਣ ਵਾਲਿਆਂ ਵਿੱਚ ਆਜ਼ਾਦ ਤੇ ਹੋਰਨਾਂ ਸਾਥੀਆਂ ਨਾਲ ਭਗਵਤੀ ਨੇ ਵੀ ਜ਼ੋਰ ਪਾ ਕੇ ਆਪਣਾ ਨਾਂ ਰਖਵਾ ਲਿਆ। ਉਨ੍ਹਾਂ ਯਸ਼ਪਾਲ ਨੂੰ ਬੰਬ ਤਿਆਰ ਕਰਨ ਲਈ ਆਖਿਆ। 28 ਮਈ 1930 ਨੂੰ ਵੈਸ਼ਮਪਾਇਨ, ਭਗਵਤੀ ਚਰਨ ਤੇ ਸੁਖਦੇਵ ਰਾਜ ਸਵੇਰੇ ਦਸ ਗਿਆਰਾਂ ਵਜੇ ਰਾਵੀ ਦੇ ਕਿਨਾਰੇ ਸੰਘਣੇ ਜੰਗਲ ਵਿੱਚ ਬੰਬ ਧਮਾਕਾ ਕਰਨ ਲਈ ਗਏ। ਇੱਕ ਸੁਰੱਖਿਅਤ ਥਾਂ ਵੇਖ ਕੇ ਰੁਕ ਗਏ। ਸਾਹਮਣੇ ਇੱਕ ਵੱਡਾ ਖੱਡਾ ਸੀ। ਉਸੇ ਵਿੱਚ ਬੰਬ ਦਾ ਤਜਰਬਾ ਕਰਨਾ ਸੀ। ਭਗਵਤੀ ਨੇ ਬੰਬ ਦੀ ਪਿੰਨ ਕੱਢੀ, ਸੁੱਟਣ ਲਈ ਹੱਥ ਵੀ ਨਹੀਂ ਉਠਾ ਸਕੇ। ਬੰਬ ਦਾ ਤਬਾਹਕੁੰਨ ਧਮਾਕਾ ਹੱਥ ਵਿੱਚ ਹੀ ਹੋ ਗਿਆ। ਧੂੰਏਂ ਦਾ ਗ਼ੁਬਾਰ ਛਾ ਗਿਆ। ਭਗਵਤੀ ਭਰਾ ਸਖ਼ਤ ਜ਼ਖਮੀ ਹੋ ਗਏ। ਉਨ੍ਹਾਂ ਦਾ ਇੱਕ ਹੱਥ ਗੁੱਟ ਨਾਲੋਂ ਉੱਡ ਗਿਆ। ਐਨਾ ਸਰੀਰਕ ਦੁੱਖ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਚਿਹਰੇ 'ਤੇ ਮੁਸਕਰਾਹਟ ਜਿਉਂ ਦੀ ਤਿਉਂ ਸੀ। ਮੌਤ ਦੀ ਖਿੱਲੀ ਉਡਾਉਣ ਦਾ ਇਹ ਪ੍ਰਚੰਡ ਸਾਹਸ ਸੀ। ਮੌਤ ਨਾਲ ਸੰਘਰਸ਼ ਜਾਰੀ ਸੀ ਪਰ ਜਿੱਤ ਮੌਤ ਦੀ ਹੋਈ। ਦੇਸ਼ ਦੀ ਆਜ਼ਾਦੀ ਖਾਤਰ ਉਨ੍ਹਾਂ ਆਪਣੇ ਆਪ ਨੂੰ ਬਲੀ ਚੜ੍ਹਾ ਦਿੱਤਾ। ਕ੍ਰਾਂਤੀ ਮਾਰਗ ਦੀ ਰੌਸ਼ਨੀ, ਇੱਕ ਜਗਮਗਾਉਂਦਾ ਸਿਤਾਰਾ ਹਮੇਸ਼ਾ ਲਈ ਡੁੱਬ ਗਿਆ।

ਸ਼ਿਵ ਵਰਮਾ (**ਭਗਤ ਸਿੰਘ ਹੁਰਾਂ ਦਾ ਸੰਗੀ ਸਾਥੀ**)

ਮੁਲਾਕਾਤ:

ਨਾਸਤਿਕ ਹੋਣ ਦੀ ਪਹਿਚਾਣ ਖ਼ੁਸ਼ੀ ਤੇ ਸੰਤੁਸ਼ਟੀ ਵਾਲੀ : ਸਾਧੂ ਬਿਨਿੰਗ



ਮੁਲਾਕਾਤੀ: ਨਵਜੋਤ ਢਿੱਲੋਂ 'ਰੇਡੀਓ ਸ਼ੇਰ ਏ ਪੰਜਾਬ'

ਕੈਨੇਡਾ ਵਿੱਚ ਵਸੇ ਸਾਧੂ ਬਿਨਿੰਗ ਦੀ ਆਪਣੀ ਵਿਲੱਖਣ ਪਹਿਚਾਣ ਹੈ। ਪ੍ਰਵਾਸੀ ਪੰਜਾਬੀ ਲੇਖਕਾਂ ਵਿੱਚ ਉਨ੍ਹਾਂ ਦਾ ਨਾਮ ਉੱਘੇ ਸਾਹਿਤਕਾਰਾਂ ਵਿੱਚ ਹੈ। ਲੇਖਕ, ਸਕਾਲਰ, ਖੋਜੀ ਤੇ ਨਾਮਵਰ ਸਮਾਜਿਕ ਕਾਰਕੁੰਨ। ਉਹ ਅਨੇਕਾਂ ਪੁਸਤਕਾਂ ਦੇ ਲੇਖਕ ਹਨ। ਸਾਹਿਤ ਦੀ ਹਰ ਵਿਧਾ ਵਿੱਚ ਉਨ੍ਹਾਂ ਦਾ ਗਿਣਨਯੋਗ ਕੰਮ ਹੈ। ਪ੍ਰਗਤੀਵਾਦੀ ਸੋਚ ਨੂੰ ਪ੍ਰਣਾਏ ਬਿਨਿੰਗ ਦੀ ਪੁਸਤਕ 'ਨਾਸਤਿਕ ਬਾਣੀ' ਦੇਸ਼ ਵਿਦੇਸ਼ ਵਿੱਚ ਚਰਚਾ ਦਾ ਵਿਸ਼ਾ ਰਹੀ ਹੈ। ਸ਼ੇਰ ਏ ਪੰਜਾਬ ਰੇਡਿਓ ਪ੍ਰੋਗਰਾਮ ਵਿੱਚ ਨਵਜੋਤ ਢਿੱਲੋਂ ਵੱਲੋਂ ਕੀਤੀ ਗਈ ਉਨ੍ਹਾਂ ਦੀ ਇੰਟਰਵਿਊ ਦੇ ਪ੍ਰਮੁੱਖ ਅੰਸ਼ 'ਤਰਕਸ਼ੀਲ' ਦੇ ਪਾਠਕਾਂ ਨਾਲ਼ ਸਾਂਝੇ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ। – ਅਦਾਰਾ

? ਵਿਚਾਰ ਪ੍ਰਵਾਹ ਦੀ ਜਾਗ ਕਿੱਥੋਂ ਲੱਗੀ।

ਮੇਰਾ ਜੱਦੀ ਪਿੰਡ ਜਲੰਧਰ ਛਾਉਣੀ ਲਾਗੇ ਬਿਣਗਾ ਹੈ। ਕਿਸੇ ਕਾਰਣ ਸਾਡਾ ਪਰਿਵਾਰ ਆਪਣੇ ਰਿਸ਼ਤੇਦਾਰਾਂ ਕੋਲ ਚਹੇੜੂ ਆ ਵਸਿਆ। ਏਥੇ ਹੀ ਮੇਰਾ ਬਚਪਨ ਬੀਤਿਆ। ਪ੍ਰਚਲਿਤ ਵਿਸ਼ਵਾਸਾਂ ਤੋਂ ਹਟ ਕੇ ਸੋਚਣ, ਸਮਝਣ ਦੀ ਤਾਂਘ ਬਚਪਨ ਤੋਂ ਹੀ ਪਨਪਣ ਲੱਗ ਗਈ ਸੀ। ਜਦ ਮੈਂ ਆਪਣੇ ਸਕੂਲ ਅਧਿਆਪਕ ਨੂੰ ਵੇਖ ਪੰਜਵੀਂ ਜਮਾਤ ਤੋਂ ਹੀ 'ਪ੍ਰੀਤਲੜੀ' ਦਾ ਪਾਠਕ ਬਣ ਗਿਆ ਸਾਂ। ਪ੍ਰੀਤਲੜੀ ਨੇ ਮੇਰੇ ਸੋਚਣ ਢੰਗ ਤੇ ਜੀਵਨ ਜਾਂਚ ਨੂੰ ਬਦਲਣ ਵਿੱਚ ਮੁਢਲਾ ਰੋਲ ਅਦਾ ਕੀਤਾ। ਵਿਚਾਰ ਪ੍ਰਵਾਹ ਦੇ ਕਦਮਾਂ ਨੂੰ ਰਵਾਨੀ ਉਨ੍ਹਾਂ ਸਮਿਆਂ ਵਿੱਚ ਆਉਂਦੇ ਰੂਸੀ ਸਾਹਿਤ ਨੇ ਦਿੱਤੀ।



? ਸਾਹਿਤ ਪੜ੍ਹਨ ਦੀ ਪ੍ਰੇਰਨਾ ਦਾ ਸਬੱਬ।

ਮੈਨੂੰ ਸਾਹਿਤ ਪੜ੍ਹਨ ਲਈ ਕਿਸੇ ਵਿਅਕਤੀ ਵਿਸ਼ੇਸ਼ ਨੇ ਪ੍ਰੇਰਿਤ ਨਹੀਂ ਕੀਤਾ। ਮੇਰੇ ਪਰਿਵਾਰ ਵਿੱਚ ਕੋਈ ਪੜ੍ਹਨ ਵਾਲਾ ਨਹੀਂ ਸੀ। ਚਹੇੜੂ ਪਿੰਡ ਵਿੱਚ ਦੋ ਵਿਅਕਤੀ ਪਾਠਕ ਸਨ ਜਿਨ੍ਹਾਂ ਲਈ ਮੈਂ ਜਲੰਧਰੋਂ ਕਿਰਾਏ 'ਤੇ ਪੁਸਤਕਾਂ ਲਿਆਇਆ ਕਰਦਾ ਸਾਂ। ਇੱਕ ਘਰਾਂ ਚੋਂ ਮੇਰੇ ਤਾਇਆ ਜੀ ਲਗਦੇ ਸਨ। ਉਹ ਮੈਥੋਂ ਉਰਦੂ ਦੀਆਂ ਪੁਸਤਕਾਂ ਪੜ੍ਹਨ ਲਈ ਮੰਗਵਾਇਆ ਕਰਦੇ ਸਨ। ਮੇਰੇ ਮਨ ਵਿੱਚ ਉਰਦੂ ਸਿੱਖਣ ਦੀ ਇੱਛਾ ਜਾਗੀ। ਉਨ੍ਹਾਂ ਮੈਨੂੰ ਉਰਦੂ ਦਾ ਕਾਇਦਾ ਲਿਆ ਦਿੱਤਾ। ਇੱਕ ਮਹੀਨੇ ਵਿੱਚ ਹੀ ਮੈਂ ਉਰਦੂ ਸਿੱਖ ਕੇ ਉਰਦੂ ਦੀਆਂ ਪੁਸਤਕਾਂ ਪੜ੍ਹਨ ਲੱਗ ਪਿਆ। ਏਧਰ ਵੈਨਕੂਵਰ ਆਉਣ ਤੱਕ ਮੈਂ ਪੰਜਾਬੀ ਦੇ ਨਾਲ ਉਰਦੂ, ਹਿੰਦੀ ਤੇ ਅੰਗਰੇਜ਼ੀ ਦੀਆਂ ਅਨੇਕਾਂ ਪੁਸਤਕਾਂ ਪੜ੍ਹ ਚੁੱਕਾ ਸਾਂ। ਉਸ ਵਕਤ ਪੰਜਾਬੀ ਵਿੱਚ ਲਿਖਣ ਵਾਲੇ ਨਾਨਕ ਸਿੰਘ, ਜਸਵੰਤ ਕੰਵਲ ਤੇ ਅੰਮ੍ਰਿਤਾ ਪ੍ਰੀਤਮ ਆਦਿ ਲੇਖਕਾਂ ਦੇ ਸਾਰੇ ਨਾਵਲ ਪੜ੍ਹ ਚੁੱਕਾ ਸਾਂ।

? ਕੈਨੇਡਾ ਆ ਕੇ ਇਹ ਪੜ੍ਹਨ ਪੜ੍ਹਾਈ ਦਾ ਸਫ਼ਰ ਕਿਵੇਂ ਰਿਹਾ।

ਮੈਂ 1967 ਵਿੱਚ ਵੈਨਕੂਵਰ ਆਇਆ ਸਾਂ। ਏਥੇ ਆ ਕੇ ਫੈਕਟਰੀ ਵਿੱਚ ਕੰਮ ਕਰਨ ਲੱਗਾ। ਕੰਮ ਤੋਂ ਆ ਕੇ ਪੜ੍ਹ ਲਿਖ ਸਕਣਾ ਅਸੰਭਵ ਸੀ। ਨਾਲ ਦੇ ਮਿੱਤਰ ਨੇ ਮੈਨੂੰ ਪੋਸਟ ਆਫ਼ਿਸ ਵਿੱਚ ਕੰਮ ਕਰਨ ਦੀ ਸਲਾਹ ਦਿੱਤੀ। ਉਸਨੇ ਹੀ ਫਾਰਮ ਲਿਆ ਕੇ ਦਿੱਤਾ। ਉੱਥੇ ਇੰਟਰਵਿਊ 'ਤੇ ਮੇਰੀ ਸਿਲੈਕਸ਼ਨ ਹੋ ਗਈ। ਪੋਸਟ ਆਫ਼ਿਸ ਵਿੱਚ ਫੈਕਟਰੀ ਨਾਲੋਂ ਕੰਮ ਬਹੁਤ ਸੁਖਾਲਾ ਸੀ। ਏਥੇ ਕੰਮ ਕਰਦਿਆਂ ਹੀ ਸ਼ਬਦਾਂ ਨੇ ਦਸਤਕ ਦਿੱਤੀ। ਪੜ੍ਹਿਆ ਸਾਹਿਤ ਸੁਪਨੇ ਜਗਾਉਣ ਲੱਗਾ। ਚਿੱਠੀਆਂ ਵੰਡਦਿਆਂ ਹੀ ਮਨ ਦੇ ਖਿਆਲ ਕਾਵਿ ਰੂਪ ਵਿੱਚ ਵਹਿਣ ਲੱਗੇ। ਜਿਨ੍ਹਾਂ ਨੂੰ ਮੈਂ ਪੇਪਰ 'ਤੇ ਲਿਖ ਲੈਂਦਾ। ਇਹ ਕੰਮ ਕਰਦਿਆਂ ਕਵਿਤਾ ਮੇਰੇ ਨਾਲ ਸੰਵਾਦ ਰਚਾਉਣ ਲੱਗੀ। ਇਹ ਸਿਰਜਣਾ ਉਤਸ਼ਾਹ ਬਣਨ ਲੱਗੀ।

ਵਿੱਦਿਅਕ ਯੋਗਤਾ ਲਈ ਪੜ੍ਹਾਈ ਸ਼ੁਰੂ ਕੀਤੀ। ਪੰਜਾਬ ਵਿੱਚ ਮੈਂ ਹਾਇਰ ਸੈਕੰਡਰੀ ਵਿੱਚੋਂ ਫੇਲ੍ਹ ਹੋ ਗਿਆ ਸਾਂ। ਮਨ ਵਿੱਚ ਇੱਕ ਖੁੰਦਕ ਸੀ। ਆਪਣੇ ਨਾਲ ਦੇ ਵਿਦਿਆਰਥੀਆਂ ਦੇ ਕਹੇ ਸੁਣੇ ਮੈਂ ਸਾਇੰਸ ਦਾ ਵਿਸ਼ਾ ਰੱਖ ਕੇ ਅਸਫ਼ਲ ਹੋਇਆ ਸਾਂ। ਮਨ ਦੇ ਕਿਸੇ ਕੋਨੇ ਵਿੱਚ ਆਪਣੇ ਆਪ ਨੂੰ ਸਾਬਤ ਕਰਨ ਦੀ ਇੱਛਾ ਪਈ ਸੀ। ਇਸ ਲਈ ਕੈਨੇਡਾ ਆ ਕੇ ਕੰਮ ਦੇ ਨਾਲ ਨਾਲ ਪੜ੍ਹਾਈ ਵੀ ਕਰਦਾ ਰਿਹਾ। ਵੀਹ ਸਾਲ ਦੀ ਉਮਰ ਤੋਂ ਨਾਈਟ ਕਲਾਸਾਂ ਵਿੱਚ ਪੜ੍ਹਨਾ ਸ਼ੁਰੂ ਕੀਤਾ। ਅੱਠਵੀਂ ਦੀ


ਪੜ੍ਹਾਈ ਤੋਂ ਸ਼ੁਰੂ ਕਰਕੇ 1983 ਵਿੱਚ ਬੀ. ਏ. ਪਾਸ ਕਰ ਲਈ।

? ਲੇਖਣ ਕਾਰਜ ਵਿੱਚ ਕਿਸ ਦੀ ਅਗਵਾਈ ਮਿਲੀ।

ਪਹਿਲਾਂ ਪੰਜਾਬੀ ਸ਼ਾਇਰ ਗੁਰਚਰਨ ਰਾਮਪੁਰੀ ਨਾਲ ਮੇਲ ਹੋਇਆ। ਫਿਰ 1970 ਵਿੱਚ ਸੁਰਿੰਦਰ ਧੰਜਲ ਕੈਨੇਡਾ ਆਏ ਤਾਂ ਮੈਂ ਉਨ੍ਹਾਂ ਦੇ ਸੰਪਰਕ ਵਿੱਚ ਆਇਆ। ਆਪਣੀਆਂ ਕਵਿਤਾਵਾਂ ਉਨ੍ਹਾਂ ਨੂੰ ਵਿਖਾਈਆਂ। ਲਿਖਣ ਕਲਾ ਵਿੱਚ ਹੋਰ ਨਿਖ਼ਾਰ ਆਇਆ। ਮੇਰੀ ਪਹਿਲੀ ਕਵਿਤਾ 'ਨਾਗਮਣੀ' ਵਿੱਚ ਛਪੀ। ਮੇਰੇ ਲਈ ਅਥਾਹ ਖ਼ੁਸ਼ੀ ਤੇ ਮਾਣ ਵਾਲੀ ਗੱਲ ਸੀ। ਫਿਰ ਮੇਰੀਆਂ ਕਵਿਤਾਵਾਂ 'ਪ੍ਰੀਤਲੜੀ' ਵਿੱਚ ਵੀ ਛਪੀਆਂ। 1973 ਵਿੱਚ ਜਦ ਸੁਰਿੰਦਰ ਧੰਜਲ ਨੇ ਕੈਨੇਡਾ ਵਿੱਚ 'ਵਤਨੋਂ ਪਾਰ' ਮੈਗਜ਼ੀਨ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਤਾਂ ਮੈਂ ਉਸ ਵਿੱਚ ਛਪਣ ਲੱਗਾ। ਕਵਿਤਾ ਤੋਂ ਬਾਅਦ ਮੈਂ ਕਹਾਣੀਆਂ ਵੀ ਲਿਖਣ ਲੱਗਾ। ਚਿੱਠੀਆਂ ਵੰਡਦਿਆਂ ਹੀ ਮੈਂ ਪਹਿਲਾਂ ਕਵੀ ਤੇ ਫਿਰ ਕਹਾਣੀਕਾਰ ਬਣਿਆ। 1976 ਵਿੱਚ ਜਦ ਸੁਰਿੰਦਰ ਧੰਜਲ ਨੂੰ ਪੜ੍ਹਾਈ ਲਈ ਬਾਹਰ ਜਾਣਾ ਪਿਆ ਤਾਂ ਮੈਂ 'ਵਤਨੋਂ ਪਾਰ' ਦੇ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲੀ।

? ਉਸ ਦੌਰ ਵਿੱਚ ਨੌਜਵਾਨਾਂ ਦੇ ਰਾਹ ਰਸਤੇ ਤੇ ਮੁਹਾਣ ਕਿਧਰ ਸੀ।

ਸੱਤਰਵਿਆਂ ਦਾ ਦੌਰ ਇਨਕਲਾਬ ਦੇ ਉਭਾਰ ਵਾਲ਼ਾ ਸੀ। ਪੰਜਾਬ, ਪੱਛਮੀ ਬੰਗਾਲ ਜਾਂ ਇਕੱਲੇ ਹਿੰਦੁਸਤਾਨ ਵਿੱਚ ਹੀ ਨਹੀਂ ਯੂਰਪ ਵਿੱਚ ਵੀ ਉਹ ਉਭਾਰ ਸਾਫ਼ ਦਿਸਦਾ ਸੀ। ਨੌਜਵਾਨਾਂ ਵਿੱਚ ਇਨਕਲਾਬ ਦੀ ਤਾਂਘ ਸੀ। ਜਿਸ ਵਿੱਚ ਮੈਂ ਵੀ ਸ਼ਾਮਲ ਸਾਂ। ਕੈਨੈਡਾ ਆ ਕੇ ਮਨ ਨਹੀਂ ਸੀ ਲੱਗਿਆ। ਕੋਈ ਦੋਸਤ ਮਿੱਤਰ ਵੀ ਨਹੀਂ ਸੀ। ਮਨ ਦੀ ਇੱਛਾ ਸੀ ਕਿ ਪੜ੍ਹਾਈ ਦੀ ਉਚੇਰੀ ਡਿਗਰੀ ਲੈ ਕੇ ਪੰਜਾਬ ਜਾਵਾਂਗਾ। ਪੰਜਾਬ ਜਾ ਕੇ ਕੋਈ ਨੌਕਰੀ ਕਰਾਂਗਾ ਤੇ ਇਨਕਲਾਬ ਲਈ ਕੰਮ ਕਰਾਂਗਾ। ਵਿਆਹ ਉਪਰੰਤ ਬਾਲ ਬੱਚੇ ਹੋਣ 'ਤੇ ਜ਼ਿੰਮੇਵਾਰੀਆਂ ਵਧੀਆਂ। ਮੈਂ ਕੈਨੈਡਾ ਵਿੱਚ ਹੋਣ ਵਾਲੇ ਸੰਘਰਸ਼ਾਂ ਵਿੱਚ ਸ਼ਾਮਲ ਹੋਣ ਲੱਗਾ। ਏਥੇ ਚਲਦੇ ਸੰਘਰਸ਼ਾਂ ਵਿੱਚ ਜਾਣ ਲੱਗਾ। ਉਦੋਂ ਏਥੇ ਵਸਦੇ ਪੰਜਾਬੀ ਫਾਰਮਰ ਤੇ ਖ਼ੇਤ ਮਜ਼ਦੂਰ ਸਨ ਜਿਨ੍ਹਾਂ ਦਾ ਸ਼ੋਸ਼ਣ ਹੁੰਦਾ ਸੀ। ਕੈਨੇਡੀਅਨ ਫਾਰਮਰ ਟਰੇਡ ਯੂਨੀਅਨ ਵਿੱਚ ਕੰਮ ਕਰਦਿਆਂ ਪੰਜਾਬੀ ਮਜਦੂਰਾਂ ਨੂੰ ਹੱਕ ਦਿਵਾਉਣ ਤੇ ਨਸਲਵਾਦ ਦੇ ਖਿਲਾਫ਼ ਚਲਦੇ ਸੰਘਰਸ਼ਾਂ ਵਿੱਚ ਸਰਗਰਮ ਸ਼ਮੂਲੀਅਤ ਕਰਨ ਲੱਗਾ। ਸੋਚਿਆ, ਸੰਘਰਸ਼ ਤਾਂ ਏਥੇ ਵੀ ਚੱਲ ਰਿਹਾ। ਕਿਤੇ ਵੀ ਹੋਵੇ ਸੰਘਰਸ਼ ਤਾਂ ਸੰਘਰਸ਼ ਹੈ। ਐੱਮ.ਏ. ਕਰਦਿਆਂ, ਪਰਿਵਾਰਕ ਰੁਝੇਵਿਆਂ ਤੇ ਏਧਰਲੇ ਸੰਘਰਸ਼ਾਂ ਵਿੱਚ ਸ਼ਾਮਲ ਹੁੰਦਿਆਂ ਪੰਜਾਬ ਮੁੜਨ ਦਾ ਵਿਚਾਰ ਤਿਆਗ ਦਿੱਤਾ। ਫ਼ੈਸਲਾ ਕਰ ਲਿਆ ਕਿ ਏਥੇ ਰਹਿਣਾ ਹੈ ਤੇ ਪੰਜਾਬੀ ਬਣ ਕੇ ਰਹਿਣਾ ਹੈ।



? ਪੰਜਾਬੀ ਬੋਲੀ ਬਾਰੇ ਕੀ ਕਹਿਣਾ ਚਾਹੋਗੇ।

ਪੰਜਾਬੀ ਮਾਂ ਬੋਲੀ ਹੈ, ਪੰਜਾਬੀ ਹੋਣ 'ਤੇ ਮਾਣ ਹੈ। ਕੈਨੇਡਾ ਦੀ ਧਰਤੀ 'ਤੇ ਮੈਂ ਪੰਜਾਬੀ ਬਣ ਕੇ ਵਿਚਰਦਾਂ। ਸੈਮੀਨਾਰਾਂ ਵਿੱਚ ਸਿਰਕਤ ਕਰਦਾਂ। ਮਾਂ ਬੋਲੀ ਦੇ ਪ੍ਰਚਾਰ ਪਾਸਾਰ ਲਈ ਯਤਨਸ਼ੀਲ ਰਹਿਨਾਂ। ਇੱਕ ਗੱਲ ਬਾਰੇ ਮੈਂ ਸਪਸ਼ਟ ਹਾਂ ਕਿ ਧਰਮਾਂ ਨੇ ਮਾਂ ਬੋਲੀ ਪੰਜਾਬੀ ਦਾ ਬਹੁਤ ਨੁਕਸਾਨ ਕੀਤਾ ਹੈ। ਪੰਜਾਬੀ ਬੋਲੀ ਦਾ ਜਨਮ ਹੜੱਪਾ, ਮੋਹਨਜੋਦੜੋ ਵੇਲੇ ਹੋਇਆ। ਜੇਕਰ ਧਰਮਾਂ ਦੀਆਂ ਵੰਡੀਆਂ ਨਾ ਹੁੰਦੀਆਂ ਤਾਂ ਪੰਜਾਬੀ ਅੱਜ ਬੁਲੰਦੀਆਂ 'ਤੇ ਹੁੰਦੀ। ਧਰਮਾਂ ਨੇ ਬੋਲੀ ਨੂੰ ਵੰਡ ਕੇ ਪੰਜਾਬੀ ਬੋਲੀ ਨੂੰ ਵੱਡੀ ਢਾਹ ਲਾਈ ਹੈ।

? ਨਾਸਤਿਕ ਬਣਨ ਦੀ ਗਾਥਾ

ਮੇਰੇ ਨਾਸਤਿਕ ਹੋਣ ਵਿੱਚ ਸਾਹਿਤ ਦਾ ਪ੍ਰਮੁੱਖ ਰੋਲ ਹੈ। ਸਾਹਿਤ ਮੈਂ ਬਚਪਨ ਤੋਂ ਹੀ ਪੜ੍ਹਨ ਲੱਗ ਗਿਆ ਸਾਂ। ਇਸ ਦਾ ਅਸਰ ਹੋਣਾ ਸੁਭਾਵਿਕ ਹੀ ਸੀ। ਜਦੋਂ ਮੈ ਪੰਜਾਬ ਹੁੰਦਾ ਸਾਂ, ਛੋਟੇ ਹੁੰਦਿਆਂ ਤੋਂ ਹੀ ਸਾਡੇ ਘਰ ਦਰਸ਼ਨ ਸਿੰਘ ਕੈਨੇਡੀਅਨ ਤੇ ਹੋਰ ਕਮਿਊਨਿਸਟਾਂ ਦਾ ਆਉਣ ਜਾਣ ਸੀ। ਉਨ੍ਹਾਂ ਦੀਆਂ ਗੱਲਾਂ ਮੇਰੇ ਕੰਨੀਂ ਪੈਂਦੀਆਂ ਰਹਿੰਦੀਆਂ ਸਨ। ਉਦੋਂ ਭਾਵੇਂ ਮੈਂ ਪੰਜ ਸੱਤ ਸਾਲ ਦੀ ਉਮਰ ਵਿੱਚ ਸਾਂ। ਉਹ ਗੱਲਾਂ ਸਮਝ ਤਾਂ ਨਹੀਂ ਸਨ ਪੈਂਦੀਆਂ ਪਰ ਉਨ੍ਹਾਂ ਦਾ ਮੇਰੇ 'ਤੇ ਅਸਰ ਜਰੂਰ ਪਿਆ। ਇੱਕ ਹੋਰ ਘਟਨਾ ਹੈ, ਜਦ ਮੈਂ ਫਗਵਾੜੇ ਪੜ੍ਹਦਾ ਸਾਂ। ਗਰਮੀ ਦੀ ਰੁੱਤ ਸੀ। ਸਕੂਲੋਂ ਘਰ ਪਰਤਿਆ ਤਾਂ ਬਹੁਤ ਭੁੱਖ ਲੱਗੀ ਸੀ।

ਘਰੇ ਆ ਕੇ ਪਤਾ ਲੱਗਾ ਕਿ ਘਰੇ ਰੋਟੀ ਨਹੀਂ ਬਣੀ। ਰੋਟੀ ਪਿੰਡ ਦੇ ਕਿਸੇ ਸਨੇਹੀ ਦੇ ਘਰ ਸੀ। ਉੱਥੇ ਰੋਟੀ ਖਾਣ ਗਏ ਤਾਂ ਉਨ੍ਹਾਂ ਘਰੇ ਸਾਧ, ਬਾਬਾ ਬੁਲਾਇਆ ਹੋਇਆ ਸੀ। ਸਾਡੇ ਜਾਣ 'ਤੇ ਉਨ੍ਹਾਂ ਕਿਹਾ ਕਿ ਬਾਬਿਆਂ ਨੇ ਲੰਗਰ ਬੰਦ ਕਰਵਾ ਦਿੱਤਾ ਹੈ। ਮਤਲਬ ਰੋਟੀ ਨਹੀਂ ਮਿਲਣੀ। ਮਨ ਨੂੰ ਬਹੁਤ ਖਿੱਝ ਚੜ੍ਹੀ ਕਿ ਇਹ ਬਾਬੇ ਕੌਣ ਹੁੰਦੇ ਨੇ, ਜਿਹੜੇ ਰੋਟੀ ਵੀ ਨਹੀਂ ਖਾਣ ਦਿੰਦੇ ? ਉਨ੍ਹਾਂ ਸਮਿਆਂ ਵਿੱਚ ਸਾਧ, ਬਾਬਿਆਂ ਵੱਲੋਂ ਛੋਟੇ ਮੋਟੇ ਟ੍ਰਿਕ ਕਰਕੇ ਲੋਕਾਂ ਨੂੰ ਆਪਣੇ ਮਗਰ ਲਾਉਣ, ਲੋਕਾਂ ਦੀਆਂ ਮਜਬੂਰੀਆਂ, ਮੁਸ਼ਕਲਾਂ ਦਾ ਲਾਹਾ ਲੈ ਕੇ ਗੁੰਮਰਾਹ ਕਰਨ, ਲੁੱਟਣ ਦੀਆਂ ਸਾਰੀਆਂ ਚਾਲਾਂ ਮੇਰੀ ਸਮਝ ਵਿੱਚ ਆ ਚੁੱਕੀਆਂ ਸਨ। ਮੇਰੇ ਨਾਸਤਿਕ ਬਣਨ ਵਿੱਚ ਅਜਿਹੀਆਂ ਘਟਨਾਵਾਂ ਦਾ ਵੀ ਰੋਲ ਹੈ।

ਪੰਜਵੀਂ ਜਮਾਤ ਵਿੱਚ ਪੜ੍ਹਦਿਆਂ ਪ੍ਰੀਤਲੜੀ ਦਾ ਪਾਠਕ ਬਣਨ ਨੇ ਵੀ ਮੈਨੂੰ ਇਸ ਰਾਹ ਤੋਰਿਆ। ਛੋਟੀ ਉਮਰ ਵਿੱਚ ਹੀ ਮੈਂ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਬਣ ਗਿਆ ਸਾਂ। ਜੀਵਨ ਦੇ ਲੰਬੇ ਸਫ਼ਰ ਵਿੱਚ ਤੁਰਦਿਆਂ, ਪੜ੍ਹਦਿਆਂ, ਲਿਖਦਿਆਂ, ਅਧਿਐਨ ਕਰਦਿਆਂ ਹੁਣ ਪਿਛਲੇ ਕਈ ਸਾਲਾਂ ਤੋਂ ਮੈਨੂੰ ਆਪਣੇ ਨਾਸਤਿਕ ਹੋਣ ਦੀ ਪਹਿਚਾਣ ਪਸੰਦ ਹੈ। ਇਹ ਮੇਰੇ ਲਈ ਖ਼ੁਸ਼ੀ ਤੇ ਸੰਤੁਸ਼ਟੀ ਦਾ ਸਬੱਬ ਹੈ। ਮੈਂ ਆਪਣੀ ਜੇਬ ਵਿੱਚ ਲਿਖ ਕੇ ਪਾ ਰੱਖਿਆ ਹੈ ਕਿ ਮੇਰੇ ਤੁਰ ਜਾਣ 'ਤੇ ਕੋਈ ਧਾਰਮਿਕ ਰਸਮ ਨਾ ਕੀਤੀ ਜਾਵੇ। ਇਹ ਗੱਲ ਮੇਰੇ ਪਰਿਵਾਰ ਨੂੰ ਵੀ ਪਤਾ ਹੈ।

? ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਬਾਰੇ ਕੀ ਕਹੋਗੇ।

ਇਹ ਪਛੜੇਪਣ ਦੀ ਨਿਸ਼ਾਨੀ ਹਨ। ਅਸਲ ਵਿੱਚ ਵਹਿਮ ਭਰਮ ਤੇ ਅੰਧਵਿਸ਼ਵਾਸ ਸਾਡੇ ਵਿਸ਼ਵਾਸ਼ ਕਰਕੇ ਹਨ। ਜਿੰਨ੍ਹਾਂ ਚਿਰ ਅਸੀਂ ਵਿਸ਼ਵਾਸ਼ 'ਤੇ ਉਂਗਲੀ ਨਹੀਂ ਉਠਾਉਂਦੇ, ਸੁਆਲ ਨਹੀਂ ਕਰਦੇ, ਓਨਾ ਚਿਰ ਅੰਧਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ।

ਜਿੱਥੋਂ ਤੱਕ ਵਿਸ਼ਵਾਸ਼ ਦਾ ਸੁਆਲ ਹੈ, ਉਸਦੀ ਅਸਲੀਅਤ 'ਤੇ ਵੀ ਗੌਰ ਫਰਮਾਉਣ ਦੀ ਲੋੜ ਹੈ। ਪੰਜਾਬ ਵਿੱਚ ਕਰੀਬ 12 ਹਜ਼ਾਰ ਪਿੰਡ ਹਨ। ਪਿੰਡਾਂ ਵਿੱਚ ਬਣੇ ਡੇਰਿਆਂ ਦੀ ਗਿਣਤੀ 18 ਹਜ਼ਾਰ ਹੈ। ਪਿੰਡਾਂ ਵਿੱਚ ਏਨੇ ਹੀ ਗੁਰਦੁਆਰੇ, ਮੰਦਿਰ ਵੀ ਹਨ। ਛੋਟੇ ਛੋਟੇ ਪਿੰਡਾਂ ਵਿੱਚ ਧਰਮ ਦੇ ਪ੍ਰਚਾਰ ਲਈ ਚਾਰ ਚਾਰ ਸਪੀਕਰ ਲੱਗੇ ਹੋਏ ਹਨ। ਪਿੰਡਾਂ ਵਿੱਚ ਸਵੇਰੇ ਸ਼ਾਮ ਨਿਰਵਿਘਨ ਧਰਮ ਦਾ ਪ੍ਰਚਾਰ ਹੁੰਦਾ ਹੈ ਪਰ ਈਮਾਨਦਾਰ ਵਿਅਕਤੀ ਲੱਭਣੇ ਮੁਸ਼ਕਲ ਹਨ। ਏਨੇ ਧਾਰਮਿਕ ਪ੍ਰਚਾਰ ਦੇ ਬਾਵਜੂਦ ਈਮਾਨਦਾਰ ਬੰਦਾ ਨਾ ਲੱਭੇ, ਇਹ ਸੋਚਣ ਦਾ ਸੁਆਲ ਹੈ।

? ਕੀ ਨਾਸਤਿਕ ਵਾਦ ਹਿੰਦੁਸਤਾਨ ਦੀ ਪਛਾਣ ਰਿਹਾ ਹੈ।

ਹਾਂ, ਬਿਲਕੁਲ। ਚਾਰਵਾਕ, ਮਹਾਤਮਾ ਬੁੱਧ ਤੇ ਜੈਨ ਧਰਮ ਦੇ ਸਮਿਆਂ ਵਿੱਚ ਨਾਸਤਿਕ ਵਾਦ ਹਿੰਦੁਸਤਾਨ ਦੀ ਪਛਾਣ ਸੀ। ਦੇਵੀ ਪ੍ਰਸਾਦ ਚਟੋਪਾਧਿਆਏ ਨੇ ਇਸ 'ਤੇ ਬਹੁਤ ਕੰਮ ਕੀਤਾ ਹੈ। ਜਿਸ ਧਰਤੀ ਦੀ ਵਿਰਾਸਤ ਨਾਸਤਿਕਵਾਦ ਸੀ, ਉਸਤੇ ਹੁਣ ਧਰਮ ਦਾ ਬੋਲਬਾਲਾ ਹੈ।

ਆਜ਼ਾਦੀ ਸੰਗਰਾਮ ਦੇ ਨਾਇਕ ਸ਼ਹੀਦ ਭਗਤ ਸਿੰਘ ਦੀ ਲਿਖੀ ਅਹਿਮ ਲਿਖ਼ਤ 'ਮੈਂ ਨਾਸਤਿਕ ਕਿਉਂ ਹਾਂ' ਬਹੁਤ ਪ੍ਰਭਾਵਸ਼ਾਲੀ ਤੇ ਉੱਚ ਪਾਏ ਦੀ ਲਿਖਤ ਹੈ। ਪ੍ਰਸਿੱਧ ਲੇਖਕ ਬਰਟਰਨਡ ਰਸਲ ਨੇ 1927 ਵਿੱਚ ਮੈਂ 'ਕ੍ਰਿਸਚੀਅਨ ਕਿਉਂ ਨਹੀਂ ਹਾਂ ?' ਕਿਤਾਬ ਲਿਖੀ ਸੀ। ਪੰਜਾਬੀ ਭਾਈਚਾਰੇ ਵਿੱਚ ਅਜਿਹੇ ਵਿਚਾਰਾਂ ਨੂੰ ਪ੍ਰਫੁੱਲਿਤ ਕਰਨ ਲਈ ਮੈਂ 2012 ਵਿੱਚ 'ਨਾਸਤਿਕ ਬਾਣੀ' ਪੁਸਤਕ ਲਿਖੀ। ਦੇਸ਼ ਦੁਨੀਆਂ ਦੇ ਨਾਮਵਰ ਲੇਖਕਾਂ ਨੂੰ ਪੜ੍ਹਿਆ। ਪ੍ਰਸਿੱਧ ਵਿਦਵਾਨਾਂ, ਬੁੱਧੀਜੀਵੀਆਂ ਤੇ ਲੇਖਕਾਂ ਦੇ ਵਿਚਾਰ ਇਕੱਤਰ ਕੀਤੇ ਜਿਹੜੇ ਨਾਸਤਿਕਵਾਦ ਵਿਚਾਰਧਾਰਾ ਦੀ ਪ੍ਰੋੜਤਾ ਕਰਦੇ ਸਨ। ਹੁਣ ਮੈਂ ਇਸ ਪੁਸਤਕ ਲਈ ਮਿਹਨਤ ਨਾਲ ਹੋਰ ਮੈਟਰ ਵੀ ਇਕੱਤਰ ਕੀਤਾ ਹੈ।

? ਤੁਹਾਡਾ ਪੜ੍ਹਨ ਲਿਖਣ ਦਾ ਕਾਰਜ।

ਨਿਰੰਤਰ ਜਾਰੀ ਹੈ। ਮੇਰੇ ਘਰ ਵਿੱਚ ਹਜ਼ਾਰਾਂ ਪੁਸਤਕਾਂ ਹਨ। ਬਕਾਇਦਾ ਵਕਤ ਲਾ ਕੇ ਪੜ੍ਹਦਾ ਹਾਂ ਤੇ ਲੇਖਣ ਕਾਰਜ ਵੀ ਕਰਦਾ ਹਾਂ। **ਸ਼ਾਬਦਿਕ ਰੂਪ: ਰਾਮ ਸਵਰਨ ਲੱਖੇਵਾਲੀ**

(95010 06626)

ਪ੍ਰਤੀਬੱਧਤਾ

ਮੈਨੂੰ ਸਾਧੂ ਬਿਨਿੰਗ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਬਹੁਤ ਕੁਝ ਸਿੱਖਿਆ, ਹਾਸਲ ਕੀਤਾ। ਇਨ੍ਹਾਂ ਨਾਲ ਕੰਮ ਕਰਨ ਦਾ ਆਪਣਾ ਮਹੱਤਵ ਹੈ। ਸਾਧੂ ਦੀ ਪ੍ਰਤੀਬੱਧਤਾ ਕਮਾਲ ਦੀ ਹੈ। ਉਹ ਜਿਹੜਾ ਵੀ ਕੰਮ ਹੱਥ ਵਿੱਚ ਲੈ ਲਵੇ, ਲਗਨ ਨਾਲ ਕਰਦਾ ਹੈ। ਲ਼ਗਾਤਾਰਤਾ ਬਣਾ ਕੇ ਰੱਖਦਾ ਹੈ। ਉਸ ਦੀ ਪ੍ਰਤੀਬਧਤਾ ਇਸ ਹੱਦ ਤੱਕ ਹੈ ਕਿ ਉਸ ਕੰਮ ਵਿੱਚ ਮੁਕਾਮ ਹਾਸਲ ਕਰਨ ਲਈ ਆਪਣਾ ਨਫ਼ਾ ਨੁਕਸਾਨ ਨਹੀਂ ਵੇਖਦਾ। ਵਕਤ ਨਿਛਾਵਰ ਕਰਦਾ ਹੈ। ਮਿਹਨਤ ਨਾਲ ਜੁਟ ਜਾਂਦਾ ਹੈ। ਉਸਨੇ ਜਿਹੜਾ ਵੀ ਕਾਜ ਹੱਥ ਲਿਆ, ਉਸ ਵਿੱਚ ਸਫਲਤਾ ਪਾਈ। ਇੱਕ ਲੇਖਕ, ਸੱਭਿਆਚਾਰਕ ਕਾਮਾ, ਸਮਾਜਿਕ ਕਾਰਕੁੰਨ ਤੇ ਨਾਸਤਿਕ ਹੁੰਦਿਆਂ ਉਸਦਾ ਕੀਤਾ ਕੰਮ ਬੋਲਦਾ ਹੈ। ਪ੍ਰੇਰਿਤ ਕਰਦਾ ਹੈ। ਸਾਧੂ ਨਾਲ ਕੰਮ ਕਰਦਿਆਂ ਬਹੁਤ ਯਾਦਾਂ ਜੁੜੀਆਂ ਹਨ, ਜਿਹੜੀਆਂ ਜੀਵਨ ਦਾ ਮਾਣ ਹਨ। ਸਾਧੂ ਬਿਨਿੰਗ ਦੀ ਪ੍ਰਤੀਬਧਤਾ ਤੇ ਲਗਨ ਤੋਂ ਸਦਕੇ ਜਾਣ ਨੂੰ ਜੀਅ ਕਰਦਾ ਹੈ। **ਸੁਖਵੰਤ ਹੁੰਦਲ, ਕੈਨੇਡਾ**

‘ਸ਼ਿਕਾਰਾ’ ਬਨਾਮ ‘ਕਸ਼ਮੀਰ ਫਾਈਲਜ’-ਇੱਕ ਫ਼ਿਲਮ ’ਤੇ ਚੁੱਪ, ਦੂਜੀ ਦਾ ਪ੍ਰਚਾਰ

“ਕਸ਼ਮੀਰ ਫਾਈਲਜ” ਫ਼ਿਲਮ ’ਤੇ ਅਸ਼ੋਕ ਕੁਮਾਰ ਪਾਂਡੇ ਦੀ ਟਿੱਪਣੀ : ਇਸ ’ਤੇ ਜਰੂਰ ਨਜ਼ਰ ਮਾਰੋ । ਅਸ਼ੋਕ ਕੁਮਾਰ ਪਾਂਡੇ ਨੇ “ਕਸ਼ਮੀਰ ਔਰ ਕਸ਼ਮੀਰੀ ਪੰਡਤ” ਨਾਂ ਵਾਲੀ ਇੱਕ ਕਿਤਾਬ ਲਿਖੀ ਹੈ। 399 ਪੰਨਿਆਂ ਦੀ ਇਸ ਕਿਤਾਬ ਵਿਚ ਅਸ਼ੋਕ ਨੇ ਉਨ੍ਹਾਂ ਸਾਰੀਆਂ ਕਿਤਾਬਾਂ ਦਾ ਵੇਰਵਾ ਦਿੱਤਾ ਹੈ ਜਿੱਥੋਂ ਉਸਨੇ ਤੱਥ ਲਏ ਹਨ ਅਤੇ ਆਪਣੀ ਗੱਲ ਕਹੀ ਹੈ। ਇਸ ਤਰ੍ਹਾਂ ਇਸ ਕਿਤਾਬ ਨੂੰ ਪੜ੍ਹਦਿਆਂ ਤੁਸੀਂ ਕਸ਼ਮੀਰ ਤੇ ਕਸ਼ਮੀਰੀ ਪੰਡਤਾਂ ਉੱਪਰ ਲਿਖੀਆਂ ਕੁਝ ਹੋਰ ਕਿਤਾਬਾਂ ਬਾਰੇ ਵੀ ਜਾਣ ਸਕਦੇ ਹੋ। ਰਾਜਕਮਲ ਪਬਲਿਸ਼ਰ ਤੋਂ ਪ੍ਰਕਾਸ਼ਤ ਇਸ ਕਿਤਾਬ ਦੀ ਕੀਮਤ 399 ਰੁਪਏ ਹੈ ਭਾਵ ਇੱਕ ਰੁਪਏ ਦਾ ਇੱਕ ਪੰਨਾ। ਅਸ਼ੋਕ ਕੁਮਾਰ ਪਾਂਡੇ ਨੇ ਇਸ ਸੰਦਰਭ ਵਿੱਚ ਬਣਾਈ ਵੀਡੀਓ ਵਿੱਚ ਵੀ ਤੱਥਾਂ ਦੇ ਆਧਾਰ ’ਤੇ ਆਪਣੀ ਗੱਲ ਕਹੀ ਹੈ। ਸਾਡੀ ਉਸ ਨੂੰ ਬੇਨਤੀ ਹੈ ਕਿ ਵੀਡੀਓ ’ਤੇ ਆਈਆਂ ਚਿੰਤਾਵਾਂ ਅਤੇ ਆਲੋਚਨਾਵਾਂ ਨੂੰ ਧਿਆਨ ਨਾਲ ਪੜ੍ਹੇ ਅਤੇ ਜੇ ਸੰਭਵ ਹੋਵੇ ਤਾਂ ਸਵਾਲਾਂ ਨੂੰ ਲੈ ਕੇ ਇਕ ਹੋਰ ਵੀਡੀਓ ਬਣਾ ਦੇਵੇ ।

ਮੇਰਾ ਆਪਣਾ ਮੰਨਣਾ ਹੈ ਕਿ ਧਾਰਾ 370 ਅਤੇ ਕਸ਼ਮੀਰ ਦੇ ਸਵਾਲ ਨੇ ਹਿੰਦੀ ਪ੍ਰਦੇਸ਼ਾਂ ਦੀ ਰਾਜਨੀਤੀ ਨੂੰ ਬਰਬਾਦ ਕਰ ਦਿੱਤਾ ਹੈ। ਇਹ ਗੱਲ ਮੈਂ ਆਪਣੇ ਸ਼ੋਅ ਵਿੱਚ ਕਈ ਵਾਰ ਕਹਿੰਦਾ ਅਤੇ ਲਿਖਦਾ ਰਿਹਾ ਹਾਂ। ਬਿਨਾਂ ਸਮਝੇ ਬਿਨਾਂ ਪੜ੍ਹੇ ਅੱਧੇ ਅਧੂਰੇ ਤੱਥਾਂ ਨੂੰ ਲੈ ਕੇ ਹਰ ਇਨਸਾਨ ਅੰਤਮ ਸੱਚ ਦਾ ਦਾਅਵਾ ਕਰਦਾ ਮਿਲ ਜਾਵੇਗਾ। ਕਸ਼ਮੀਰੀ ਪੰਡਤਾਂ ਦੇ ਕਤਲੇਆਮ ਤੇ ਹਿਜਰਤ ਦੇ ਦੁਖਦ ਇਤਿਹਾਸ ਨੂੰ ਇਕ ਰਾਜਨੀਤਕ ਧਿਰ (ਫਾਸ਼ੀਵਾਦੀ ਤਾਕਤ) ਨੇ ਸੁਖਦ ਮੁੱਦੇ ਦੇ ਰੂਪ ਵਿੱਚ ਫੈਲਾਇਆ ਤਾਂ ਕਿ ਯੂ. ਪੀ. ਬਿਹਾਰ ਦੇ ਲੋਕ ਇਸ ਦੀ ਚਪੇਟ ਵਿੱਚ ਆ ਜਾਣ ਤੇ ਨਫ਼ਰਤ ਦੀ ਅੱਗ ਤੇਜ਼ੀ ਨਾਲ ਫੈਲੇ। ਇਸ ਮਸਲੇ ਵਿੱਚ ਉਸ ਧਿਰ ਨੂੰ ਕਾਮਯਾਬੀ ਵੀ ਮਿਲ ਰਹੀ ਹੈ ।

ਇਸ ਮੁੱਦੇ ’ਤੇ ਕੋਈ ਵੀ ਵਿਰੋਧੀ ਪਾਰਟੀ ਗੰਭੀਰਤਾ ਨਾਲ ਆਪਣਾ ਪੱਖ ਰੱਖਦੀ ਪ੍ਰਤੀਤ ਨਹੀਂ ਹੁੰਦੀ। ਕਿਸੇ ਇੱਕ ਅੱਧੀ ਪਾਰਟੀ ਨੂੰ ਛੱਡ ਕੇ ਕਿਸੇ ਨੇ ਵੀ ਧਾਰਾ 370 ਹਟਾਉਣ ਦਾ ਡਟਵਾਂ ਵਿਰੋਧ ਨਹੀਂ ਕੀਤਾ। ਕਸ਼ਮੀਰੀ ਪੰਡਤਾਂ ਦੀ ਹਿਜਰਤ ਵੇਲੇ ਕੇਂਦਰ ਵਿੱਚ ਸਰਕਾਰ ਦੀ ਭਾਜਪਾ ਭਾਈਵਾਲ ਸੀ , ਇਹ ਮੁੱਦਾ ਵੀ ਵਿਰੋਧੀ ਜ਼ੋਰ ਸ਼ੋਰ ਨਾਲ ਨਹੀਂ ਉਠਾ ਸਕੇ । ਇੱਕ ਕਿਸਮ ਨਾਲ ਫਾਸ਼ੀਵਾਦੀ ਤਾਕਤਾਂ ਨੂੰ ਖੁੱਲ੍ਹ ਖੇਡ ਲਈ ਪੂਰਾ ਮੈਦਾਨ ਹੀ ਖਾਲੀ ਛੱਡ ਦਿੱਤਾ ਗਿਆ। ਇਕ ਹੋਰ ਗੱਲ; ਕਸ਼ਮੀਰ ਬਾਰੇ ਜੋ ਵੀ ਲਿਖਿਆ ਗਿਆ ਜ਼ਿਆਦਾਤਰ ਅੰਗਰੇਜ਼ੀ ਵਿੱਚ ਲਿਖਿਆ ਗਿਆ। ਅੰਗਰੇਜੀ ਅਖਬਾਰਾਂ ਦੇ ਸੰਪਾਦਕੀ ਪੰਨਿਆਂ ’ਤੇ ਕਸ਼ਮੀਰ ਜਾਣ ਵਾਲੇ ਪੱਤਰਕਾਰ ਹੀ ਲਿਖਿਆ ਕਰਦੇ ਸਨ। ਮੈਂ ਉਨ੍ਹਾਂ ਸਾਰੇ ਲੇਖਾਂ ਨੂੰ ਖਾਰਜ ਕਰਨ ਦੀ ਹੈਸੀਅਤ ਨਹੀਂ ਰੱਖਦਾ ਪਰ ਇਸ ਤਰ੍ਹਾਂ ਜਾਪਦਾ ਹੈ ਕਿ ਇਨ੍ਹਾਂ ਲੇਖਾਂ ਦਾ ਮਕਸਦ ਉਨ੍ਹਾਂ ਸਵਾਲਾਂ ਦਾ ਵਾਰ ਵਾਰ ਜਵਾਬ ਦੇਣਾ ਨਹੀਂ ਸੀ ਜਿਨ੍ਹਾਂ ਬਾਰੇ ਹਿੰਦੀ ਪ੍ਰਦੇਸ਼ਾਂ ਦੇ ਨੇਤਾ, ਵਰਕਰ ਅਤੇ ਪਾਠਕਾਂ ਦਾ ਵਰਗ ਹਮੇਸ਼ਾ ਗੁੱਸੇ ਵਿੱਚ ਰਿਹਾ। ਜੇਕਰ ਉਨ੍ਹਾਂ ਨੂੰ ਗਲਤ ਧਾਰਨਾਵਾਂ ਵਿਚ ਲਿਜਾਇਆ ਗਿਆ ਤਾਂ ਉਨ੍ਹਾਂ ਕੋਲ ਸਹੀ ਧਾਰਨਾਵਾਂ ਦਾ ਵਿਕਲਪ (ਬਦਲ) ਵੀ ਮੌਜੂਦ ਨਹੀਂ ਸੀ। ਅਸ਼ੋਕ ਕੁਮਾਰ ਪਾਂਡੇ ਤੋਂ ਇਲਾਵਾ ਉਰਮਿਲੇਸ਼ ਦੀ ਕਿਤਾਬ ਵੀ ਹਿੰਦੀ ਵਿੱਚ ਲਿਖੀ ਮਿਲਦੀ ਹੈ ।

ਸ੍ਰੀਨਗਰ ਵਿੱਚ ਪਿਛਲੇ ਸਾਲ ਅਕਤੂਬਰ ਵਿੱਚ ਮੱਖਣ ਲਾਲ ਬਿੰਦੂ ਦੀ ਹੱਤਿਆ ਕਰ ਦਿੱਤੀ ਗਈ। ਮੱਖਣ ਲਾਲ ਬਿੰਦੂ ਦੀ ਦਵਾਈਆਂ ਦੀ ਦੁਕਾਨ ਸੀ ਅਤੇ ਅਤਿਵਾਦੀ ਹਮਲਿਆਂ ਦੇ ਦਿਨਾਂ ਵਿੱਚ ਵੀ ਉਹ ਦੁਕਾਨ ਖੁੱਲ੍ਹੀ ਰਹਿੰਦੀ ਸੀ। ਉਸ ਦੀ ਹੱਤਿਆ ਕਿਉਂ ਹੋਈ ਤੇ ਹੱਤਿਆ ਤੋਂ ਬਾਅਦ ਕਸ਼ਮੀਰ ਦੇ ਸਮਾਜ ਨੇ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਦਿੱਤੀ ਇਹ ਸਾਰਾ ਕੁਝ ਸਾਨੂੰ ਜਾਨਣਾ ਚਾਹੀਦਾ ਹੈ ।

ਹਾਲ ਹੀ ਦੇ ਦਿਨਾਂ ਵਿੱਚ ਕਸ਼ਮੀਰੀ ਪੰਡਤਾਂ ਦੀ ਹੱਤਿਆ ਤੇ ਹਿਜਰਤ ਤੇ ਬਣੀ ਇਕ ਫ਼ਿਲਮ ਆਈ ਸੀ “ਸ਼ਿਕਾਰਾ”। ਇਸ ਫ਼ਿਲਮ ਦੇ ਲੇਖਕ ਰਾਹੁਲ ਪੰਡਿਤ ਤੇ ਨਿਰਦੇਸ਼ਕ ਵਿਧੂ ਵਿਨੋਦ ਚੋਪੜਾ ਦੋਵੇਂ ਹੀ ਕਸ਼ਮੀਰੀ ਪੰਡਿਤ ਹਨ। ਦੋਵਾਂ ਦੇ ਹੀ ਘਰ ਜਲ ਗਏ ਅਤੇ ਦੋਵਾਂ ਨੂੰ ਹੀ ਛੱਡਣੇ ਪਏ। ਉਹਨਾਂ ਦੇ ਕਈ ਰਿਸ਼ਤੇਦਾਰ ਮਾਰੇ ਗਏ। ਸ਼ਿਕਾਰਾ ਫ਼ਿਲਮ ਨੂੰ ਲੈ ਕੇ ਫਾਸ਼ੀਵਾਦੀ ਤਾਕਤਾਂ ਚੁੱਪ ਕਿਉਂ ਰਹੀਆਂ ? ਤੁਸੀਂ ਇਸ ਸਵਾਲ ਦਾ ਜਵਾਬ ਲੱਭੋ। ਇਨ੍ਹਾਂ ਦੋਵਾਂ ਨੂੰ ਕਸ਼ਮੀਰ ਬਾਰੇ ਫ਼ਿਲਮ ਬਣਾਉਣ ਤੇ ਟਰੋਲ ਕਿਉਂ ਕੀਤਾ ਗਿਆ। ਜਵਾਬ ਤੁਹਾਨੂੰ ਸ਼ਿਕਾਰਾ ਫ਼ਿਲਮ ਦੇਖ ਹੀ ਮਿਲ ਜਾਵੇਗਾ ਤੇ ਦੋਵਾਂ ਫ਼ਿਲਮਾਂ ਦਾ ਫਰਕ ਵੀ ਸਾਫ਼ ਪਤਾ ਲੱਗ ਜਾਵੇਗਾ। ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ ਅਤੇ ਕਸ਼ਮੀਰੀ ਪੰਡਤਾਂ ਨੂੰ ਲੈ ਕੇ ਕਿਸ ਕਿਸਮ ਦੀਆਂ ਧਾਰਨਾਵਾਂ ਵਿਸ਼ੇਸ਼ ਪ੍ਰਾਪੇਗੰਡੇ ਰਾਹੀਂ ਫੈਲਾਈਆਂ ਗਈਆਂ, ਉਸ ਨੂੰ ਸੈਂਕੜੇ ਇਤਿਹਾਸਕਾਰ ਵੀ ਠੀਕ ਨਹੀਂ ਕਰ ਸਕਦੇ। ਅਸ਼ੋਕ ਕੁਮਾਰ ਪਾਂਡੇ ...**ਬਾਕੀ ਪੰਨਾ 35 ’ਤੇ**

ਦਿਮਾਗ਼ੀ ਚਿੱਪ- ਆਸ ਅਤੇ ਖ਼ਤਰੇ




ਗਗਨ ਰਾਮਪੁਰਾ

ਵਿਗਿਆਨ ਦੀ ਤਰੱਕੀ ਸਦਕਾ ਮਨੁੱਖ ਨੇ ਇੱਕ ਅਜਿਹੀ ਇਲੈਕਟ੍ਰਾਨਿਕ ਚਿੱਪ ਦਾ ਵਿਕਾਸ ਕਰ ਲਿਆ ਹੈ ਜੋ ਮਨੁੱਖ ਦੇ ਦਿਮਾਗ਼ ਵਿੱਚ ਲਗਾਈ ਜਾ ਸਕਦੀ ਹੈ। ਇਸ ਨਾਲ ਮਨੁੱਖ ਦਾ ਦਿਮਾਗ਼ ਸਿੱਧਾ ਹੀ ਕੰਪਿਊਟਰ/ਇੰਟਰਨੈੱਟ ਨਾਲ ਜੁੜ ਜਾਵੇਗਾ। ਮਨੁੱਖ ਬਿਨ੍ਹਾਂ ਕਿਸੇ ਕੀ-ਬੋਰਡ/ਮਾਊਸ ਦੀ ਵਰਤੋਂ ਕੀਤੇ ਕੰਪਿਊਟਰ ਨੂੰ ਹਦਾਇਤਾਂ ਦੇ ਸਕੇਗਾ। ਇਸ ਦੇ ਉਲਟ ਕੰਪਿਊਟਰ ਵੀ ਮਨੁੱਖ ਨੂੰ ਹਦਾਇਤਾਂ ਦੇਣ ਦੇ ਪੂਰੀ ਤਰ੍ਹਾਂ ਸਮਰੱਥ ਹੋਵੇਗਾ।

ਇਸ ਤਕਨੀਕ ਨੂੰ ਸਮਝਣ ਅਤੇ ਇਸ ਤਕਨੀਕ ਦੀਆਂ ਲਾਭ-ਹਾਨੀਆਂ ਵਿਚਾਰਨ ਤੋਂ ਪਹਿਲਾਂ ਇਸ ਪ੍ਰਸ਼ਨ ਦਾ ਉੱਤਰ ਜਾਣਨਾ ਅਤਿ ਜ਼ਰੂਰੀ ਹੈ ਕਿ, ਕੀ ਵਿਗਿਆਨ ਹਰ ਹਾਲਤ ਮਨੁੱਖ ਲਈ ਲਾਹੇਵੰਦ ਹੈ ? ਪਹਿਲੀ ਨਜ਼ਰੇ ਵੇਖਿਆ ਜਾਵੇ ਤਾਂ ਵਿਗਿਆਨ ਸਾਨੂੰ ਅਤਿ ਲਾਹੇਵੰਦ ਨਜ਼ਰ ਆਉਂਦੀ ਹੈ ਜਿਸ ਦੀ ਮਦਦ ਨਾਲ ਮਨੁੱਖ ਆਦਿ ਮਾਨਵ ਤੋਂ ਅੱਜ ਦੀਆਂ ਅਤਿ ਆਧੁਨਿਕ ਆਰਾਮ ਵਾਲੀਆਂ ਹਾਲਤਾਂ ਵਿੱਚ ਜ਼ਿੰਦਗੀ ਦਾ ਆਨੰਦ ਲੈ ਰਿਹਾ ਹੈ। ਪਰ ਵਿਗਿਆਨ ਦਾ ਲਾਹੇਵੰਦ ਜਾਂ ਮਾਰੂ ਹੋਣਾ ਉਸਦੀ ਵਰਤੋਂ ਦੇ ਤਰੀਕੇ ਉੱਪਰ ਵੀ ਨਿਰਭਰ ਕਰਦਾ ਹੈ। ਜਿਸ ਤਰ੍ਹਾਂ ਅੱਗ ਦੀ ਖੋਜ ਖਾਣਾ ਬਣਾਉਣ ਲਈ ਲਾਹੇਵੰਦ ਹੈ, ਪਰ ਜੇਕਰ ਅੱਗ ਘਰ ਨੂੰ ਲੱਗ ਜਾਵੇ ਤਾਂ ਨੁਕਸਾਨ ਹੋਵੇਗਾ। ਇਸ ਤਰ੍ਹਾਂ ਦਿਮਾਗ਼ੀ ਚਿੱਪ ਦੀ ਵਰਤੋਂ ਜੇਕਰ ਮਨੁੱਖੀ ਲਾਭ ਲਈ ਹੋਵੇ ਤਾਂ ਲਾਹੇਵੰਦ ਹੈ, ਪਰ ਜੇਕਰ ਕਾਰਪੋਰੇਟ/ਸਾਮਰਾਜ ਦੁਆਰਾ ਮਨੁੱਖ ਦੇ ਦਿਮਾਗ਼ ਨੂੰ ਆਪਣੇ ਵੱਸ ਵਿੱਚ ਕਰਕੇ ਉਸਨੂੰ ਆਪਣੀ ਲੋੜ ਅਨੁਸਾਰ ਹਦਾਇਤਾਂ ਦੇਣ ਲਈ ਕੀਤੀ ਜਾਵੇ ਤਾਂ ਅਤਿ ਖ਼ਤਰਨਾਕ ।

ਬਹੁਤ ਸਾਰੇ ਪਾਠਕਾਂ ਨੂੰ ਸਮਝ ਆ ਗਿਆ ਹੋਵੇਗਾ ਕਿ ਇੱਥੇ ਆਪਾਂ ਐਲਨ ਮਸਕ ਨਾਮ ਦੇ ਪੂੰਜੀਪਤੀ ਦੇ ਨਿਊਰਾ ਲਿੰਕ ਪ੍ਰੋਜੈਕਟ ਦੀ ਗੱਲ ਕਰ ਰਹੇ ਹਾਂ। ਇਹ ਪ੍ਰੋਜੈਕਟ 2016 ਵਿੱਚ ਸ਼ੁਰੂ ਕੀਤਾ ਗਿਆ ਸੀ। ਐਲਨ ਮਸਕ, ਅਮਰੀਕਾ ਵਿੱਚ ਸਥਿਤ ਕਈ ਅਜਿਹੇ ਪ੍ਰੋਜੈਕਟ ਚਲਾ ਰਿਹਾ ਹੈ ਜਿਸ ਨੂੰ ਵਿਗਿਆਨ ਦੀ ਦ੍ਰਿਸ਼ਟੀ ਤੋਂ ਅਤਿ ਕ੍ਰਾਂਤੀਕਾਰੀ ਕਿਹਾ ਜਾ ਸਕਦਾ ਹੈ। ਉਹ ਸਟਾਰ ਲਿੰਕ ਪ੍ਰੋਜੈਕਟ ਅਧੀਨ ਉਪਗ੍ਰਹਿਆਂ ਰਾਹੀਂ, ਦੁਨੀਆਂ ਭਰ ਵਿੱਚ ਇੰਟਰਨੈੱਟ ਸਰਵਿਸ ਸ਼ੁਰੂ ਕਰ ਚੁੱਕਾ ਹੈ। ਇਸ ਲਈ ਉਸਨੇ ਹੁਣ ਤੱਕ 2000 ਉਪਗ੍ਰਹਿ ਧਰਤੀ ਦੇ ਲੋਅਰ ਆਰਬਿਟ ਵਿੱਚ ਸਥਾਪਿਤ ਕਰ ਦਿੱਤੇ ਹਨ ਅਤੇ ਉਸਦੀ ਸਕੀਮ ਅਨੁਸਾਰ ਕੁੱਲ 42,000 ਉਪਗ੍ਰਹਿ ਸਥਾਪਿਤ ਕੀਤੇ ਜਾਣੇ ਹਨ। ਦੂਜਾ ਵੱਡਾ ਪ੍ਰੋਜੈਕਟ ਸਪੇਸ ਐਕਸ ਹੈ। ਇਸ ਕੰਪਨੀ ਰਾਹੀਂ ਜਿੱਥੇ ਉਹ ਆਪਣੇ ਸਟਾਰ ਲਿੰਕ ਦੇ ਉਪਗ੍ਰਹਿ ਭੇਜ ਰਿਹਾ ਹੈ, ਉੱਥੇ ਮੰਗਲ ਗ੍ਰਹਿ ਉੱਪਰ ਮਨੁੱਖੀ ਕਲੋਨੀ ਸਥਾਪਿਤ ਕਰਨ ਵਰਗੇ ਅਤਿ ਅਭਿਲਾਸ਼ੀ ਪ੍ਰੋਜੈਕਟ 'ਤੇ ਕੰਮ ਕਰ ਰਿਹਾ ਹੈ। ਬਿਜਲੀ ਉੱਪਰ ਚਲਨ ਵਾਲੀਆਂ ਕਾਰਾਂ ਦੀ ਟੈਸਲਾ ਕੰਪਨੀ ਵੀ ਉਸੇ ਦਾ ਪ੍ਰੋਜੈਕਟ ਹੈ। ਐਲਨ ਮਸਕ ਬਾਰੇ ਇਹ ਸੀਮਤ ਜਾਣਕਾਰੀ ਇਹ ਗੱਲ ਸਮਝਣ ਲਈ ਜ਼ਰੂਰੀ ਸੀ ਕਿ ਇਹ ਦਿਮਾਗ਼ੀ ਚਿੱਪ ਬਣਾਉਣ ਤੇ ਲਗਾਉਣ ਵਾਲਾ ਕਾਰਪੋਰੇਟ ਕਿੰਨਾ ਕੁ ਸ਼ਕਤੀਸ਼ਾਲੀ ਹੈ।



ਆਓ ਇਸ ਚਿੱਪ ਦੀ ਤਕਨੀਕ ਨੂੰ ਸਮਝੀਏ। ਮਨੁੱਖੀ ਦਿਮਾਗ਼ ਦੀ ਸਭ ਤੋਂ ਮੁੱਢਲੀ ਇਕਾਈ ਨਿਊਰਾਨ (Neuron) ਹੈ। ਦਿਮਾਗ਼ ਵਿੱਚ ਇਹਨਾਂ ਨਿਊਰਾਨਾਂ ਦੀ ਗਿਣਤੀ ਲਗਭਗ 86 ਬਿਲੀਅਨ ਹੁੰਦੀ ਹੈ। ਦਿਮਾਗ਼ ਵਿੱਚ ਇਹ ਨਿਊਰਾਨਜ਼ ਇੱਕ ਦੂਜੇ ਨੂੰ ਸਿਗਨਲ ਭੇਜਦੇ ਹਨ। ਨਿਊਰਾਨ ਦਾ ਇੱਕ ਧਾਗਾ ਨੁਮਾ ਹਿੱਸਾ ਹੁੰਦਾ ਹੈ ਜਿਸ ਰਾਹੀਂ ਉਹ ਦੂਜੇ ਨਿਊਰਾਨ ਨਾਲ ਜੁੜਿਆ ਹੁੰਦਾ ਹੈ। ਇਸ ਧਾਗਾ ਨੁਮਾ ਹਿੱਸੇ ਨੂੰ ਐਕਸਨ (Axon) ਕਿਹਾ ਜਾਂਦਾ ਹੈ। ਸਿਗਨਲ ਭੇਜਣ ਲਈ ਨਿਊਰਾਨ ਦੀ ਸੈੱਲ ਬਾਡੀ (Cell Body) ਆਪਣੇ ਐਕਸਨ ਨੂੰ ਇਲੈਕਟ੍ਰਿਕ ਸਿਗਨਲ ਭੇਜਦੀ ਹੈ। ਐਕਸਨ ਇਹਨਾਂ ਇਲੈਕਟ੍ਰਿਕ ਸਿਗਨਲਾਂ ਅਨੁਸਾਰ ਦੂਜੇ ਨਿਊਰਾਨ ਨੂੰ ਕੈਮੀਕਲ ਸਿਗਨਲ ਭੇਜਦਾ ਹੈ। ਜਦ ਨਿਊਰਾਨ ਦੇ ਸਿਗਨਲ

ਐਕਸਨ ਵਿੱਚ ਇਲੈਕਟ੍ਰਿਕ ਸਿਗਨਲ ਦੇ ਰੂਪ ਵਿੱਚ ਹੁੰਦੇ ਹਨ, ਤਦ ਇਨ੍ਹਾਂ ਇਲੈਕਟ੍ਰਿਕ ਸਿਗਨਲਜ਼ ਨੂੰ ਇਲੈਕਟ੍ਰੋਡਜ਼ ਦੀ ਮਦਦ ਨਾਲ ਪੜ੍ਹ ਲਿਆ ਜਾਵੇਗਾ । ਇਸ ਤਰ੍ਹਾਂ ਦੀ ਹੀ ਪ੍ਰੀਕ੍ਰਿਆ ਨਾਲ ਦਿਮਾਗ਼ ਨੂੰ ਵੀ ਸਿਗਨਲ ਦਿੱਤੇ ਵੀ ਜਾ ਸਕਦੇ ਹਨ। ਕਈ ਇਲੈਕਟ੍ਰੋਡ ਇੱਕ ਤਾਰ ਦੇ ਰੂਪ ਵਿੱਚ ਜੁੜੇ ਹੁੰਦੇ ਹਨ। ਇਹ ਤਾਰਾਂ ਇੱਕ ਪ੍ਰੋਸੈਸਰ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਬਰੀਕ ਤਾਰਾਂ ਦੀ ਮੋਟਾਈ ਆਪਣੇ ਸਿਰ ਦੇ ਵਾਲ ਤੋਂ ਵੀ ਕਿਤੇ ਮਹੀਨ ਹੁੰਦੀ ਹੈ। ਇਹ ਪ੍ਰੋਸੈਸਰ ਦਾ ਆਕਾਰ ਪੰਜ ਰੁਪਏ ਦੇ ਸਿੱਕੇ ਜਿੰਨਾ ਹੁੰਦਾ ਹੈ। ਇਹ ਪ੍ਰੋਸੈਸਰ ਆਪਣੀ ਸਿਰ ਦੀ ਖੋਪੜੀ ਅੰਦਰ ਹੀ ਫਿਟ ਕੀਤਾ ਜਾਵੇਗਾ। ਪ੍ਰੋਸੈਸਰ ਵਾਇਰਲੈੱਸ ਤਰੀਕੇ ਨਾਲ ਇੰਟਰਨੈੱਟ/ਕੰਪਿਊਟਰ ਨਾਲ ਜੁੜਨ ਯੋਗ ਹੋਵੇਗਾ। ਫਿਰ ਇਸ ਨਾਲ ਬਿਨ੍ਹਾਂ ਹੱਥਾਂ ਦੀ ਵਰਤੋਂ ਕੀਤੇ ਟਾਈਪ ਆਦਿ ਕਰਨ ਦੇ ਅਨੇਕਾਂ ਕੰਮ ਕੀਤੇ ਜਾ ਸਕਣਗੇ। ਪ੍ਰੋਸੈਸਰ ਨੂੰ ਰੋਜ਼ਾਨਾ ਵਾਇਰਲੈੱਸ ਚਾਰਜਰ ਨਾਲ ਚਾਰਜ ਕਰਨ ਦੀ ਜ਼ਰੂਰਤ ਪਵੇਗੀ। ਦਿਮਾਗ਼ ਵਿੱਚ ਪ੍ਰੋਸੈਸਰ ਅਤੇ ਇਲੈਕਟ੍ਰੋਡ ਲਗਾਉਣ ਦਾ ਅਪਰੇਸ਼ਨ ਬਹੁਤ ਹੀ ਮਹੀਨ ਹੋਣ ਕਾਰਨ, ਇਸ ਅਪਰੇਸ਼ਨ ਨੂੰ ਕਰਨ ਲਈ ਸਪੈਸ਼ਲ ਰੋਬੋਟ ਤਿਆਰ ਕੀਤੇ ਗਏ ਹਨ। ਕੰਪਨੀ ਦੇ ਕਲੇਮ ਅਨੁਸਾਰ ਇਹ ਅਪਰੇਸ਼ਨ ਸਿਰਫ਼ ਇੱਕ ਘੰਟੇ ਦਾ ਹੋਵੇਗਾ। ਸਵੇਰੇ ਅਪਰੇਸ਼ਨ ਕਰਵਾਉਣ ਆਇਆ ਵਿਅਕਤੀ, ਅਪਰੇਸ਼ਨ ਕਰਵਾ ਕੇ ਸ਼ਾਮ ਨੂੰ ਆਪਣੇ ਘਰ ਵਾਪਸ ਜਾ ਸਕੇਗਾ।

ਇਸ ਤਕਨੀਕ ਦਾ ਸਭ ਤੋਂ ਮਹੱਤਵਪੂਰਨ ਲਾਹਾ ਸਮਝੀਏ। ਅਧਰੰਗ ਦੀ ਬਿਮਾਰੀ ਤੋਂ ਪੀੜਤ ਲੋਕ, ਆਪਣੇ ਦਿਮਾਗ਼ ਰਾਹੀਂ ਆਪਣੇ ਅੰਗਾਂ ਨੂੰ ਸਹੀ ਸੰਦੇਸ਼ ਭੇਜਣ ਵਿੱਚ ਅਸਮਰਥ ਹੁੰਦੇ ਹਨ। ਜਿਸ ਕਰਕੇ ਉਨ੍ਹਾਂ ਦੇ ਅੰਗ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਸਕਦੇ। ਹੁਣ ਦਿਮਾਗ਼ ਵੀ ਸਹੀ ਕੰਮ ਕਰ ਰਿਹਾ ਹੈ ਅਤੇ ਅੰਗ ਵੀ ਸਹੀ ਕੰਮ ਕਰ ਸਕਦੇ ਹਨ। ਇੱਥੇ ਇਹ ਤਕਨੀਕ ਨਾਲ ਦਿਮਾਗ਼ ਤੋਂ ਅੰਗਾਂ ਨੂੰ ਸਹੀ ਸੰਦੇਸ਼ ਭੇਜੇ ਜਾ ਸਕਦੇ ਹਨ। ਜਿਸ ਨਾਲ ਮਨੁੱਖ ਆਪਣੇ ਅੰਗਾਂ ਤੋਂ, ਬਿਮਾਰੀ ਤੋਂ ਪਹਿਲਾਂ ਦੀ ਤਰ੍ਹਾਂ ਕੰਮ ਲੈ ਸਕੇਗਾ। ਇਸੇ ਤਰ੍ਹਾਂ ਰੀੜ੍ਹ ਦੀ ਹੱਡੀ ਵਿੱਚ ਕਿਸੇ ਖ਼ਰਾਬੀ ਕਾਰਨ, ਦਿਮਾਗ਼ ਦੇ ਸੰਦੇਸ਼ ਅੱਗੇ ਨਹੀਂ ਜਾ ਰਹੇ ਤਾਂ ਇੱਥੇ ਵੀ ਇਹ ਤਕਨੀਕ ਲਾਹੇਵੰਦ ਹੈ। ਇਸ ਤੋਂ ਬਿਨ੍ਹਾਂ ਹੋਰ ਕਈ ਨਿਊਰੋਲੋਜੀਕਲ ਬਿਮਾਰੀਆਂ ਵਿੱਚ ਇਹ ਤਕਨੀਕ ਮਦਦਗਾਰ ਹੋ ਸਕਦੀ ਹੈ।

ਇਹ ਚਿੱਪ ਸਿਰਫ਼ ਗੰਭੀਰ ਬਿਮਾਰੀਆਂ ਲਈ ਵਰਤੀ ਜਾਵੇ ਤਾਂ ਠੀਕ ਹੈ। ਪਰ ਇਸ ਦੀ ਵਰਤੋਂ ਇੱਥੋਂ ਤੱਕ ਸੀਮਤ ਰਹੇ ਇਹ ਪ੍ਰਤੀਤ ਨਹੀਂ ਹੁੰਦਾ। ਇਸ ਤਰ੍ਹਾਂ ਦੀਆਂ ਕਈ ਗੱਲਾਂ ਐਲਨ ਮਸਕ ਵੱਲੋਂ ਕਹੀਆਂ ਜਾ ਰਹੀਆਂ ਹਨ, ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਚਿੱਪ ਲੋਕਾਂ ਦੇ ਇੱਕ ਵੱਡੇ ਸਮੂਹ ਨੂੰ ਲਗਾਈ ਜਾਵੇਗੀ। ਐਲਨ ਮਸਕ ਨੇ ਆਪਣੀ ਇੱਕ ਇੰਟਰਵਿਊ ਵਿੱਚ ਇਹ ਵਿਚਾਰ ਪੇਸ਼ ਕੀਤੇ ਕਿ AI (ਆਰਟੀਫਿਸ਼ਲ ਇੰਟੈਲੀਜੈਂਸ) ਦਾ ਵਿਕਾਸ ਮਨੁੱਖ ਲਈ ਇੱਕ ਵੱਡਾ ਖ਼ਤਰਾ ਬਣਨ ਜਾ ਰਿਹਾ ਹੈ । AI ਇੱਕ ਅਜਿਹਾ ਕੰਪਿਊਟਰ ਸਿਸਟਮ ਹੈ ਜੋ ਆਪਣੇ ਆਪ ਇਨਸਾਨਾਂ ਵਾਂਗੂੰ ਸਿੱਖ ਕੇ ਆਪਣੇ ਆਪ ਨੂੰ ਹੋਰ ਬਿਹਤਰ ਬਣਾ ਸਕਦਾ ਹੈ । ਐਲਨ ਮਸਕ ਅਨੁਸਾਰ ਇਹ ਇੰਨਾ ਐਡਵਾਂਸ ਹੋ ਸਕਦਾ ਹੈ ਕਿ ਆਪਾਂ ਨੂੰ ਹੀ ਕੰਟ੍ਰੋਲ ਕਰਨ ਲੱਗ ਜਾਵੇ। ਅਤੇ ਇਸ ਵੱਡੇ ਖ਼ਤਰੇ ਦਾ ਟਾਕਰਾ ਮਨੁੱਖ, ਆਪਣੇ ਅੰਦਰ ਇਹ ਚਿੱਪ ਲਗਾ ਕੇ ਕਰ ਸਕਦਾ ਹੈ। ਐਲਨ ਮਸਕ ਨੇ ਅਗਸਤ 2020 ਨੂੰ ਨਿਊਰਾਲਿੰਕ ਪ੍ਰੋਜੈਕਟ ਉੱਤੇ ਸਵਾ ਘੰਟੇ ਦੀ ਇੱਕ ਪ੍ਰੈਜ਼ੈਨਟੇਸ਼ਨ ਦਿੱਤੀ। ਇਸ ਪ੍ਰੈਜ਼ੈਨਟੇਸ਼ਨ ਵਿੱਚ ਐਲਨ ਮਸਕ, ਕਈ ਦਿਮਾਗ਼ੀ ਬਿਮਾਰੀਆਂ ਦਾ ਜ਼ਿਕਰ ਕਰਦੇ ਹੋਏ ਕਹਿੰਦਾ ਹੈ ਕਿ ਹਰ ਮਨੁੱਖ ਇਹਨਾਂ ਬਿਮਾਰੀਆਂ ਦਾ ਭਵਿੱਖ ਵਿੱਚ ਸ਼ਿਕਾਰ ਹੋਵੇਗਾ ਹੀ। ਇਹ ਚਿੱਪ ਮਨੁੱਖ ਨੂੰ ਇਹਨਾਂ ਬਿਮਾਰੀਆਂ ਤੋਂ ਰਾਹਤ ਦਿਵਾਏਗੀ ।ਪ੍ਰੈਜ਼ੈਨਟੇਸ਼ਨ ਵਿੱਚ ਹੀ ਇੱਕ ਪ੍ਰਸ਼ਨ ਦੇ ਉੱਤਰ ਵਿੱਚ ਉਹ ਇਸ ਚਿੱਪ ਨੂੰ ਕੰਪਿਊਟਰ ਗੇਮਰਜ਼ ਲਈ ਵੀ ਲਾਭਕਾਰੀ ਦੱਸਦਾ ਹੈ। ਐਲਨ ਮਸਕ ਅਨੁਸਾਰ ਇਹ ਦਿਮਾਗ਼ ਮਸ਼ੀਨ ਇੰਟਰਫੇਸ ਮਨੁੱਖ ਦੀ ਕਾਰਜਕੁਸ਼ਲਤਾ ਵਿੱਚ ਕ੍ਰਾਂਤੀਕਾਰੀ ਵਾਧਾ ਕਰ ਦੇਵੇਗਾ।

ਹੁਣ ਇਸ ਚਿੱਪ ਤੋਂ ਖ਼ਤਰੇ ਦੀ ਸੰਭਾਵਨਾ ’ਤੇ ਵਿਚਾਰ ਕਰੀਏ। ਪ੍ਰੈਜ਼ੈਨਟੇਸ਼ਨ ਵਿੱਚ ਐਲਨ ਮਸਕ ਨੇ ਕਿਹਾ ਕਿ ਇਹ ਤਕਨੀਕ ਕਮਜ਼ੋਰ ਯਾਦਦਾਸ਼ਤ, ਬੋਲਾਪਣ, ਅੰਨ੍ਹਾਪਨ, ਅਧਰੰਗ, ਉਦਾਸੀ ਰੋਗ, ਰਾਤ ਨੂੰ ਨੀਂਦ ਨਾ ਆਉਣ ਦੀ ਬਿਮਾਰੀ, ਤੇਜ਼ ਦਰਦ, ਘਬਰਾਹਟ ਰੋਗ, ਅਡੀਕਸ਼ਨ, ਸੀਜ਼ਰਜ਼ (ਦੌਰੇ ਪੈਣਾ), ਸਟਰੋਕਸ ਅਤੇ ਬਰੇਨ ਡੈਮੇਜ ਦੇ ਉਪਚਾਰ ਲਈ ਲਾਹੇਵੰਦ ਹੋਵੇਗੀ। ਉਪਰੋਕਤ ਦਾਅਵੇ ਬਹੁਤ ਡਰਾਵਨੇ ਹਨ। ਸਿੱਧਾ ਮਤਲਬ ਹੈ ਕਿ ਚਿੱਪ ਲਗਵਾਉਣ ਵਾਲੇ ਨੇ ਆਪਣੇ ਦਿਮਾਗ਼ ਦਾ ਲਗਭਗ ਸਾਰਾ ਕੰਟਰੋਲ ਕਿਸੇ ਹੋਰ ਦੇ ਹੱਥਾਂ ਵਿੱਚ ਦੇ ਦਿੱਤਾ ਹੈ। ਭਾਵ ਦਿਮਾਗ਼ ’ਤੇ ਕੰਟਰੋਲ ਕਰਨ ਵਾਲਾ ਉਸ ਵਿਅਕਤੀ ਦਾ ਮਾਲਕ ਹੋਵੇਗਾ। ਸਹਿਜੇ ਹੀ ਕੋਈ ਸੋਚ ਸਕਦਾ ਹੈ ਕਿ ਜੇਕਰ ਚਿੱਪ ਵਾਲੇ ਮਨੁੱਖ ਨੂੰ ਗ਼ੁਲਾਮੀ ਵਾਲਾ ਅਹਿਸਾਸ ਹੋਵੇਗਾ ਤਾਂ ਉਹ ਤੁਰੰਤ ਦਿਮਾਗ਼ ਵਿੱਚ ਲੱਗੇ ਪ੍ਰੋਸੈਸਰ ਨੂੰ ਚਾਰਜ ਨਹੀਂ ਕਰੇਗਾ। ਗ਼ੌਰ ਕਰੋ ਕਿ ਚਿੱਪ ਮਨੁੱਖ ਦੇ ਭਾਵਨਾਤਮਕ ਖੇਤਰ ਨੂੰ ਹਦਾਇਤ ਕਰਨ ਯੋਗ ਹੈ। ਚਿੱਪ ਤੁਹਾਨੂੰ ਇੱਕ ਅਜਿਹੀ ਖ਼ੁਸ਼ੀ ਦਾ ਅਹਿਸਾਸ ਕਰਵਾ ਸਕਦੀ ਹੈ, ਜਿਸ ਤੋਂ ਬਿਨ੍ਹਾਂ ਤੁਸੀਂ ਕੁੱਝ ਸਮੇਂ ਲਈ ਵੀ ਨਾ ਰਹਿ ਸਕਦੇ ਹੋਵੋ। ਜਾਂ ਤੁਹਾਡੀ ਕੁਦਰਤੀ ਸ਼ਾਂਤ ਅਵਸਥਾ ਇਸ ਚਿੱਪ ’ਤੇ ਹੀ ...ਬਾਕੀ ਪੰਨਾ 35 ’ਤੇ

ਕੇਸ ਰਿਪੋਰਟ

ਡੁੱਬੀ ਤਾਂ ਜੇ ਸਾਹ ਨੀ ਆਇਆ



ਸੁਖਦੇਵ ਫਗਵਾੜਾ

ਤਰਕਸ਼ੀਲ ਸੁਸਾਇਟੀ ਪੰਜਾਬ ਆਪਣੇ ਵਿਗਿਆਨਕ ਢੰਗ ਦੇ ਪ੍ਰਚਾਰ ਪ੍ਰਸਾਰ ਰਾਹੀਂ ਲੋਕਾਂ ਨੂੰ ਇਹ ਸੁਨੇਹਾ ਦੇਣ ਵਿੱਚ ਸਫਲ ਹੋਈ ਹੈ ਕਿ ਦੁਨੀਆਂ ਉੱਤੇ ਕੋਈ ਭੂਤ, ਪ੍ਰੇਤ, ਆਤਮਾ ਜਾਂ ਗੈਬੀ ਸ਼ਕਤੀ ਨਹੀਂ ਹੈ। ਸਮਾਜ ਵਿੱਚ ਵਾਪਰਦੀ ਹਰ ਘਟਨਾ ਤੇ ਦੁਰਘਟਨਾ ਵਿਗਿਆਨ ਦੇ ਸਿਧਾਂਤ ਕਾਰਣ ਤੇ ਕਾਰਜ 'ਤੇ ਅਧਾਰਤ ਹੁੰਦੀ ਹੈ। ਭਾਵ ਹਰ ਵਰਤਾਰੇ ਮਗਰ ਕੋਈ ਕਾਰਣ ਕੰਮ ਕਰਦਾ ਹੈ ਫਿਰ ਹੀ ਕੋਈ ਕਾਰਜ ਹੁੰਦਾ ਹੈ। ਅੰਧ ਵਿਸ਼ਵਾਸ ਅਤੇ ਵਹਿਮ-ਭਰਮ ਦਾ ਫਲਸਫ਼ਾ ਸਮਾਜ ਦੇ ਚਲਾਕ ਪਰਜੀਵੀ ਵਰਗ (ਅਖੌਤੀ ਸਾਧ, ਸੰਤ, ਸਿਆਣੇ) ਵੱਲੋਂ ਹਕੂਮਤ ਦੀ ਸਹਿ 'ਤੇ ਸਧਾਰਨ ਲੋਕਾਂ ਨੂੰ 'ਉਪਰਲੇ' ਦੀ ਕਰੋਪੀ ਦਾ ਡਰਾਵਾ ਦੇ ਕੇ ਆਪਣੀ ਲੁੱਟ ਕਰਨ ਲਈ ਫੈਲਾਇਆ ਗਿਆ ਹੈ। ਸੁਸਾਇਟੀ ਦੇ ਅਜਿਹੇ ਪ੍ਰਚਾਰ ਨੇ ਦੇਸ਼ ਵਿਦੇਸ਼ ਅਤੇ ਪੰਜਾਬ ਦੇ ਮਿਹਨਤਕਸ਼ ਲੋਕਾਂ ਵਿੱਚ ਹਰ ਗੈਰ ਵਿਗਿਆਨਕ ਜਾਪਦੇ ਵਰਤਾਰੇ 'ਤੇ ਸੁਆਲ ਕਰਨ ਦੀ ਹਿੰਮਤ ਪੈਦਾ ਕੀਤੀ ਹੈ। ਅਜਿਹੀ ਚੇਤਨਾ ਦੇ ਪ੍ਰਚਾਰ ਸਦਕਾ ਵਿਦੇਸ਼ 'ਚ ਰਹਿੰਦੇ ਇੱਕ ਆਪਣੇ ਪਾਠਕ ਨੇ ਮੈਨੂੰ ਫੋਨ ਕੀਤਾ ਕਿ ਸਾਡੇ ਜਾਣਕਾਰ ਪਰਿਵਾਰ ਵਿੱਚ ਵਾਪਰ ਰਹੀਆਂ ਗੈਰ ਵਿਗਿਆਨਕ ਘਟਨਾਵਾਂ ਦਾ ਹੱਲ ਕੀਤਾ ਜਾਵੇ। ਇਸ ਕਿਰਤੀ ਪਰਿਵਾਰ ਦੀ ਕਹਾਣੀ ਇਸ ਲਿਖਤ ਦਾ ਵਿਸਥਾਰ ਹੈ।

ਬਹੁਤ ਮਿਹਨਤੀ ਗਰੀਬ ਪਰਿਵਾਰ ਦੀ ਲੜਕੀ ਸੀਮਾ (ਫ਼ਰਜੀ ਨਾਮ) ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਉਸ ਨੇ ਬੀ. ਟੈੱਕ ਦੀ ਪੜ੍ਹਾਈ ਕੀਤੀ ਪਰ ਉਸ ਨੂੰ ਭਾਲ ਕਰਨ ਦੇ ਬਾਵਜੂਦ ਰੁਜਗਾਰ ਨਾ ਮਿਲ ਸਕਿਆ। ਮਿਹਨਤ-ਮਜ਼ਦੂਰੀ ਕਰਕੇ ਲੜਕੀ ਨੂੰ ਵਿਤੋਂ ਬਾਹਰ ਮਹਿੰਗੀ ਪੜ੍ਹਾਈ ਕਰਵਾ ਕੇ ਪਰਿਵਾਰ ਨਿਰਾਸ਼ ਹੋ ਗਿਆ। ਸੀਮਾ ਨੇ ਹਿੰਮਤ ਕਰਕੇ ਕਿਸੇ ਸਰਕਾਰੀ ਵਿਭਾਗ ਵਿੱਚ ਪ੍ਰਾਈਵੇਟ ਤੌਰ 'ਤੇ ਕੰਮ ਸ਼ੁਰੂ ਕੀਤਾ। 5000 ਰੁ. ਮਹੀਨਾ ਮਿਲ ਜਾਂਦੇ ਸੀ। ਘਰ ਦਾ ਗੁਜ਼ਾਰਾ ਪਹਿਲਾਂ ਨਾਲੋਂ ਚੰਗਾ ਚੱਲ ਪਿਆ। ਕੁਝ ਸਮੇਂ ਬਾਅਦ ਉਸੇ ਵਿਭਾਗ ਵਿੱਚ ਪੱਕੀ ਨੌਕਰੀ ਲਈ ਸੀਮਾ ਪ੍ਰੀਖਿਆ ਦੀ ਤਿਆਰੀ ਕਰਨ ਲੱਗੀ। ਨਿਸਚਿਤ ਮਿਤੀ ਨੂੰ ਪੇਪਰ ਵੀ ਹੋ ਗਿਆ। ਪੇਪਰ ਤੋਂ ਮਹੀਨਾ ਕੁ ਬਾਅਦ ਸੀਮਾ ਘਰ ਵਿੱਚ ਬੇਹੋਸ਼ ਹੋ ਕੇ ਡਿੱਗ ਪਈ। ਕੁਝ ਸਮੇਂ ਬਾਅਦ ਹੋਸ਼ ਆਈ। ਫਿਰ ਕੁਝ ਦਿਨਾਂ ਬਾਅਦ ਸੀਮਾ ਦੇ ਭਰਾ ਦੇ ਸਿਰ੍ਹਾਣੇ ਹੇਠਾਂ ਛੋਟੀਆਂ ਲੈਚੀਆਂ ਮਿਲੀਆਂ। ਅਗਲੇ ਦਿਨ ਅਲਮਾਰੀ 'ਚ ਪਏ ਸੀਮਾ ਦੇ ਸੂਟ ਗਾਇਬ ਹੋ ਗਏ। ਥੋੜ੍ਹੇ ਦਿਨਾਂ ਬਾਅਦ ਘਰ ਵਿੱਚੋਂ ਪੈਸੇ ਗਾਇਬ ਹੋਣ ਲੱਗ ਪਏ।

ਘਰ ਦਾ ਮਾਹੌਲ ਬਹੁਤ ਡਰਾਉਣਾ ਬਣ ਗਿਆ। ਸੀਮਾ ਡਰ ਦੀ ਮਾਰੀ ਡਿਊਟੀ ਜਾਣ ਤੋਂ ਬੰਦ ਹੋ ਗਈ। ਜਿਵੇਂ ਕਿ ਅਕਸਰ ਹੁੰਦਾ ਹੀ ਹੈ ਉਨ੍ਹਾਂ ਦੀਆਂ ਗੁਆਂਢਣਾਂ ਨੇ ਕਿਸੇ 'ਸਿਆਣੇ' ਦੀ ਦੱਸ ਪਾਈ। ਫਿਰ 'ਬਾਬਿਆਂ' ਦੇ ਇਲਾਜ ਦਾ ਸਿਲਸਿਲਾ ਚੱਲ ਪਿਆ। ਹਜ਼ਾਰਾਂ ਰੁਪਏ ਕੁਝ ਹੀ ਮਹੀਨਿਆਂ ਵਿੱਚ 'ਕਰਨੀ ਵਾਲੇ ਬਾਬਿਆਂ' ਨੇ ਇਲਾਜ 'ਤੇ ਖਰਚ ਕਰਵਾ ਦਿੱਤੇ। ਗਰੀਬ ਪਰਿਵਾਰ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਗਈ ਪਰ ਘਰ ਵਿੱਚੋਂ ਗੈਰ ਵਿਗਿਆਨਕ-ਘਟਨਾਵਾਂ ਬੰਦ ਨਾ ਹੋਈਆਂ। ਸੀਮਾ ਕੁਝ ਦਿਨ ਠੀਕ ਰਹੀ। ਉਹ ਆਪਣੀ ਡਿਊਟੀ 'ਤੇ ਗਈ, ਪਰ ਜਲਦੀ ਹੀ ਵਾਪਸ ਆ ਗਈ। ਘਰਦਿਆਂ ਨੇ ਜਲਦੀ ਵਾਪਸ ਆਉਣ ਦਾ ਕਾਰਣ ਪੁੱਛਿਆਂ ਤਾਂ ਸੀਮਾ ਨੇ ਕਿਹਾ, "ਮੇਰੀ ਥਾਂ 'ਤੇ ਪੱਕੀ ਨੌਕਰੀ ਵਾਲਾ ਆਦਮੀ ਆ ਗਿਆ ਹੈ। ਇਸ ਲਈ ਮੈਨੂੰ ਮਹਿਕਮੇ ਵਾਲਿਆਂ ਨੇ ਕੰਮ ਤੋਂ ਜਵਾਬ ਦੇ ਦਿੱਤਾ ਹੈ।" ਸੀਮਾ ਨੇ ਘਰ ਵਿੱਚ ਇਹ ਵੀ ਦੱਸਿਆ ਕਿ ਮੈਂ ਮਹਿਕਮੇ ਦੀ ਪ੍ਰੀਖਿਆ ਵਿੱਚੋਂ ਪਾਸ ਹੋ ਗਈ ਹਾਂ ਪਰ ਨੌਕਰੀ ਲਈ ਅਧਿਕਾਰੀ ਦਸ ਲੱਖ ਰੁਪਏ ਮੰਗਦੇ ਹਨ ਜੋ ਆਪਾਂ ਦੇ ਨਹੀਂ ਸਕਦੇ, ਇਸ ਕਰਕੇ ਮੈਨੂੰ ਪੱਕੀ ਨੌਕਰੀ ਨਹੀਂ ਮਿਲੇਗੀ। ਇਸ ਦਿਨ ਤੋਂ ਬਾਅਦ ਘਰ ਟੂਣੇ ਡਿੱਗਣ ਅਤੇ ਹੋਰ ਡਰਾਉਣੀਆਂ ਘਟਨਾਵਾਂ ਪਹਿਲੇ ਨਾਲੋਂ ਜਿਆਦਾ ਵਾਪਰਣ ਲੱਗੀਆਂ।

ਕੇਸ ਦੀ ਪੜਤਾਲ: ਵਿਦੇਸ਼ ਵਾਲੇ ਪਾਠਕ ਸਾਥੀ ਦੇ ਫ਼ੋਨ ਤੋਂ ਬਾਅਦ ਪੀੜਤ ਪਰਿਵਾਰ ਨੇ ਸਾਨੂੰ ਆਪਣੇ ਘਰ ਬੁਲਾਇਆ। ਮੇਰੇ ਨਾਲ ਜਸਵਿੰਦਰ ਫਗਵਾੜਾ ਵੀ ਸਨ। ਅਸੀਂ ਪਰਿਵਾਰ ਦੇ ਮੁੱਖ ਮੈਂਬਰਾਂ ਤੋਂ ਸਾਰੀ ਕਹਾਣੀ ਸੁਣੀ। ਪਰਿਵਾਰ ਅੰਦਰ ਵਾਪਰਦੀਆਂ ਸਭ ਘਟਨਾਵਾਂ ਨੂੰ ਡੂੰਘਾਈ ਨਾਲ ਸੋਚਿਆ ਵਿਚਾਰਿਆ। ਸੀਮਾ ਦਾ ਇੱਕ ਭਰਾ ਹੁਣ ਸਰਕਾਰੀ ਨੌਕਰੀ ਕਰਦਾ ਸੀ। ਉਸ ਤੋਂ ਵੀ ਘਟਨਾਵਾਂ ਵਾਪਰਣ ਦੇ ਕਾਰਣ ਪੁੱਛੇ। ਪਰ ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਉਸਨੇ ਜਵਾਬ ਦਿੱਤਾ 'ਸਾਡੀ ਕਿਸਮਤ ਹੀ ਮਾੜੀ ਹੈ'। ਇੱਥੇ ਇਹ ਤੱਥ ਵਰਨਣਯੋਗ ਹੈ ਕਿ ਆਮ ਜੀਵਨ ਵਿੱਚ ਸਭ ਪੜ੍ਹੇ ਲਿਖੇ ਵੀ ਕਹਿਣ ਨੂੰ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸ਼ਾਂ ਤੋਂ ਮੁਕਤ ਹੁੰਦੇ

ਹਨ, ਪਰ ਜਦੋਂ ਉਨ੍ਹਾਂ ਦੇ ਘਰ ਪਰਿਵਾਰ ਵਿੱਚ ਅਜਿਹੀ ਸਮੱਸਿਆ ਆਉਂਦੀ ਹੈ ਉਦੋਂ ਉਨ੍ਹਾਂ ਦੀ ਸੋਚ ਵੀ ਆਮ ਲੋਕਾਂ ਤੋਂ ਵੱਖਰੀ ਨਹੀਂ ਹੁੰਦੀ। ਅਜਿਹੇ ਮੌਕਿਆਂ ਸਮੇਂ ਉਹ ਵੀ 'ਕਰਨੀ ਵਾਲੇ ਬਾਬਿਆਂ' ਦੇ ਡੇਰਿਆਂ 'ਤੇ ਜਾਣ ਲਈ ਬੇਵੱਸ ਹੁੰਦੇ ਹਨ। ਸਮਾਜ ਵਿਗਿਆਨ ਦਾ ਗਿਆਨ, ਨੌਕਰੀ/ਸਿਲੇਬਸ ਵਾਲੀ ਪੜ੍ਹਾਈ ਵਿੱਚੋਂ ਨਹੀਂ ਮਿਲਦਾ। ਇਸ ਵਾਸਤੇ ਵੱਖਰੀਆਂ ਕਿਤਾਬਾਂ/ਰਸਾਲੇ ਪੜ੍ਹਨ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਗਿਆਨ ਪ੍ਰਾਪਤੀ ਦੀ ਨਾ ਕੋਈ ਸੀਮਾ ਹੈ ਅਤੇ ਨਾ ਕੋਈ ਉਮਰ ਹੁੰਦੀ ਹੈ।

ਆਖਰ ਵਿੱਚ ਸੀਮਾ ਨੂੰ ਬੁਲਾਇਆ ਗਿਆ। ਉਹ ਬਹੁਤ ਘਬਰਾਈ ਹੋਈ ਸੀ। ਅਸੀਂ ਉਸਨੂੰ ਵਿਸ਼ਵਾਸ਼ ਦਿਵਾਇਆ ਕਿ ਡਰਨ ਦੀ ਜਰੂਰਤ ਨਹੀਂ ਸਗੋਂ ਸਾਨੂੰ ਪੂਰੀ ਗੱਲ ਅਤੇ ਸਮੱਸਿਆ ਦੱਸੋ। ਅਸੀਂ ਹਰ ਸੰਭਵ ਤਰੀਕੇ ਨਾਲ ਤੁਹਾਡੇ ਮਸਲੇ ਦਾ ਹੱਲ ਕਰਕੇ ਜਾਵਾਂਗੇ। ਵਿਸ਼ਵਾਸ ਵਿੱਚ ਲਏ ਜਾਣ ਤੋਂ ਥੋੜ੍ਹੇ ਸਮੇਂ ਬਾਅਦ ਸੀਮਾ ਨੇ ਪੂਰੀ ਕਹਾਣੀ ਵਿਸਥਾਰ ਨਾਲ ਦੱਸੀ, ਉਸ ਨੇ ਆਪਣੀ ਗਲਤੀ ਵੀ ਸਵੀਕਾਰ ਕਰ ਲਈ। ਅੱਗੇ ਤੋਂ ਅਜਿਹਾ ਨਾ ਕਰਨ ਦਾ ਵਾਅਦਾ ਵੀ ਕੀਤਾ। ਜਦੋਂ ਅਸੀ ਇਹ ਘਟਨਾਵਾਂ ਕਰਨ ਦਾ ਕਾਰਨ ਪੁੱਛਿਆਂ ਤਾਂ ਉਸ ਨੇ ਕਿਹਾ ਕਿ ਮੈਂ ਪੇਪਰ ਵਿੱਚੋਂ ਪਾਸ ਨਹੀਂ ਹੋ ਸਕੀ ਸੀ। ਘਰ ਆ ਕੇ ਮੈਂ ਝੂਠ ਬੋਲਿਆ। ਬੋਲੇ ਗਏ ਝੂਠ ਦੇ ਮਾਨਸਿਕ ਅਸਰ ਨਾਲ ਮੈਂ ਅਜਿਹਾ ਕਰਦੀ ਰਹੀ ਹਾਂ। ਅਸੀਂ ਸੀਮਾ ਨੂੰ ਪਿਆਰ ਨਾਲ ਕਿਹਾ, "ਤੂੰ ਘਰਦਿਆਂ ਨੂੰ ਸੱਚ ਕਿਉਂ ਨਹੀਂ ਦੱਸਿਆ ਕਿ ਮੈਂ ਪੇਪਰ ਵਿੱਚੋਂ ਪਾਸ ਨਹੀਂ ਹੋਈ। ਤੈਨੂੰ ਡਰ ਕਿਸ ਗੱਲ ਦਾ ਸੀ।" ਉਸ ਨੇ ਹੱਸ ਕੇ ਕਿਹਾ "ਅੰਕਲ ਜੀ ਡੁੱਬੀ ਤਾਂ ਹੀ ਜੇ ਸਾਹ ਨਹੀਂ ਆਇਆ । ਜੇਕਰ ਮੈਂ ਸੱਚ ਨਹੀਂ ਦੱਸਿਆ ਤਾਂ ਹੀ ਤਾਂ ਇਸ ਸਭ ਗਲਤ ਕੰਮ ਕਰਨ ਵਾਸਤੇ ਮਜ਼ਬੂਰ ਹੋਈ ਹਾਂ। ਅੱਗੇ ਤੋਂ ਅਜਿਹੀ ਗਲਤੀ ਨਹੀਂ ਕਰਾਂਗੀ। ਮੈਨੂੰ ਪਤਾ ਹੈ ਕੋਈ ਭੂਤ-ਪ੍ਰੇਤ ਜਾਂ ਗੈਬੀ ਸ਼ਕਤੀ ਨਹੀਂ ਹੈ।"

98726 36037

...ਪੰਨਾ 31 ਦਾ ਬਾਕੀ ਨੇ ਇੱਕ ਕੋਸ਼ਿਸ ਕੀਤੀ ਹੈ। ਮੇਰਾ ਮੰਨਣਾ ਹੈ ਕਿ ਇਹ ਬਹੁਤ ਗੰਭੀਰ ਵਿਸ਼ਾ ਹੈ ਇਸ ਵਿਸ਼ੇ 'ਤੇ ਉਨ੍ਹਾਂ ਨੂੰ ਹੀ ਅੱਗੇ ਆ ਕੇ ਗੱਲ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਕਸ਼ਮੀਰ ਬਾਰੇ ਕੁਝ ਪੜ੍ਹਿਆ ਹੋਇਆ ਹੈ ।

ਫਿਲਮ ਕਸ਼ਮੀਰ ਤੇ ਕਸ਼ਮੀਰ ਫਾਈਲਜ ਵਾਰੇ ਅਸ਼ੋਕ ਕੁਮਾਰ ਪਾਂਡੇ ਨੇ ਇਕ ਹੋਰ ਵੀਡੀਓ ਵੀ ਬਣਾਇਆ ਹੈ ਜਿਸ ਵਿੱਚ ਉਸ ਸਮੇਂ ਦੇ ਰਾਜਪਾਲ ਜਗਮੋਹਨ ਦੀ ਭੂਮਿਕਾ ਬਾਰੇ ਦੱਸਿਆ ਗਿਆ ਹੈ । ਅਸਲ ਗੱਲ ਇਹ ਹੈ ਕਿ ਤੁਸੀਂ ਇਨ੍ਹਾਂ ਗੱਲਾਂ ਬਾਰੇ ਖ਼ੁਦ ਪੜ੍ਹਕੇ ਸਮਝੋ। ਹਰ ਮਸਲੇ ਬਾਰੇ ਵ੍ਹੱਟਸਐਪ ਤੋਂ ਜਾਣਨਾ ਕੰਮ ਤੋਂ ਜੀਅ ਚੁਰਾਉਣ ਵਾਂਗ ਹੈ। ਕੋਈ ਨਹੀਂ ਕਹਿੰਦਾ ਕਿ ਕਸ਼ਮੀਰੀ ਪੰਡਤਾਂ ਨਾਲ ਗਲਤ ਨਹੀਂ ਹੋਇਆ। ਪੂਰਾ ਦੇਸ਼ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹਾ ਰਿਹਾ ਹੈ। ਆਓ; ਇੱਕ ਫ਼ਿਲਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਵਾਲਿਆਂ ਦਾ ਹਿੱਸਾ ਨਾ ਬਣੀਏ ਸਗੋਂ ਸਮਝੀਏ ਕਿ ਅਸਲ ਵਿਚ ਕੀ ਹੋਇਆ ਸੀ ਅਤੇ ਹੁਣ ਕਿਉਂ ਖਾਸ ਕਿਸਮ ਦੀ ਜਾਣਕਾਰੀ ਸਾਨੂੰ ਪਰੋਸੀ ਜਾ ਰਹੀ ਹੈ ?

ਸਰੋਤ : ਅਸ਼ੋਕ ਕੁਮਾਰ ਪਾਂਡੇ

ਮੂਲ: ਰਵੀਸ਼ ਕੁਮਾਰ (ਐਨ.ਡੀ.ਟੀ.ਵੀ.) ਦੀ ਟਿੱਪਣੀ ਦੇ ਅੰਸ਼

ਅਨੁਵਾਦ : ਸੁਖਦੇਵ ਧੂਰੀ 95920 85886

...ਪੰਨਾ 33 ਦਾ ਬਾਕੀ ਨਿਰਭਰ ਹੋ ਸਕਦੀ ਹੈ, ਭਾਵ ਬਿਨ੍ਹਾਂ ਚਿੱਪ ਤੋਂ ਘਬਰਾਹਟ ਮਹਿਸੂਸ ਹੋ ਸਕਦੀ ਹੈ। ਅਜਿਹੀ ਹਾਲਤ ਵਿੱਚ ਚਿੱਪ ਚਾਰਜ ਰੱਖਣੀ ਤੁਹਾਡੀ ਮਜਬੂਰੀ ਬਣ ਜਾਵੇਗੀ।


ਐਲਨ ਮਸਕ ਨੇ ਸੂਰ ਅਤੇ ਬਾਂਦਰ ਉੱਤੇ ਇਸ ਦੇ ਸਫਲ ਪ੍ਰੀਖਣ ਕਰਵਾਏ ਹਨ। ਇਨ੍ਹਾਂ ਸਫ਼ਲ ਪ੍ਰੀਖਣ ਦੀਆਂ ਵੀਡੀਓਜ਼ ਯੂ ਟਿਊਬ ਉੱਪਰ ਪਾਈਆਂ ਗਈਆਂ ਹਨ । ਬਾਂਦਰ ਉੱਤੇ ਕੀਤੇ ਪ੍ਰੀਖਣ ਵਿੱਚ ਬਾਂਦਰ ਕੰਪਿਊਟਰ ਉੱਤੇ ਇੱਕ ਗੇਮ ਖੇਡ ਰਿਹਾ ਹੈ ਇਹ ਗੇਮ ਖੇਡਦੇ ਸਮੇਂ ਬਾਂਦਰ ਆਪਣੇ ਹੱਥਾਂ ਦੀ ਵਰਤੋਂ ਨਾ ਕਰਕੇ ਸਿੱਧਾ ਦਿਮਾਗ਼ ਰਾਹੀਂ ਹਦਾਇਤਾਂ ਦਿੰਦਾ ਹੋਇਆ ਗੇਮ ਖੇਡਦਾ ਹੈ । ਐਲਨ ਮਸਕ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਉਹ ਕੁੱਝ ਹੀ ਸਮੇਂ ਵਿਚ ਇਸ ਦਾ ਮਨੁੱਖੀ ਪ੍ਰੀਖਣ ਕਰਨਗੇ।

ਹੁਣ ਸੁਆਲ ਪੈਦਾ ਹੁੰਦਾ ਹੈ ਕੀ ਇਹ ਚਿੱਪ ਲੋਕਾਂ ਨੂੰ ਰਜ਼ਾਮੰਦ ਕਰਕੇ ਲਗਵਾਈ ਜਾ ਸਕਦੀ ਹੈ ਜਾਂ ਧੱਕੇ ਨਾਲ ਲਾਈ ਜਾ ਸਕਦੀ ਹੈ। ਸੰਭਾਵਨਾ ਹੈ ਕਿ ਉਹ ਦੋਵੇਂ ਤਰੀਕਿਆਂ ਵਿਚ ਅਸਫਲ ਰਹਿ ਸਕਦੇ ਹਨ। ਪਰ ਉਹਨਾਂ ਕੋਲ ਮੀਡੀਆ ਦੇ ਨਾਲ ਹੋਰ ਕਈ ਤਰ੍ਹਾਂ ਦੀ ਤਾਕਤ ਹੈ। ਜਿਸ ਸਦਕਾ ਉਹ ਚਿੱਪ ਦਾ ਲਾਭ ਗਿਣਾ ਕੇ ਜਨਮਾਨਸ ਨੂੰ ਇਹ ਚਿੱਪ ਲਗਵਾਉਣ ਲਈ ਤਿਆਰ ਕਰ ਸਕਦੇ ਹਨ। ਭਵਿੱਖ ਵਿੱਚ ਜੇਕਰ ਇਹ ਚਿੱਪ ਹਕੀਕਤ ਵਿੱਚ ਸਾਹਮਣੇ ਆਉਂਦੀ ਹੈ ਤਾਂ ਇਸ ਨੂੰ ਸਵਿਕਾਰ ਕਰਨ ਦਾ ਮਤਲਬ, ਕਬੂਤਰ ਦੁਆਰਾ ਬਿੱਲੀ ਦੇਖ ਕੇ ਅੱਖਾਂ ਮੀਟਣਾ ਹੋਵੇਗਾ।

98725-07229

Source : neuralink.com (Official website of the project neural link)

ਡਾ . ਹਰਗੋਬਿੰਦ ਖੁਰਾਣਾ



ਡਾ. ਹਰੀਸ਼ ਮਲਹੋਤਰਾ

ਡਾਕਟਰ ਹਰਗੋਬਿੰਦ ਖੁਰਾਣਾ ਦਾ ਜਨਮ 9 ਜਨਵਰੀ 1922 ਨੂੰ ਪਿੰਡ ਰਾਏਪੁਰ ਤਹਿਸੀਲ ਕਬੀਰ ਵਾਲਾ, ਜ਼ਿਲ੍ਹਾ ਮੁਲਤਾਨ (ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੈ) ਵਿੱਚ ਹੋਇਆ ਸੀ। ਆਪ ਦੇ ਪਿਤਾ ਲਾਲਾ ਗਨਪਤ ਰਾਏ ਪਟਵਾਰੀ ਸਨ। ਉਹਦੇ ਤਿੰਨ ਹੋਰ ਭਰਾ ਅਤੇ ਇੱਕ ਭੈਣ ਸੀ। ਘਰ ਵਿੱਚ ਕਾਫੀ ਗਰੀਬੀ ਸੀ। ਫਿਰ ਵੀ ਉਹਦੇ ਪਿਤਾ ਜੀ ਨੇ ਸਾਰੇ ਬੱਚਿਆਂ ਨੂੰ ਪੜ੍ਹਾਇਆ ਹੀ ਨਹੀਂ ਸਗੋਂ ਇੱਕ ਕਮਰੇ ਦਾ ਸਕੂਲ ਵੀ ਪਿੰਡ ਵਿੱਚ ਖੋਲ੍ਹਿਆ। ਛੋਟੇ ਹੁੰਦਿਆਂ ਡਾਕਟਰ ਖੁਰਾਣਾ ਬਹੁਤ ਸਾਜਰੇ ਉੱਠਦਾ ਤਾਂ ਕਿ ਘਰ ਵਿੱਚ ਅੱਗ ਬਾਲਣ ਲਈ ਬਾਹਰੋਂ ਕਿਸੇ ਦੇ ਘਰੋਂ ਅੰਗਾਰਾ ਲਿਆਂਦਾ ਜਾ ਸਕੇ ਜਿਸ ਨਾਲ ਘਰ ਵਿੱਚ ਅੱਗ ਬਾਲੀ ਜਾ ਸਕੇ। ਉਹ ਪਿੰਡ ਵਿੱਚ ਦੇਖਦਾ ਕਿ ਕਿਸ ਘਰ ਵਿੱਚੋਂ ਧੂੰਆਂ ਨਿਕਲ ਰਿਹਾ ਹੈ ਅਤੇ ਫਿਰ ਉਸ ਘਰੋਂ ਇਕ ਅੰਗਾਰਾ ਮੰਗ ਕੇ ਲਿਆਉਂਦਾ। ਇਸ ਤੋਂ ਬਿਨ੍ਹਾਂ ਉਹ ਅਕਸਰ ਡਾਕਖਾਨੇ ਦੇ ਬਾਹਰ ਪੌੜੀਆਂ ਉੱਤੇ ਬੈਠ ਕੇ ਲੋਕਾਂ ਦੀਆਂ ਚਿੱਠੀਆਂ ਲਿਖਦਾ।



ਹਰਗੋਬਿੰਦ ਦੀ ਮੁੱਢਲੀ ਪੜ੍ਹਾਈ ਰਾਏਪੁਰ ਵਿੱਚ ਹੋਈ। ਉਸਨੇ ਮਿਡਲ ਖਾਨੇਵਾਲ ਸਕੂਲ ਤੋਂ ਪਾਸ ਕੀਤੀ ਅਤੇ ਮੈਟਰਿਕ 1938 ਵਿੱਚ ਡੀ. ਏ. ਵੀ. ਹਾਈ ਸਕੂਲ ਮੁਲਤਾਨ ਤੋਂ ਪਾਸ ਕੀਤੀ। ਇਸ ਤੋਂ ਬਾਅਦ ਡੀ.ਏ.ਵੀ. ਕਾਲਜ ਲਾਹੌਰ ਵਿੱਚ ਦਾਖਲਾ ਲਿਆ। ਐਫ.ਐਸ.ਸੀ. ਪਾਸ ਕਰਕੇ 1940 ਵਿੱਚ ਹਰਗੋਬਿੰਦ ਨੇ ਬੀ.ਐਸ.ਸੀ. ਆਨਰਜ਼ ਅਤੇ 1944 ਵਿੱਚ ਗੌਰਮਿੰਟ ਕਾਲਜ ਲਾਹੌਰ ਦਾ ਵਿਦਿਆਰਥੀ ਬਣ ਕੇ ਐਮ.ਐਸ.ਸੀ. ਪਾਸ ਕੀਤੀ । 1945 ਵਿੱਚ ਸਰਕਾਰ ਨੇ ਬਹੁਤ ਸਾਰੇ ਲਾਇਕ ਐਮ. ਐਸ. ਸੀ. ਪਾਸ ਵਿਦਿਆਰਥੀਆਂ ਨੂੰ ਸਾਇੰਸ ਦੀ ਉੱਚੀ ਟਰੇਨਿੰਗ ਲੈਣ ਲਈ ਇੰਗਲੈਂਡ ਅਤੇ ਅਮਰੀਕਾ ਭੇਜਿਆ। ਹਰਗੋਬਿੰਦ ਇਹਨਾਂ ਵਿੱਚੋਂ ਇਕ ਸੀ। ਉਸਨੇ 1948 ਵਿੱਚ ਲਿਵਰਪੂਲ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। 1948 ਵਿੱਚ ਪੀ. ਐਚ. ਡੀ. ਕਰਨ ਤੋਂ ਬਾਅਦ ਉਹ ਸਵਿਟਜ਼ਰਲੈਂਡ ਚਲਾ ਗਿਆ। ਇੱਕ ਸਾਲ ਉਸ ਨੇ ਉੱਥੇ ਫੈਡਰਲ ਰੀਸਰਚ ਇਨਸਟੀਚਿਊਟ ਆਫ ਟੈਕਨਾਲੋਜ਼ੀ ਵਿੱਚ ਲਾਇਆ। 1950 ਦੇ ਸ਼ੁਰੂ ਵਿੱਚ ਉਹ ਘਰ ਵਾਪਿਸ ਆਇਆ। ਦਿੱਲੀ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿੱਚ ਡਾਕਟਰ ਖੁਰਾਣੇ ਨੇ ਲੈਕਚਰਾਰ ਬਣਨ ਲਈ ਅਰਜ਼ੀ ਦਿੱਤੀ, ਪਰ ਉਹ ਨਾ ਚੁਣਿਆਂ ਗਿਆ। ਮਾਯੂਸ ਹੋ ਕੇ ਉਹ ਵਾਪਿਸ ਇੰਗਲੈਂਡ ਚਲਾ ਗਿਆ। ਉਦੋਂ ਕੈਂਬਰਿਜ ਯੂਨੀਵਰਸਿਟੀ ਵਿੱਚ ਡਾਕਟਰ ਅਲੈਗਜੈਂਡਰ ਟਾਡ, ਜਿਹੜਾ ਕੈਮਿਸਟਰੀ ਦੇ ਨੋਬਲ ਪੁਰਸਕਾਰ ਦਾ ਜੇਤੂ ਸੀ, ਆਰਗੈਨਿਕ ਕੈਮਿਸਟਰੀ ਦਾ ਹੈੱਡ ਸੀ, ਉਸ ਨੇ ਡਾਕਟਰ ਖੁਰਾਣੇ ਨੂੰ ਫੀਲਡ ਫੈਲੋਸ਼ਿਪ ਲੈ ਦਿੱਤੀ ਅਤੇ ਖੁਰਾਣੇ ਨੇ ਉਸ ਨਾਲ ਰਲ ਕੇ ਆਰਗੈਨਿਕ ਕੈਮਿਸਟਰੀ ਵਿੱਚ ਖੋਜ ਸ਼ੁਰੂ ਕਰ ਦਿੱਤੀ। ਦੋ ਸਾਲ ਬੜੀ ਮਿਹਨਤ ਮੁਸ਼ੱਕਤ ਕਰਦਾ ਰਿਹਾ।

ਉਹਦੀ ਗਰੀਬੀ ਦਾ ਆਲਮ ਇਹ ਸੀ ਕਿ ਜਦ ਉਹ ਸਵਿਟਜ਼ਰਲੈਂਡ ਵਿੱਚ ਸੀ ਤਾਂ ਉਹਦੇ ਵਜ਼ੀਫੇ ਦੇ ਪੈਸੇ ਖਤਮ ਹੋ ਗਏ ਅਤੇ ਉਹਨੂੰ ਮਜ਼ਬੂਰਨ ਭਾਰਤ ਆਉਣਾ ਪਿਆ। ਅਤੇ ਜਦ ਉਹਨੂੰ ਕੈਂਬਰਿਜ਼ ਵਿੱਚ ਨੌਕਰੀ ਮਿਲੀ ਤਾਂ ਉਹਦੇ ਪਰਿਵਾਰ ਨੇ ਪੈਸੇ ਇਕੱਠੇ ਕਰਕੇ ਜਹਾਜ਼ ਦਾ ਟਿਕਟ ਲੈ ਕੇ ਦਿੱਤਾ ਸੀ। 1952 ਵਿੱਚ ਡਾਕਟਰ ਖੁਰਾਣਾ ਨੇ Esther Elizaabeth Sibler ਨਾਲ ਵਿਆਹ ਕਰਵਾ ਲਿਆ, ਜੋ ਇਕ ਸਵਿਸ ਔਰਤ ਸੀ, ਜੋ ਉਹਨੂੰ 1947 ਵਿੱਚ ਪਰਾਗ ਵਿੱਚ ਮਿਲੀ ਸੀ। ਉਹਦੀ ਪਤਨੀ ਨੇ ਉਸਨੂੰ ਬਹੁਤ ਜ਼ਿਆਦਾ ਧਰਵਾਸ ਦਿੱਤਾ। ਇਹ ਉਹਦੀ ਪਤਨੀ ਹੀ ਸੀ ਜਿਸਨੇ ਡਾਕਟਰ ਖੁਰਾਣਾ ਨੂੰ ਪੱਛਮ ਦੇ ਕਲਾਸੀਕਲ ਸੰਗੀਤ ਵੱਲ ਉਤਸ਼ਾਹਿਤ ਕੀਤਾ। ਉਹਨਾਂ ਦਾ ਘਰ ਪੇਟਿੰਗਜ਼, ਬਹੁਤ ਸਾਰੀਆਂ ਸਾਇੰਸ ਦੀਆਂ ਕਿਤਾਬਾਂ, ਆਰਟ ਅਤੇ ਫਿਲਾਸਫੀ ਦੀਆਂ ਕਿਤਾਬਾਂ ਨਾਲ ਭਰਿਆ ਪਿਆ ਸੀ। ਡਾਕਟਰ ਖੁਰਾਣਾ ਕੁਦਰਤ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਲੰਬੀਆਂ ਸੈਰਾਂ, ਇਕਾਂਤ ਵਿੱਚ ਕੁਦਰਤ ਦੀ ਗੋਦ ਵਿੱਚ ਕਰਿਆ ਕਰਦਾ ਸੀ ਤਾਂ ਕਿ ਸਾਇੰਸ ਦੀਆਂ ਸਮੱਸਿਆਵਾਂ ਬਾਰੇ ਡੂੰਘਾਈ ਨਾਲ ਸੋਚ ਸਕੇ। ਉਹ ਤੈਰਨ ਦਾ ਵੀ ਸ਼ੌਕੀਨ ਸੀ।

ਡਾਕਟਰ ਖੁਰਾਣਾ ਅਤੇ Esther ਦੇ ਤਿੰਨ ਬੱਚੇ ਹੋਏ। ਇਹ ਸਾਰੇ ਬੱਚੇ ਕੈਨੇਡਾ ਵਿੱਚ ਪੈਦਾ ਹੋਏ ਸਨ। ਡਾਕਟਰ ਖੁਰਾਣਾ ਨੂੰ ਆਪਣੀ ਮਸ਼ਹੂਰੀ ਬਿਲਕੁਲ ਪਸੰਦ ਨਹੀਂ ਸੀ, ਉਹ ਬਹੁਤ

ਹੀ ਨਰਮ ਸੁਭਾਅ ਦਾ ਇਨਸਾਨ ਸੀ।

1952 ਵਿੱਚ ਉਸ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਯੂਨੀਵਰਸਿਟੀ ਦੇ ਆਰਗੈਨਿਕ ਕੈਮਿਸਟਰੀ ਵਿਭਾਗ ਦਾ ਹੈੱਡ ਬਣਾ ਦਿੱਤਾ ਗਿਆ। ਇਸ ਪਦਵੀ 'ਤੇ ਉਹਨਾਂ 9 ਸਾਲ ਆਪਣਾ ਸਾਰਾ ਵਿੱਤ ਲਾ ਕੇ ਰੀਸਰਚ ਕੀਤੀ। Peptides, Proteins and Synthesis of Co-Enzime 1 ਉੱਤੇ ਖ਼ੂਬ ਖੋਜ ਕੀਤੀ। ਇਸ ਕੰਮ ਅਤੇ ਪ੍ਰਸਿੱਧਤਾ ਦੇ ਆਧਾਰ 'ਤੇ ਉਹ ਨਾਂ 1960 ਵਿੱਚ ਇੰਸਟੀਚਊਟ ਆਫ ਇੰਨਜਾਇਮ ਰੀਸਰਚ ਯੂ.ਐਸ.ਏ. ਦਾ ਡਾਇਰੈਕਟਰ ਬਣ ਗਿਆ। ਫਿਰ ਉਹ ਵਿਸਕੋਨਸਿਨ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਆਫ ਲਾਇਫ ਸਾਇੰਸਜ਼ ਬਣ ਗਿਆ। ਅਕਤੂਬਰ 1968 ਵਿੱਚ ਡਾਕਟਰ ਹਰਗੋਬਿੰਦ ਖੁਰਾਣਾ ਨੂੰ ਦੋ ਹੋਰ ਅਮਰੀਕਨ ਸਾਇੰਸਦਾਨਾਂ ਨਾਲ ਸਾਂਝਾ ਫਿਜਿਆਲੋਜੀ ਐਂਡ ਮੈਡੀਸਨ ਦਾ ਨੋਬਲ ਪੁਰਸਕਾਰ ਮਿਲਿਆ।

ਡਾਕਟਰ ਖੁਰਾਣਾ ਦੇ ਇਕ ਅਮਰੀਕਨ ਦੋਸਤ ਨੇ ਲਿਖਿਆ ਹੈ ਕਿ ਖੁਰਾਣਾ ਬੜੇ ਠੰਡੇ ਅਤੇ ਸੀਤਲ ਸੁਭਾਉ ਦਾ ਹੈ, ਪਰ ਜਦੋਂ ਭਾਰਤ ਦੀ ਕੋਈ ਗੱਲ ਹੋਵੇ ਤਾਂ ਉਸਨੂੰ ਕੌੜ ਚੜ੍ਹ ਜਾਂਦੀ ਹੈ। ਉਹ ਸਾਡੇ ਦੇਸ਼ ਦਾ ਜੰਮਪਲ ਸੀ। ਉਸਦੇ ਤਿੰਨ ਭਰਾ ਦਿੱਲੀ ਰਹਿੰਦੇ ਸਨ। ਸਾਰਾ ਦੇਸ਼ ਖੁਸ਼ੀਆਂ ਮਨਾ ਰਿਹਾ ਸੀ ਅਤੇ ਫੁੱਲਾਂ ਦੇ ਹਾਰ ਉਸਦੇ ਗਲ ਵਿੱਚ ਪਾਉਣ ਲਈ ਫੜੀ ਬੈਠਾ ਸੀ। ਉਹ ਦੇਸ਼ ਦੀ ਸ਼ਹਿਰੀਅਤ ਤਿਆਗ ਕੇ ਅਮਰੀਕਨ ਸ਼ਹਿਰੀ ਬਣ ਗਿਆ ਸੀ ਅਤੇ ਹਾਰ ਪਵਾਉਣ ਵਾਸਤੇ ਵੀ ਆਪਣੀ ਜਨਮ-ਭੂਮੀ ਵੱਲ ਫੇਰਾ ਨਹੀਂ ਪਾਉਣ ਆਇਆ ਸੀ। ਇਹ ਵਿਚਾਰਨਯੋਗ ਗੱਲ ਹੈ।

ਜਦੋਂ ਦਾ ਅਲਫਰੈਡ ਨੋਬਲ ਨੇ ਨੋਬਲ ਪੁਰਸਕਾਰਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਸੈਂਕੜੇ ਹੀ ਨੋਬਲ ਪੁਰਸਕਾਰ ਉੱਚੇ ਸਾਇੰਸਦਾਨਾਂ, ਲਿਖਾਰੀਆਂ, ਫਿਲਾਸਫਰਾਂ ਆਦਿ ਨੇ ਜਿੱਤੇ ਹਨ। ਸਾਨੂੰ ਅੰਗਰੇਜ਼ੀ ਰਾਜ ਵੇਲੇ ਦੋ ਨੋਬਲ ਪੁਰਸਕਾਰ ਜਿੱਤਣ ਦਾ ਮਾਣ ਪ੍ਰਾਪਤ ਹੋਇਆ ਸੀ। ਇਕ ਰਾਬਿੰਦਰ ਨਾਥ ਟੈਗੋਰ ਨੂੰ ਲਿਟਰੇਚਰ ਦਾ 'ਗੀਤਾਂਜਲੀ' ਲਿਖਣ ਉੱਤੇ ਅਤੇ ਦੂਜਾ ਸੀ.ਵੀ. ਰਮਨ ਨੂੰ ਫਿਜ਼ਿਕਸ ਦਾ।

ਜਿੱਥੇ ਵਿਗਿਆਨ 'ਤੇ ਸੱਤਾ ਦਾ ਗਲਬਾ ਹੋਵੇਗਾ, ਉੱਥੇ ਸਾਇੰਸ ਪ੍ਰਫੁੱਲਤ ਨਹੀਂ ਹੋ ਸਕਦੀ। ਰਾਜਸੀ ਸਾਏ ਹੇਠ ਤਾਲੀਮ ਦਾ ਬੂਟਾ ਮੁਰਝਾ ਜਾਂਦਾ ਹੈ। ਇੱਥੇ ਦਾਖ਼ਲਿਆਂ ਇਮਤਿਹਾਨਾਂ, ਨੌਕਰੀਆਂ, ਤਰੱਕੀਆਂ ਹੋਣ ਵੇਲੇ ਸਿਫ਼ਾਰਸ਼ਾਂ ਹੁੰਦੀਆਂ ਹਨ। ਸਿਫ਼ਾਰਸ਼ਾਂ ਕਰਨ ਵਾਲੇ ਇਹ ਵਜ਼ੀਰ, ਐਮ.ਪੀ., ਗਵਰਨਰ, ਸਭ ਰਾਜਸੀ ਨੇਤਾ ਹੁੰਦੇ ਹਨ। ਜੇਕਰ ਸਾਇੰਸ ਨੂੰ ਪ੍ਰਫੁੱਲਤ ਹੁੰਦਿਆਂ ਵੇਖਣਾ ਚਾਹੁੰਦੇ ਹੋ ਤਾਂ ਯੂਨੀਵਰਸਿਟੀਆਂ ਨੂੰ ਰਾਜਸੀ ਅਖਾੜਿਆਂ ਤੋਂ ਪਰ੍ਹੇ ਲੈ ਜਾਣ ਦੀ ਲੋੜ ਹੈ।

ਡਾਕਟਰ ਖੁਰਾਣੇ ਦੀ ਖੋਜ ਇਨਸਾਨੀ ਸਰੀਰ ਲਈ ਬੜੀ ਮਹੱਤਵਪੂਰਨ ਹੈ। ਜਿਸ ਤਰ੍ਹਾਂ ਮੌਲੀਕਿਊਲ ਦੇ ਅੰਦਰ ਛੋਟੇ ਕਿਣਕੇ ਐਟਮ ਹੁੰਦੇ ਹਨ ਅਤੇ ਐਟਮ ਦੇ ਅੰਦਰ ਛੋਟੇ ਕਿਣਕੇ ਇਲੈਕਟਰਾਨ ਅਤੇ ਪ੍ਰੋਟਾਨ ਹੁੰਦੇ ਹਨ, ਇਸੇ ਤਰ੍ਹਾਂ ਸੈਲਾਂ ਦੇ ਅੰਦਰ, ਜੀਵਾਣੂੰਆਂ ਦੇ ਅੰਦਰ ਕਰੋਮੋਸੋਮਜ਼ ਅਤੇ ਕਰੋਮੋਸੋਮਜ਼ ਦੇ ਅੰਦਰ ਜ਼ੀਨਜ਼ ਹੁੰਦੇ ਹਨ। ਮੈਂਡਲ ਨੇ ਖੋਜ ਕਰਕੇ ਇਹ ਗੱਲ ਸਿੱਧ ਕੀਤੀ ਕਿ ਜੱਦੀ ਗੁਣਾਂ, ਔਗੁਣਾਂ ਨੂੰ ਜ਼ੀਨ ਕੰਟਰੋਲ ਕਰਦੇ ਹਨ। 1910 ਵਿੱਚ ਮਾਰਗਨ ਨੇ ਇਹ ਗੱਲ ਕੱਢੀ ਕਿ ਜ਼ੀਨ, ਕਰੋਮੋਸੋਮਜ਼ ਵਿੱਚ ਹੁੰਦੇ ਹਨ।

ਜਦ ਡਾਕਟਰ ਖੁਰਾਣਾ 1950 ਵਿੱਚ ਡਾਕਟਰ ਟਾਡ ਨਾਲ ਕੈਂਬਰਿਜ਼ ਵਿੱਚ ਖੋਜ ਕਰਦਾ ਸੀ ਤਾਂ ਉਸਨੇ Complex Organic Compound, ਜਿਨ੍ਹਾਂ ਨੂੰ Nucleotides ਕਹਿੰਦੇ ਹਨ, ਬਣਾਏ ਸਨ। ਇਹ ਰੀਸਰਚ ਉਹਨਾਂ ਦੇ ਕੈਂਬਰਿਜ਼ ਛੱਡਣ ਤੋਂ ਬਾਅਦ ਵੀ ਜਾਰੀ ਰਹੀ ਅਤੇ ਉਹ ਇਸੇ ਸ਼੍ਰੇਣੀ ਦੇ Deoxyribo Nucleic Acid ਬਣਾਉਣ ਵਿੱਚ ਕਾਮਯਾਬ ਹੋਇਆ। ਇਹ ਬੜਾ ਗੁੰਝਲਦਾਰ ਯੋਗਿਕ ਹੈ।ਇਸ ਦੇ ਨਾਂ ਦੇ ਤਿੰਨਾਂ ਹਿੱਸਿਆਂ ਦੇ ਪਹਿਲੇ ਅੱਖਰ ਲੈ ਕੇ ਇਸ ਦਾ ਛੋਟਾ ਨਾਂ D.N.A. ਧਰ ਦਿੱਤਾ ਗਿਆ। ਇਹੋ ਜਿਹਾ ਇਕ ਯੋਗਿਕ, ਜਿਹੜਾ ਇਸ ਨਾਲੋਂ ਕੁਝ ਘੱਟ ਗੁੰਝਲਦਾਰ ਹੈ, Ribo Nucleic Acid ਹੈ। ਇਸ ਦਾ ਨਾਂ R.N.A. ਰੱਖਿਆ ਗਿਆ। ਡਾਕਟਰ ਖੁਰਾਣਾ ਅਤੇ ਉਸਦੇ ਸਾਥੀ ਇਸ DNA ਅਤੇ ਇਸ ਤੋਂ ਹੋਰ ਕਈ ਕਿਸਮ ਦੇ Nucleotides ਬਣਾਉਣ ਅਤੇ ਉਹਨਾਂ ਦੀ ਖੋਜ ਉੱਤੇ ਲੱਗੇ ਰਹੇ। ਜਦ ਖੁਰਾਣਾ ਨੂੰ 1968 ਵਿੱਚ ਦੋ ਹੋਰ ਅਮਰੀਕਨਾਂ ਨਾਲ ਸਾਂਝਾ ਨੋਬਲ ਪੁਰਸਕਾਰ ਮਿਲਿਆ ਤਾਂ ਉਹ ਇਹਨਾਂ Nucleotides ਦੀ ਖੋਜ ਦੇ ਆਧਾਰ 'ਤੇ ਸੀ।

ਡਾਕਟਰ ਖੁਰਾਣਾ ਨੇ 1966 ਵਿੱਚ ਅਮਰੀਕਨ ਨਾਗਰਿਕਤਾ ਲੈ ਲਈ ਸੀ। ਡਾਕਟਰ ਖੁਰਾਣਾ ਇਕ ਬਹੁਤ ਖੁੱਲ੍ਹ-ਦਿਲਾ ਇਨਸਾਨ ਸੀ ਅਤੇ ਉਹ ਆਪਣੇ ਵਿਚਾਰਾਂ ਨੂੰ ਕੈਮਿਸਟਰੀ ਤੋਂ ਬਾਹਰ ਫਿਜ਼ਿਕਸ ਅਤੇ ਬਾਇਓਲੋਜੀ ਦੀਆਂ ਲੈਬਾਰਟਰੀਆਂ ਵਿੱਚ ਵੀ ਜਾ ਕੇ ਤਜ਼ਰਬੇ ਕਰਦਾ ਰਹਿੰਦਾ ਸੀ। ਉਹਦਾ ਵਿਸ਼ਵਾਸ ਸੀ ਕਿ ਉਹ ਹੋਰਾਂ ਲੈਬਾਰਟਰੀਆਂ ਤੋਂ ਨਵੇਂ ਢੰਗ ਤਰੀਕੇ ਖੋਜ ਲਈ ਸਿੱਖ ਸਕਦਾ ਹੈ। ਇਹ ਗੱਲ ਉਸ ਵੇਲੇ ਦੇ ਸਾਇੰਸਦਾਨਾਂ ਲਈ ਬੜੀ ਅਨੋਖੀ ਸੀ। ਬਾਅਦ ਦੀ ਉਮਰ ਵਿੱਚ ਸੇਵਾਮੁਕਤ ਹੋਣ ਤੱਕ, ਉਹ 2007 ਤੱਕ ਵਿਜ਼ਨ 'ਤੇ ਕੰਮ ਕਰਦਾ ਰਿਹਾ। ਉਹਨੂੰ ਹੋਰ ਵੀ ਬਹੁਤ ਪੁਰਸਕਾਰ ਮਿਲੇ।

ਅੰਤ ਨੂੰ ਉਹ ਲੈਬਾਰਟਰੀ ਵਿੱਚ DNA ਬਣਾਉਣ ਵਿੱਚ ਕਾਮਯਾਬ ਹੋਇਆ। ਡਾਕਟਰ ਖੁਰਾਣਾ ਦੀ 9 ਦਸੰਬਰ 2011 ਨੂੰ USA ਵਿੱਚ ਮੌਤ ਹੋਈ।

ਵਰ ਨਹੀਂ ਆਈਆਂ 'ਸੁੱਖਾਂ'

ਲੰਘੀਆਂ ਪੰਜਾਬ ਚੋਣਾਂ ਦੌਰਾਨ ਪੰਜਾਬ ਦੀਆਂ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਕਿਵੇਂ ਜਾ ਕੇ ਡੇਰਿਆਂ, ਧਾਰਮਿਕ ਥਾਵਾਂ 'ਤੇ ਲੇਲੜੀਆਂ ਕੱਢੀਆਂ ਅਤੇ ਪੂਜਾ-ਅਰਚਨਾਵਾਂ ਕਰਵਾਈਆਂ, ਉਹ ਸਭ ਦੇ ਸਾਹਮਣੇ ਹਨ। ਇਸ ਤੋਂ ਪਹਿਲਾਂ ਕਿ ਕੁੱਝ ਅਖ਼ਬਾਰੀ ਸੁਰਖੀਆਂ ਸਾਂਝੀਆਂ ਕਰੀਏ, ਕੁੱਝ ਸਵਾਲ ਪੈਦਾ ਹੁੰਦੇ ਹਨ :

1. ਉਹ ਲੋਕ, ਜੋ ਖ਼ੁਦ ਅੰਧਵਿਸ਼ਵਾਸੀ ਮਾਨਸਿਕਤਾ ਦਾ ਸ਼ਿਕਾਰ ਹਨ, ਉਹ ਲੋਕਾਂ ਦੀ ਸੋਚ ਵਿਗਿਆਨਕ ਬਣਾਉਣ ਲਈ ਭਲਾ ਕੀ ਯਤਨ ਕਰਨਗੇ ?

ਜਾਂ ਤਾਂ ਬੌਧਿਕ ਤੌਰ 'ਤੇ ਉਹਨਾਂ ਦਾ ਆਪਣਾ ਹੀ ਕੋਈ ਵਿਕਾਸ ਨਹੀਂ ਹੋ ਸਕਿਆ ਜਾਂ ਫਿਰ ਸਭ ਕੁੱਝ ਜਾਣਦਿਆਂ ਉਹ ਡਰਾਮੇਬਾਜੀ ਕਰਕੇ ਆਮ ਜਨਤਾ ਦੀਆਂ ਅੰਧ-ਵਿਸ਼ਵਾਸੀ ਭਾਵਨਾਵਾਂ ਦਾ ਭਾਵਨਾਤਮਕ ਤੌਰ 'ਤੇ ਲਾਹਾ ਲੈਣ ਲਈ ਅਜਿਹੇ ਖੇਖਣ ਕਰਦੇ ਹਨ।

2. ਉਹਨਾਂ ਦੀਆਂ ਇਹ ਸੁੱਖਾਂ ਵਰ ਕਿਉਂ ਨਹੀਂ ਆਈਆਂ ?

ਜੇ ਕੋਈ ਜਿੱਤ ਗਿਆ ਤਾਂ ਅਪਵਾਦ ਹੈ, ਪਰ ਜੋ ਮੀਡੀਆ ਦੀਆਂ ਸੁਰਖੀਆਂ ਦਾ ਵਧੇਰੇ ਸ਼ਿੰਗਾਰ ਬਣੇ, ਉਹ ਬਹੁਤੇ ਹਾਰੇ ਹਨ। ਭਾਵ ਕੋਈ ਅਜਿਹੀ ਦੈਵੀ ਸ਼ਕਤੀ ਨਹੀਂ ਹੁੰਦੀ ਜੋ ਉਹਨਾਂ ਨੂੰ ਜਿੱਤ ਪਰੋਸ ਕੇ ਦੇ ਦੇਵੇ। ਸਭ ਤੋਂ ਵੱਡੀ ਤਾਕਤ/ਸ਼ਕਤੀ ਜਨਤਾ ਹੁੰਦੀ ਹੈ। ਭਾਵੇਂ ਕਿ ਕਿਸੇ ਦੀ ਜਿੱਤ ਜਾਂ ਹਾਰ ਦੇ ਅਸੀਂ ਭੋਰਾ ਵੀ ਜਥੇਬੰਦਕ ਤੌਰ 'ਤੇ ਪੱਖ ਜਾਂ ਵਿਰੋਧ ਵਿੱਚ ਨਹੀਂ ਹਾਂ।

ਪਟਿਆਲਾ ਸੀਟ ਜਿੱਤਣ ਲਈ ਕੈਪਟਨ ਵੱਲੋਂ ਕੱਟਾ ਦਾਨ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਸੀਟ ਤੋਂ ਜਿੱਤਣ ਲਈ ਦਾਨ-ਪੁੰਨ ਦਾ ਰਾਹ ਅਖ਼ਤਿਆਰ ਕੀਤਾ। ਕੈਪਟਨ ਨੇ ਇੱਕ ਪੂਜਾ ਕਰਵਾਈ। ਜਿਸ ਦੌਰਾਨ ਬ੍ਰਾਹਮਣਾਂ ਨੇ ਕੈਪਟਨ ਹੱਥੋਂ ਇੱਕ ਕੱਟਾ ਦਾਨ ਕਰਵਾਇਆ। ਵਾਇਰਲ ਹੋਈ ਵੀਡੀਓ ਵਿੱਚ ਪਟਿਆਲਾ ਦੇ ਨਿਊ ਮੋਤੀ ਮਹਿਲ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਬਾਕਾਇਦਾ ਬ੍ਰਾਹਮਣ ਬੁਲਾਏ ਹੋਏ ਹਨ ਤੇ ਉਨ੍ਹਾਂ ਤੋਂ ਪੂਜਾ ਕਰਵਾਈ ਗਈ ਹੈ। ਮੋਤੀ ਮਹਿਲ ਦੇ ਮੁੱਖ ਦੁਆਰ ਕੋਲ ਬੈਠੇ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਵਿੱਚ ਪੂਜਾ ਦਾ ਸਾਮਾਨ ਫੜਿਆ ਹੋਇਆ ਹੈ ਤੇ ਉਨ੍ਹਾਂ ਦੇ ਸਾਹਮਣੇ ਕੱਟਾ ਖੜ੍ਹਾਇਆ ਹੋਇਆ ਹੈ। ਇਸ ਦੌਰਾਨ ਬ੍ਰਾਹਮਣਾਂ ਵੱਲੋਂ ਕਾਲੀ ਮਾਤਾ ਦੇ ਮੰਤਰ ਪੜ੍ਹੇ ਜਾ ਰਹੇ ਹਨ।

(ਪੰਜਾਬੀ ਟ੍ਰਿਬਿਊਨ, 19 ਫਰਵਰੀ 2022)

ਦੇਵੀ-ਦੇਵਤਿਆਂ ਦੀ ਸ਼ਰਨ ਪੁੱਜੇ ਉਮੀਦਵਾਰ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਆਪਣੀ ਜਿੱਤ ਅਤੇ ਕਾਂਗਰਸ ਸਰਕਾਰ ਪੰਜਾਬ 'ਚ ਦੁਬਾਰਾ ਬਣਾਉਣ ਲਈ ਗੁਹਾਟੀ ਸਥਿਤ ਮਾਂ ਕਾਮਖਿਆ ਦੇਵੀ ਦੇ ਮੰਦਰ ਪੁੱਜੇ। ਲੁਧਿਆਣਾ ਦੇ ਹਲਕਾ ਪੂਰਬੀ ਤੋਂ ਸਾਬਕਾ ਵਿਧਾਇਕ ਸੰਜੇ ਤਲਵਾੜ ਮਾਂ ਵੈਸ਼ਨੋ ਦੇਵੀ ਤੇ ਹਿਮਾਚਲ ਪ੍ਰਦੇਸ਼ ਸਥਿਤ ਮਾਂ ਚਿੰਤਪੁਰਨੀ ਦਰਬਾਰ ਪੁੱਜੇ। ਗੁਰਕੀਰਤ ਕੋਟਲੀ ਵੀ ਆਪਣੇ ਸਾਥੀਆਂ ਨਾਲ ਰਾਜਸਥਾਨ ਸਥਿਤ ਬਾਲਾ ਜੀ ਮੰਦਿਰ ਪੁੱਜੇ। ਚੰਨੀ ਨੂੰ ਚੋਣਾਂ ਦੌਰਾਨ ਜਦੋਂ ਕਾਂਗਰਸ ਪਾਰਟੀ ਨੇ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ, ਉਦੋਂ ਵੀ ਉਹ ਮਾਂ ਬਗਲਾਮੁਖੀ ਧਾਮ ਪੁੱਜੇ। ਲੁਧਿਆਣਾ ਦੇ ਹਲਕਾ ਦੱਖਣੀ ਤੋਂ ਕਾਂਗਰਸੀ ਉਮੀਦਵਾਰ ਈਸ਼ਵਰਜੋਤ ਸਿੰਘ ਚੀਮਾ ਵੀ ਮਾਂ ਬਗਲਾਮੁਖੀ ਧਾਮ 'ਤੇ ਨਤਮਸਤਕ ਹੋਣ ਪੁੱਜੇ। ਪਾਇਲ ਤੋਂ ਸਾਬਕਾ ਵਿਧਾਇਕ ਲਖਬੀਰ ਸਿੰਘ ਲੱਖਾ, ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਦੇ ਨਾਲ ਹੀ ਬਾਲਾ ਜੀ ਮੰਦਿਰ 'ਚ ਨਤਮਸਤਕ ਹੋਣ ਪੁੱਜੇ। (ਪੰਜਾਬੀ ਟ੍ਰਿਬਿਊਨ, 6 ਮਾਰਚ 2022)

* ਪੰਜਾਬ ਦਾ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਵੀ ਅਕਸਰ ਪੁਜਾਰੀਆਂ/ਪੂਜਾਵਾਂ ਦੇ ਚੱਕਰਾਂ ਵਿਚ ਪਿਆ ਹੀ ਰਹਿੰਦਾ ਹੈ, ਸੈਂਕੜੇ ਹੋਰ ਵੀ ਹਨ।

ਕੁਲਤਾਰ ਸੰਧਵਾਂ

ਪੰਜਾਬ ਵਿਧਾਨ ਸਭਾ ਦੇ ਚੁਣੇ ਗਏ ਸਪੀਕਰ ਕੁਲਤਾਰ ਸੰਧਵਾਂ ਨੇ ਵੀ ਬਠਿੰਡਾ ਦੀ ਗਊਸ਼ਾਲਾ ਵਿਚ ਪਹਿਲਾਂ ਗਊ ਪੂਜਾ ਕੀਤੀ ਸੀ। ਫਿਰ ਉੱਥੋਂ ਦੇ ਪੁਜਾਰੀ ਨੇ ਉਹਨਾਂ ਦੀ ਪੱਗ 'ਤੇ ਗਊ ਦੀ ਪੂੰਛ ਮਾਰ ਕੇ ਆਸ਼ੀਰਵਾਦ ਦਿੱਤਾ ਸੀ।

ਭਗਵੰਤ ਮਾਨ

ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਵੀ ਪੂਜਾ ਕਰਵਾਉਂਦੇ ਦੀਆਂ ਕਈ ਫੋਟੋਆਂ ਵਾਇਰਲ ਹੋਈਆਂ ਹਨ।

ਜਨਤਾ ਨੂੰ ਚੇਤੰਨ ਹੋਣ ਦੀ ਲੋੜ ਹੈ। ਪ੍ਰਬੰਧ ਵਿਚ ਬੁਨਿਆਦੀ ਤਬਦੀਲੀਆਂ ਤੋਂ ਬਿਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਸਥਾਈ ਹੱਲ ਨਹੀਂ। ਨਹੀਂ ਤਾਂ ਅਜਿਹੇ ਆਗੂਆਂ ਦੀਆਂ ਇਹਨਾਂ ਚਾਲਾਂ ਦਾ ਸ਼ਿਕਾਰ ਹੁੰਦੇ ਰਹੋਗੇ। ਸੋ ਅਧਿਐਨ ਕਰੋ... ਜਥੇਬੰਦ ਹੋਵੋ...ਸੰਘਰਸ਼ ਕਰੋ। **- ਅਦਾਰਾ**

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ
ਪ੍ਰੀਖਿਆ ਦੀ ਮਿਤੀ : 24-25 ਜੁਲਾਈ 2022

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਸਲਾਨਾ ਇੱਕਤਰਤਾ ਦੀ ਮਿਤੀ :5 ਜੂਨ 2022

ਮਿੰਨ੍ਹੀ ਕਹਾਣੀ

ਪ੍ਰੇਮਵਤੀ ਦੀ ਚਿੱਠੀ

ਗਜੇਂਦ੍ਰ ਰਾਵਤ

ਬੈਰਕ ਵਿਚ ਘੁਸਦੇ ਹੀ ਪ੍ਰਕਾਸ਼ ਨੇ ਬੈਲਟ ਕਮਰ ਤੋਂ ਖਿੱਚ ਕੇ ਕੁੰਡੀ 'ਤੇ ਲਟਕਾ ਦਿੱਤੀ। ਮੰਜੇ ਬਿਸਤਰੇ ਦੇ ਨਾਲ ਪਈ ਕੁਰਸੀ 'ਤੇ ਬੈਠਦੇ ਹੋਏ ਉਹ ਟਰੰਕ ਦੇ ਹੇਠਾਂ ਤੋਂ ਪਤਨੀ ਦੀ ਚਿੱਠੀ ਕੱਢ ਕੇ ਪੜ੍ਹਣ ਲੱਗਿਆ.............

ਮੁੰਨੀ ਦੇ ਪਾਪਾ, ਅਸੀਂ ਇੱਥੇ ਸਭ ਠੀਕ ਠਾਕ ਹਾਂ। ਤੁਸੀਂ ਵੀ ਰਾਜੀ ਖੁਸ਼ੀ ਹੋਵੋਗੇ। ਪੂਰਾ ਸਾਲ ਹੋ ਗਿਆ, ਤੁਸੀਂ ਘਰ ਨਹੀਂ ਆਏ......... ਪਤਾ ਨਹੀਂ ਕਿਉਂ ਡਰ, ਚਿੰਤਾ ਤੰਗ ਕਰਦੀ ਰਹਿੰਦੀ ਹੈ। ਪਿਤਾ ਜੀ ਦੀ ਖਾਂਸੀ ਠੀਕ ਨਹੀਂ ਹੋ ਰਹੀ। ਰੋਜ ਡਾਕਟਰ ਕੋਲ ਲੈ ਕੇ ਜਾਣਾ ਪੈਂਦਾ ਹੈ। ਨੁੱਕੜ ਵਾਲੇ ਡਾਕਟਰ ਨੇ ਫੀਸ ਵਧਾ ਕੇ ਤਿੰਨ-ਚਾਰ ਗੁਣਾ ਕਰ ਦਿੱਤੀ ਹੈ। ਪਰ ਉਸ ਦੇ ਕੋਲ ਜਾਣਾ ਵੀ ਮਜ਼ਬੂਰੀ ਹੈ। ਮੁੰਨੀ ਵੀ ਬਹੁਤ ਯਾਦ ਕਰਦੀ ਹੈ। ਉਸ ਨੂੰ ਵੀ ਛੋਟੇ ਸਕੂਲ ਵਿਚ ਪਾ ਦਿੱਤਾ। ਅਜੇ ਫੀਸ ਵੀ ਭਰਨੀ ਹੈ। ਤੁਸੀਂ ਜੋ ਰੁਪਏ ਭੇਜਦੇ ਹੋ, ਉਹ ਸਭ ਲਿਆ ਹੋਇਆ ਉਧਾਰ ਮੋੜਣ ਵਿਚ ਹੀ ਲੱਗ ਜਾਂਦੇ ਹਨ। ਹੋ ਸਕੇ ਤਾਂ ਕੁੱਝ ਜਿਆਦਾ ਰੁਪਏ ਭੇਜ ਦੇਣਾ। ਹਰ ਚੀਜ਼ ਦੇ ਭਾਅ ਨੂੰ ਅੱਗ ਲੱਗ ਗਈ ਹੈ। ਮਹੀਨੇ ਦੇ ਆਖੀਰ ਵਿੱਚ ਪਾਈ ਪਾਈ ਲਈ ਦੂਸਰਿਆਂ ਦਾ ਮੂੰਹ ਵੇਖਣਾ ਪੈਂਦਾ ਹੈ। ਬਸ ਬਾਕੀ ਫਿਰ। ਤੁਹਾਡੇ ਉੱਤਰ ਦੀ ਉਡੀਕ ਵਿਚ

ਤੁਹਾਡੀ
ਪ੍ਰੇਮਵਤੀ

"ਫੀਸ ਵਧਾ............ਫੀਸ ਭਰਨੀ ਹੈ........... ਭਾਅ ਨੂੰ ਅੱਗ.............. ਪਾਈ ਪਾਈ ਲਈ............", ਉਹ ਬੁੜ ਬੁੜਾਇਆ। ਫਿਰ ਅੱਖਾਂ ਬੰਦ ਕਰਕੇ ਬਿਸਤਰੇ 'ਤੇ ਪੈਰ ਪਸਾਰ ਲਏ।

ਉਸਦੀ ਨੀਂਦ ਉਦੋਂ ਖੁੱਲੀ ਜਦ ਆਪਣੇ ਬਿਸਤਰੇ 'ਤੇ ਬੈਠਦੇ ਹੋਏ ਸਿਪਾਹੀ ਮਹੇਂਦ੍ਰ ਨੇ ਸੂਚਨਾ ਦਿੱਤੀ, "ਭਰਾ। ਕੱਲ੍ਹ ਨੂੰ ਵੀ ਸੰਸਦ ਮਾਰਗ 'ਤੇ ਡਿਊਟੀ ਹੈ।"

"ਕਿਉਂ ਕੱਲ੍ਹ ਨੂੰ ਕੀ ਹੈ ?", ਪ੍ਰਕਾਸ਼ ਨੇ ਪਏ-ਪਏ ਨੇ ਪੁੱਛਿਆ।

"ਹੋਵੇਗਾ ਕੋਈ ਧਰਨਾ, ਮੁਜ਼ਾਹਰਾ।"

"ਕੀ ਨੌਂਕਰੀ ਹੈ!", ਉਹ ਬੁੜਬੁੜਾਇਆ। ਸਵੇਰੇ ਤਿਆਰੀਆਂ ਸ਼ੁਰੂ ਹੋ ਗਈਆਂ। ਸੰਸਦ ਮਾਰਗ ਨੂੰ ਬੈਰੀਕੇਡਾਂ ਨਾਲ ਬੰਦ ਕਰ ਦਿੱਤਾ ਗਿਆ। ਹੈਲਮੇਟ, ਡਾਂਗਾਂ ਨਾਲ ਲੈਸ ਸਿਪਾਹੀਆਂ ਦੀਆਂ ਦੋ ਲਾਇਨਾਂ ਬੈਰੀਕੇਡਾਂ ਨਾਲ ਤੈਨਾਤ ਹੋ ਗਈਆਂ। ਦੋਵਾਂ ਕਿਨਾਰਿਆਂ 'ਤੇ ਦੋ-ਦੋ ਸਿਪਾਹੀ ਟੀਅਰ ਗੈਸ ਗੋਲੇ ਭਰ ਕੇ ਖੜ੍ਹੇ ਕਰ ਦਿੱਤੇ ਗਏ। ਸਭ ਤੋਂ ਪਿਛਲੀ ਲਾਇਨ ਹਥਿਆਰ ਬੰਦ ਸਿਪਾਹੀਆਂ ਦੀ ਸੀ।

ਥੋੜ੍ਹੇ ਸਮੇਂ ਬਾਅਦ ਏ.ਸੀ.ਪੀ. ਨੇ ਸਿਪਾਹੀਆਂ ਨੂੰ ਸੰਬੋਧਿਤ ਕੀਤਾ।

"ਹਰ ਸਮੇਂ ਮੁਸਤੈਦ ਰਹਿਣਾ ਹੈ। ਇਸ਼ਾਰਾ ਹੋਣ 'ਤੇ ਹਰਕਤ ਵਿਚ ਆ ਜਾਣਾ ਹੈ। ਕੋਸ਼ਿਸ ਕਰੋ, ਉਹ ਬੈਰੀਕੇਡ ਤੱਕ ਨਾ ਪਹੁੰਚ ਸਕਣ। ਸਮਝੇ! ਉਹ ਬੈਰੀਕੇਡ ਤੋੜਣ ਦੀ ਕੋਸ਼ਿਸ਼ ਕਰਨਗੇ। ਤੁਹਾਨੂੰ ਜੋ ਹੁਕਮ ਦਿੱਤਾ ਜਾਵੇਗਾ, ਉਹ ਸਖ਼ਤੀ ਨਾਲ ਲਾਗੂ ਕਰਨਾ ਹੈ। ਕਾਨੂੰਨ ਪ੍ਰਬੰਧ ਨੂੰ ਹਰ ਹਾਲਤ ਵਿਚ ਬਣਾਈ ਰੱਖਣਾ ਹੈ।..............ਸਮਝੇ!"

ਪ੍ਰਕਾਸ਼ ਬੈਰੀਕੇਡ ਨਾਲ ਪਹਿਲੀ ਲਾਇਨ ਵਿਚ ਖੜ੍ਹਾ ਸੀ। ਪੂਰੀ ਤਿਆਰੀ ਹੋ ਚੁੱਕੀ ਸੀ। ਬਸ ਮੁਜ਼ਾਹਰਾਕਾਰੀਆਂ ਦੀ ਉਡੀਕ ਸੀ। ਕੁੱਝ ਹੀ ਸਮੇਂ ਵਿਚ ਨਾਹਰੇ ਸੁਣਾਈ ਦੇਣ ਲੱਗੇ। ਹੌਲੀ ਹੌਲੀ ਆਵਾਜ਼ ਸਪੱਸ਼ਟ ਹੁੰਦੀ ਗਈ।

"ਇਨਕਲਾਬ—ਜਿੰਦਾਬਾਦ।"

"ਪੂੰਜੀਵਾਦ—ਮੁਰਦਾਬਾਦ।"

"ਮਹਿੰਗਾਈ 'ਤੇ ਰੋਕ ਲਗਾਓ।"

ਵੇਖਦੇ ਹੀ ਵੇਖਦੇ ਝੰਡਿਆਂ ਅਤੇ ਬੈਨਰਾਂ ਦਾ ਹੜ੍ਹ ਅੱਖਾਂ ਦੇ ਸਾਹਮਣੇ ਆ ਕੇ ਖੜ੍ਹ ਗਿਆ।

ਹੁਣ ਹੱਥਾਂ ਵਿਚ ਚੁੱਕੀਆਂ ਤਖਤੀਆਂ 'ਤੇ ਲਿਖੀ ਇਬਾਰਤ ਸਾਫ਼ ਵਿਖਾਈ ਦੇਣ ਲੱਗੀ।

"ਦਵਾਈਆਂ ਦੇ ਭਾਅ ਘੱਟ ਕਰੋ।"

"ਮਹਿੰਗਾਈ 'ਤੇ ਰੋਕ ਲਗਾਓ।"

"ਸਿੱਖਿਆ ਮੁਫ਼ਤ ਕਰੋ।"

ਪ੍ਰਕਾਸ਼ ਇੱਕ-ਇੱਕ ਬੈਨਰ ਨੂੰ ਗੌਰ ਨਾਲ ਪੜ੍ਹਣ ਲੱਗਿਆ। ਫਿਰ ਅਚਾਨਕ ਤ੍ਰਭਕ ਦੇ ਬੋਲਿਆ,

"ਓਏ............ਇਹ ਤਾਂ ਪ੍ਰੇਮਵਤੀ ਦੀ ਚਿੱਠੀ ਹੈ।

ਫਿਰ ਪਿੱਛਿਓ ਏ. ਸੀ. ਪੀ. ਦੀ ਅਵਾਜ਼ ਆਈ, "ਲਾਠੀ ਚਾਰਜ।"

(ਇਸ ਕਹਾਣੀ ਨੂੰ ਕਥਾਦੇਸ਼ ਮਿੰਨ੍ਹੀ ਕਹਾਣੀ ਪੁਰਸਕਾਰ ਵੀ ਮਿਲਿਆ ਹੈ) **ਪੰਜਾਬੀ ਅਨੁਵਾਦ : ਬਲਬੀਰ ਲੌਂਗੋਵਾਲ**

ਮੁੱਦਾ ਹਿਜਾਬ ਦਾ

ਧਾਰਮਿਕ ਕੱਟੜਤਾ

ਪ੍ਰਦੀਪ

ਹਿਜ਼ਾਬ ਮੁਸਲਿਮ ਔਰਤਾਂ ਵੱਲੋਂ ਪਹਿਨਿਆ ਜਾਣ ਵਾਲਾ ਇਕ ਕੱਪੜਾ ਹੈ, ਜਿਸ ਨਾਲ ਉਹ ਆਪਣਾ ਪੂਰਾ ਸਿਰ-ਮੂੰਹ ਢੱਕ ਲੈਂਦੀਆਂ ਹਨ। ਭਾਰਤ ਵਿਚ ਅਜਿਹੇ ਬਹੁਤ ਸਾਰੇ ਪਰਿਵਾਰ ਹਨ, ਜਿੱਥੇ ਸੰਕੀਰਨਤਾ ਏਨੀ ਨਹੀਂ ਬਚੀ ਕਿ ਪੁਰਸ਼ ਆਪਣੇ ਘਰਾਂ ਦੀਆਂ ਇਸਤਰੀਆਂ ਨੂੰ ਸਿਰ ਤੋਂ ਪੈਰਾਂ ਤੱਕ ਬੁਰਕੇ ਵਿਚ ਢਕ ਕੇ ਰੱਖਣ ਪਰ ਏਨੀ ਵੀ ਖ਼ਤਮ ਨਹੀਂ ਹੋਈ ਕਿ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਰੱਖ ਕੇ ਸੋਚਣਾ ਸ਼ੁਰੂ ਕਰ ਦੇਣ। ਉੱਥੇ ਹਿਜ਼ਾਬ ਇਕ ਵਿਚਕਾਰ ਦੇ ਰਸਤੇ ਦੀ ਤਰ੍ਹਾਂ ਸੀ। ਕੁਝ-ਕੁਝ ਉਸ ਤਰ੍ਹਾਂ ਜਿਵੇਂ ਉੱਤਰ ਭਾਰਤ ਦੇ ਹਿੰਦੂ ਸਮਾਜ ਵਿਚ ਔਰਤਾਂ ਵੱਡੇ ਬਜ਼ੁਰਗਾਂ ਦੇ ਸਾਹਮਣੇ ਆਉਣ ਉੱਤੇ ਆਪਣੀ ਚੁੰਨੀ ਨਾਲ ਸਿਰ ਢਕ ਲੈਂਦੀਆਂ ਹਨ। ਕੁਝ ਦਹਾਕੇ ਪਹਿਲਾਂ ਤੱਕ ਔਰਤਾਂ ਵੱਲੋਂ ਮਰਦ ਦੇ ਸਾਹਮਣੇ ਆਉਣ ’ਤੇ ਘੁੰਡ ਕਢ ਲੈਣ ਦਾ ਵਰਤਾਰਾ ਚੱਲਦਾ ਸੀ। ਕੁਝ ਪੇਂਡੂ ਖੇਤਰਾਂ ਵਿਚ ਅੱਜ ਵੀ ਘੁੰਡ ਜ਼ਰੂਰੀ ਮੰਨਿਆ ਜਾਂਦਾ ਹੈ। ਪਰ ਸ਼ਹਿਰੀ ਸਮਾਜ ਵਿੱਚ ਸਿਰ ਉੱਪਰ ਚੁੰਨੀ ਲੈਣ ਦੇ ਵਿਚਕਾਰਲੇ ਰਸਤੇ ਨੂੰ ਅਪਣਾਇਆ ਜਾਂਦਾ ਹੈ। ਸਿਰ ਨੂੰ ਚੁੰਨੀ ਨਾਲ ਢਕਣ ਦੇ ਵਰਤਾਰੇ ਨੂੰ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਸਹੀ ਨਹੀਂ ਠਹਿਰਾਇਆ ਜਾ ਸਕਦਾ, ਨਾ ਹੀ ਹਿਜ਼ਾਬ ਨੂੰ। ਪਰ ਇਹ ਵੀ ਸੱਚ ਹੈ ਕਿ ਸਮਾਜ ਵਿੱਚ ਜੋ ਵਰਤਾਰੇ ਡੂੰਘੀ ਪੈਂਠ ਬਣਾ ਲੈਂਦੇ ਹਨ, ਉਹਨਾਂ ਨੂੰ ਬਦਲਣ ਵਿੱਚ ਸਮਾਂ ਲੱਗਦਾ ਹੈ। ਜਿਸ ਪ੍ਰਕਾਰ ਸ਼ਹਿਰੀ ਖੇਤਰਾਂ ਵਿੱਚ ਔਰਤਾਂ (ਖ਼ਾਸ ਕਰ ਨੌਜਵਾਨ) ਵਿੱਚ ਚੁੰਨੀ ਸੂਟ ਦੀ ਜਗ੍ਹਾ ਜੀਨਜ਼ ਨੇ ਲੈ ਲਈ ਅਤੇ ਘੁੰਡ ਕੱਢਣ ਦੀ ਪ੍ਰੰਪਰਾ ਖ਼ਤਮ ਹੋਣ ਜਾ ਰਹੀ ਹੈ। ਪ੍ਰੇਮ ਵਿਆਹ ਨੂੰ ਹੌਲੀ-ਹੌਲੀ ਮਾਨਤਾ ਮਿਲਣ ਲੱਗੀ ਹੈ। ਠੀਕ ਇਸੇ ਤਰ੍ਹਾਂ ਹੀ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਨਣ ਦੇ ਸਾਰੇ ਜਗੀਰੂ ਢੰਗ ਤਰੀਕੇ ਵੀ ਤਬਦੀਲੀ ਦੀ ਰਾਹ ਉੱਤੇ ਹਨ। ਭਾਰਤੀ ਮੁਸਲਿਮ ਸਮਾਜ ਹਿੰਦੂ ਸਮਾਜ ਦੇ ਮੁਕਾਬਲੇ ਵੱਧ ਸੰਕੀਰਨ ਮੰਨਿਆ ਜਾਂਦਾ ਹੈ। ਇਸ ਦੇ ਇਤਿਹਾਸਕ, ਸਮਾਜਿਕ ਕਾਰਨ ਹਨ। ਇਹ ਗੱਲ ਇਸ ਲਈ ਲਿਖਣੀ ਜ਼ਰੂਰੀ ਹੈ ਕਿਉਂਕਿ ਮੌਜੂਦਾ ਸਮੇਂ ਵਿੱਚ ਦੇਸ਼ ਵਿਚ ਬਹੁਤ ਵੱਡੀ ਸੰਖਿਆ ਵਿੱਚ ਅਜਿਹੇ ਲੋਕ ਹਨ, ਜੋ ਇਹ ਸੋਚਦੇ ਹਨ ਕਿ ਮੁਸਲਿਮ ਆਪਣੇ ਧਰਮ ਕਾਰਨ ਜ਼ਿਆਦਾ ਕੱਟੜ ਅਤੇ ਸੰਕੀਰਨ ਹੁੰਦੇ ਹਨ। ਪਰ ਇਹ ਸੱਚ ਨਹੀਂ ਹੈ। ਇਰਾਕ, ਕਿਰਗੀਜਸਤਾਨ, ਕਜਾਕਿਸਤਾਨ, ਤੁਰਕੀ, ਲੈਬਨਾਨ ਵਰਗੇ ਦੇਸ਼ਾਂ ਵਿੱਚ ਖਾਣ-ਪਹਿਨਣ ਦੇ ਮਾਮਲੇ ਵਿੱਚ ਜਾਂ ਔਰਤਾਂ ਦੀ ਆਜ਼ਾਦੀ ਨਾਲ ਜੁੜੀਆਂ ਰੋਕਾਂ ਬਹੁਤ ਪਹਿਲਾਂ ਤੋੜ ਦਿੱਤੀਆਂ ਗਈਆਂ ਸਨ। ਇੱਥੋਂ ਤੱਕ ਕਿ ਅਫਗਾਨਿਸਤਾਨ ਵਿੱਚ ਵੀ 70ਵਿਆਂ ਦੇ ਦਹਾਕੇ ਵਿੱਚ ਮੁਸਲਿਮ ਔਰਤਾਂ ਆਮ ਤੌਰ ’ਤੇ ਬੁਰਕਿਆਂ ਵਿੱਚ ਨਹੀਂ, ਬਲਕਿ ਪੱਛਮੀ ਪਹਿਰਾਵਿਆਂ ਵਿੱਚ ਨਜ਼ਰ ਆਉਂਦੀਆਂ ਸਨ।

ਖੈਰ ਅਸੀਂ ਭਾਰਤ ਦੀ ਗੱਲ ਕਰ ਰਹੇ ਹਾਂ। ਇੱਥੇ ਬੁਰਕਾ ਪਹਿਨਣ ਨੂੰ ਲੈ ਕੇ ਸੰਕੀਰਨਤਾ ਏਨੀ ਜ਼ਿਆਦਾ ਕਦੀ ਵੀ ਨਹੀਂ ਰਹੀ, ਜਿੰਨੀ ਕੁਝ ਕੱਟੜ ਮੁਸਲਿਮ ਦੇਸ਼ਾਂ ਵਿੱਚ ਦਿਖਾਈ ਦਿੰਦੀ ਹੈ। ਪਰ ਭਾਰਤੀ ਮੁਸਲਿਮ ਔਰਤਾਂ ਨੇ ਕਦੀ ਏਨੀ ਆਜ਼ਾਦੀ ਵੀ ਮਹਿਸੂਸ ਨਹੀਂ ਕੀਤੀ ਜਿੰਨੀ ਦੂਸਰੇ ਧਰਮਾਂ ਦੀਆਂ ਔਰਤਾਂ ਦੇ ਪਹਿਰਾਵੇ ਵਿੱਚ ਹੈ। ਕਿਸੇ ਸਮਾਜ ਦੇ ਸੱਭਿਆਚਾਰਕ ਰੀਤੀ ਰਿਵਾਜ ਉਹਨਾਂ ਦੇ ਖਾਣ-ਪਾਣ, ਪਹਿਰਾਵੇ, ਤਿਉਹਾਰਾਂ, ਜਨਮ ਮੌਤ ਦੇ ਸਮੇਂ ਕੀਤੇ ਜਾਂਦੇ ਕਰਮ-ਕਾਂਡਾਂ ਵਿੱਚੋਂ ਨਜ਼ਰ ਆਉਂਦੇ ਹਨ। ਬਹੁਤੀ ਵਾਰ ਇਹਨਾਂ ਦਾ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। “ਸਾਡੇ ਤਾਂ ਇਸੇ ਤਰ੍ਹਾਂ ਹੀ ਹੁੰਦਾ ਹੈ” ਕਹਿ ਕੇ ਕਰਮ-ਕਾਂਡ ਪਰਿਵਾਰਾਂ ਵਿੱਚ ਚਲਦੇ ਰਹਿੰਦੇ ਹਨ। ਸ਼ਾਦੀਸ਼ੁਦਾ ਔਰਤਾਂ ਸਹੁਰੇ ਪਰਿਵਾਰ ਵਿੱਚ ਬਹੁਤ ਸਾਰੇ ਕਰਮ-ਕਾਂਡ ਆਪਣੀ ਸੱਸ ਤੋਂ ਪੁੱਛ ਕੇ ਕਰਦੀਆਂ ਹਨ, ਕਿਉਂਕਿ ਬਹੁਤ ਸਾਰੇ ਮਾਮਲਿਆਂ ਵਿੱਚ ਉਸਨੇ ਆਪਣੇ ਪੇਕੇ ਘਰ ਇਹ ਕਰਮਕਾਂਡ ਦੇਖਿਆ ਨਹੀਂ ਹੁੰਦਾ। ਇਸਦਾ ਕਾਰਨ ਪੇਕੇ ਘਰ ਕੋਈ ਦੂਸਰੀ ਪ੍ਰੰਪਰਾ ਨਿਭਾਈ ਜਾ ਰਹੀ ਹੁੰਦੀ ਹੈ। ਹੁਣ ਦੇਖਿਆ ਜਾਵੇ ਤਾਂ ਦੋਨੋਂ ਪਰਿਵਾਰ ਹਨ ਤਾਂ ਇੱਕ ਹੀ ਧਰਮ ਦੇ, ਇੱਕ ਹੀ ਖਿੱਤੇ ਦੇ। ਪਰ ਫਿਰ ਵੀ ਰੀਤੀ ਰਿਵਾਜ ਅਲੱਗ-ਅਲੱਗ ਹੁੰਦੇ ਹਨ। ਇਸ ਵਿੱਚ ਖ਼ਾਸ ਗੱਲ ਇਹ ਹੈ ਕਿ ਹਰੇਕ ਪਰਿਵਾਰ ਨੂੰ ਆਪਣੇ ਰੀਤੀ-ਰਿਵਾਜ ਬਹੁਤ ਪਿਆਰੇ ਲੱਗਦੇ ਹਨ। ਉਹਨਾਂ ਨਾਲ ਇਕ ਡੂੰਘਾ ਭਾਵਨਾਤਮਕ ਰਿਸ਼ਤਾ ਜੁੜਿਆ ਹੁੰਦਾ ਹੈ। ਉਹਨਾਂ ਨੂੰ ਉਹ ਬਦਲਣ ਜਾਂ ਤੋੜਨ ਲਈ ਤਿਆਰ ਨਹੀਂ ਹੁੰਦੇ। ਜੇ ਨੂੰਹ ਉਹਨਾਂ ਰੀਤੀ ਰਿਵਾਜਾਂ ਨੂੰ ਨਹੀਂ ਨਿਭਾਉਂਦੀ, ਤਾਂ ਬੁਰਾ ਮਨਾਇਆ ਜਾਂਦਾ ਹੈ। ਇਹ ਸੱਚ ਹੈ ਕਿ ਧਰਮ ਜਾਂ ਨੈਤਿਕਤਾ ਦੀ ਦ੍ਰਿਸ਼ਟੀ ਤੋਂ ਇਹਨਾਂ ਰੀਤੀ ਰਿਵਾਜਾਂ ਦਾ ਮਹੱਤਵ ਬਹੁਤ ਗੌਣ ਹੁੰਦਾ ਹੈ ਪਰ ਉਸ ਪਰਿਵਾਰ ਦੇ ਦ੍ਰਿਸ਼ਟੀਕੋਣ ਤੋਂ ਪੀੜ੍ਹੀਆਂ ਤੋਂ ਚੱਲੀ ਆ ਰਹੀ ਉਸ ਪ੍ਰੰਪਰਾ ਨੂੰ ਨਿਭਾਉਣ ਦੀ ਖ਼ਿਲਾਫ਼ਤ ਕਿਸੇ ਅਣਹੋਣੀ ਦੇ ਸ਼ੱਕ ਨੂੰ ਜਨਮ ਦਿੰਦੀ ਹੈ। ਭਾਵਨਾਤਮਕ ਜੁੜਾਅ ਕਰਕੇ ਵੀ ਪਰਿਵਾਰ ਅਸਾਨੀ ਨਾਲ

ਇਹਨਾਂ ਨੂੰ ਛੱਡਣ ਲਈ ਤਿਆਰ ਨਹੀਂ ਹੁੰਦੇ। ਉਸ ਪਰਿਵਾਰ ਜਾਂ ਸਮਾਜ ਲਈ ਇਹ ਗੌਰਵ ਦਾ ਸਵਾਲ ਬਣ ਜਾਂਦਾ ਹੈ।

ਅਸਲ ਵਿੱਚ ਸੱਭਿਆਚਾਰ (ਰੀਤੀ-ਰਿਵਾਜ) ਦੇ ਸੰਦਰਭ ਵਿੱਚ ਇਹ ਗੱਲ ਸੱਚ ਹੈ ਕਿ ਸਮਾਜ ਜਾਂ ਪਰਿਵਾਰ ਨਾਲ ਇਹਨਾਂ ਦਾ ਰਿਸ਼ਤਾ ਲਹੂ-ਮਾਸ ਵਰਗਾ ਹੁੰਦਾ ਹੈ। ਜੇ ਜਬਰਦਸਤੀ ਉਹਨਾਂ ਚੋਂ ਕਿਸੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਸਬੰਧਤ ਵਿਅਕਤੀ ਜਾਂ ਸਮਾਜ ਪੀੜਤ ਜਿਹਾ ਮਹਿਸੂਸ ਕਰਦਾ ਹੈ। ਜ਼ੋਰ-ਜ਼ਬਰਦਸਤੀ ਪੁਰਾਣੇ ਰੀਤੀ ਰਿਵਾਜਾਂ ਵਿੱਚ ਨਵੀਂ ਜਾਨ ਫੂਕਣ ਦਾ ਕੰਮ ਕਰਦੀ ਹੈ। ਸਮਾਜ ਹੋਰ ਮਜ਼ਬੂਤੀ ਨਾਲ ਉਸ ਨਾਲ ਜੁੜਨ ਦੀ ਕੋਸ਼ਿਸ਼ ਕਰਦਾ ਹੈ। ਜੇ ਇਹਨਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇ, ਤਾਂ ਸਮੇਂ ਨਾਲ ਇਹਨਾਂ ਵਿੱਚ ਬਦਲਾਅ ਆਉਂਦੇ ਰਹਿੰਦੇ ਹਨ। ਪੁਰਾਣੀਆਂ ਪ੍ਰੰਪਰਾਵਾਂ ਅਤੇ ਰੀਤੀ ਰਿਵਾਜਾਂ ਦਾ ਸਥਾਨ ਨਵੀਆਂ ਪ੍ਰੰਪਰਾਵਾਂ ਅਤੇ ਰੀਤੀ ਰਿਵਾਜ ਲੈ ਲੈਂਦੇ ਹਨ।

ਕੁਝ ਉਦਾਹਰਨ ਦੇਖਦੇ ਹਾਂ। ਸਮਾਜ ਹਮੇਸ਼ਾਂ ਤੋਂ ਹੀ ਅੰਤਰਜਾਤੀ ਜਾਂ ਅੰਤਰ ਧਾਰਮਿਕ ਵਿਆਹ ਦਾ ਵਿਰੋਧੀ ਰਿਹਾ ਹੈ। ਇੱਜ਼ਤ ਖਾਤਰ ਹੱਤਿਆਵਾਂ ਸਾਡੇ ਸਮਾਜ ਦੀ ਕੌੜੀ ਸੱਚਾਈ ਹੈ। ਪਰ ਮੌਤ ਦਾ ਡਰ ਵੀ ਨੌਜਵਾਨਾਂ ਨੂੰ ਪ੍ਰੇਮ ਕਰਨ ਤੋਂ ਰੋਕ ਨਹੀਂ ਸਕਿਆ। ਅੰਤਰਜਾਤੀ ਵਿਆਹਾਂ ਦਾ ਚਲਨ ਵੱਧਦਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਸੈਂਕੜੇ ਉਦਾਹਰਨ ਹਨ। ਲੜਕੀਆਂ ਦੀ ਜੀਨਜ ਮਹਾਨਗਰਾਂ ਤੋਂ ਸ਼ੁਰੂ ਹੋ ਕੇ ਛੋਟੇ ਸ਼ਹਿਰਾਂ ਵਿੱਚ ਦੀ ਹੁੰਦੇ ਹੋਏ ਪਿੰਡ ਵਿਚ ਪਹੁੰਚ ਰਹੀ ਹੈ। ਘੁੰਡ ਕੱਢਣਾ ਦੇਸ਼ ਦੇ ਕੁਝ ਪੇਂਡੂ ਖੇਤਰਾਂ ਤੱਕ ਹੀ ਸੀਮਤ ਹੋ ਗਿਆ ਹੈ। ਜਗੀਰੂ ਸੋਚ ਦੇ ਚਲਦਿਆਂ ਜੀਨਜ ਦਾ ਵਿਰੋਧ ਜਾਂ ਘੁੰਡ ਦਾ ਸਮਰਥਨ ਨਾ ਜੀਨਜ ਨੂੰ ਰੋਕ ਸਕਿਆ, ਨਾ ਘੁੰਡ ਨੂੰ।

ਇਤਿਹਾਸ ਵਿਚ ਬਹੁਤ ਤਾਨਾਸ਼ਾਹਾਂ ਨੇ ਜਨਤਾ ਦੇ ਖਾਣ-ਪੀਣ, ਪਹਿਰਾਵੇ ਜਾਂ ਰੀਤੀ ਰਿਵਾਜਾਂ ਨੂੰ ਕੰਟਰੋਲ ਕਰਨ ਦੇ ਯਤਨ ਕੀਤੇ। ਪਰ ਹਰ ਵਾਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ। ਵੈਲੇਨਟਾਈਨ ਡੇ ਇਸ ਤਰ੍ਹਾਂ ਦੇ ਹੀ ਇਕ ਤਾਨਾਸ਼ਾਹ ਦੁਆਰਾ ਪਿਆਰ ਸ਼ਾਦੀ ਨੂੰ ਕੰਟਰੋਲ ਕਰਨ ਦੇ ਕੂੜ-ਯਤਨਾਂ ਦੇ ਖ਼ਿਲਾਫ਼ ਇਕ ਪਾਦਰੀ ਦੇ ਵਿਦਰੋਹ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਵੱਖਰੀ ਗੱਲ ਹੈ ਕਿ ਅੱਜ ਇਹ ਬਜ਼ਾਰ ਦੀਆਂ ਸ਼ਕਤੀਆਂ ਦੇ ਹੱਥ ਆ ਗਿਆ ਹੈ।

ਹਿਜ਼ਾਬ ਨੂੰ ਸਾਨੂੰ ਇਸੇ ਪਿਛੋਕੜ ਤੋਂ ਸਮਝਣ ਦੀ ਲੋੜ ਹੈ। ਪੂਰਾ ਸਮਾਜ ਹਿਜ਼ਾਬ ਨੂੰ ਲੈ ਕੇ ਦੋ-ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਕੁਝ ਇਸਦੇ ਵਿਰੋਧ ਵਿੱਚ ਹਨ, ਕੁਝ ਪੱਖ ਵਿੱਚ। ਹਾਲਾਂਕਿ ਜੋ ਲੋਕ ਵਿਰੋਧ ਕਰ ਰਹੇ ਹਨ। ਉਹ ਕਿਸੇ ਇੱਕ ਸਾਂਝੇ ਕਾਰਨ ਕਰਕੇ ਵਿਰੋਧ ਨਹੀਂ ਕਰ ਰਹੇ। ਇਸੇ ਤਰ੍ਹਾਂ ਇਸਦੇ ਹੱਕ ਵਿਚ ਭੁਗਤਣ ਵਾਲਿਆਂ ਦਾ ਵੀ ਇਕ ਸਾਂਝਾ ਕਾਰਨ ਨਹੀਂ ਹੈ।

ਕਰਨਾਟਕ ਦੇ ਇੱਕ ਸਕੂਲ ਤੋਂ ਸ਼ੁਰੂ ਹੋਇਆ ਇਹ ਵਿਵਾਦ ਪੂਰੇ ਕਰਨਾਟਕ ਵਿੱਚ ਫੈਲ ਗਿਆ ਹੈ। ਫਿਰ ਸਾਰੇ ਦੇਸ਼ ਵਿੱਚ ਮੁੱਦਾ ਬਣ ਗਿਆ। ਬਜਰੰਗ ਦਲ ਜਾਂ ਹੋਰ ਹਿੰਦੂਤਵੀ ਸੰਗਠਨਾਂ ਦੁਆਰਾ ਹਿਜ਼ਾਬ ਦਾ ਵਿਰੋਧ, ਕੋਈ ਮਹਿਲਾ ਵਿਰੋਧੀ ਰੀਤੀ-ਰਿਵਾਜ ਦੀ ਖਿਲਾਫ਼ਤ ਕਰਨਾ ਨਹੀਂ ਹੈ। ਉਹ ਸਮਾਜ ਵਿੱਚੋਂ ਹਰ ਤਰ੍ਹਾਂ ਦੇ ਅਜਿਹੇ ਪ੍ਰਤੀਕਾਂ ਨੂੰ ਖ਼ਤਮ ਕਰਨ ਉੱਪਰ ਉਤਾਰੂ ਹਨ ਅਤੇ ਹਰ ਉਸ ਪ੍ਰਤੀਕ ਦੇ ਪ੍ਰਤੀ ਅਪਮਾਨਜਨਕ ਰਵੱਈਆ ਅਪਣਾ ਰਹੇ ਹਨ ਜੋ ਕਿਸੇ ਵੀ ਰੂਪ ਵਿਚ ਮੁਸਲਿਮ ਸਮਾਜ ਨਾਲ ਜੁੜਿਆ ਹੋਇਆ ਹੈ।

ਕੁਝ ਪ੍ਰਗਤੀਸ਼ੀਲ ਲੋਕ ਹਿਜ਼ਾਬ ਦਾ ਵਿਰੋਧ ਕਰ ਰਹੇ ਹਨ, ਕਿਉਂਕਿ ਇਹ ਔਰਤ ਦੇ ਜਗੀਰੂ ਸ਼ੋਸ਼ਣ ਦੇ ਪ੍ਰਤੀਕਾਂ ਵਿੱਚੋਂ ਇੱਕ ਹੈ। ਕੁਝ ਬੋਨਸਾਈ ਕਿਸਮ ਦੇ ਪ੍ਰਗਤੀਸ਼ੀਲ ਜਾਂ ਉਦਾਰਵਾਦੀ ਹਿਜ਼ਾਬ ਦਾ ਵਿਰੋਧ ਕਰ ਰਹੇ ਹਨ, ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਜੇ ਮਲਾਲਾ ਜਿਹੀ ਔਰਤ ਮੁਸਲਿਮ ਦੇਸ਼ ਵਿਚ ਹਿਜ਼ਾਬ ਦਾ ਵਿਰੋਧ ਕਰ ਸਕਦੀ ਹੈ, ਤਾਂ ਭਾਰਤ ਵਿਚ ਕਿਉਂ ਨਹੀਂ।

ਇਸੇ ਤਰ੍ਹਾਂ ਹੀ ਹਿਜ਼ਾਬ ਪੱਖੀਆਂ ਦੇ ਕਾਰਨ ਵੀ ਅਲੱਗ-ਅਲੱਗ ਹਨ। ਲੜਕੀਆਂ ਇਸਦੇ ਹੱਕ ਵਿਚ ਖੜ੍ਹੀਆਂ ਹਨ ਕਿਉਂਕਿ ਕੱਲ੍ਹ ਤੱਕ ਜੋ ਲਿਬਾਸ ਉਹਨਾਂ ਦੇ ਸਰੀਰ ਦੇ ਹਿੱਸੇ ਜਿਹਾ ਸੀ ਉਸ ਤੋਂ ਅਲੱਗ ਹੋਣਾ ਉਹਨਾਂ ਲਈ ਬੇਹੱਦ ਅਜੀਬ ਹੈ। ਮੁਸਲਿਮ ਕੱਟੜਪੰਥੀ ਇਹਦੇ ਹੱਕ ਵਿਚ ਖੜ੍ਹੇ ਹਨ, ਕਿਉਂਕਿ ਉਹ ਔਰਤ ਨੂੰ ਉਸੇ ਜਗੀਰੂ ਗ਼ੁਲਾਮੀ ਵਾਲੀ ਹਾਲਤ ਵਿਚ ਲੈ ਕੇ ਜਾਣਾ ਚਾਹੁੰਦੇ ਹਨ ਜਿੱਥੋਂ ਉਹ ਬਹੁਤ ਸੰਘਰਸ਼ ਕਰਕੇ ਅੱਗੇ ਵਧ ਆਈ ਹੈ।

ਅਜਿਹੀ ਸਥਿਤੀ ਵਿੱਚ ਸਹੀ ਦ੍ਰਿਸ਼ਟੀਕੋਣ ਕੀ ਹੋਵੇ ?

ਜਿਵੇਂ ਪਹਿਲਾਂ ਲਿਖਿਆ ਜਾ ਚੁੱਕਿਆ ਹੈ ਕਿ ਸੱਭਿਆਚਾਰਕ ਮਸਲਿਆਂ, ਰੀਤੀ-ਰਿਵਾਜਾਂ, ਪਹਿਰਾਵੇ ਅਤੇ ਖਾਣ-ਪੀਣ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਗਲਤ ਹਨ। ਇਹਨਾਂ ਮਾਮਲਿਆਂ ਵਿੱਚ ਕਿਸੇ ਤਰ੍ਹਾਂ ਦੀ ਜ਼ੋਰ-ਜ਼ਬਰਦਸਤੀ ਸਹਿਣ ਨਹੀਂ ਕੀਤੀ ਜਾ ਸਕਦੀ। ਜੇ ਕੋਈ ਕਿਸੇ ਮੁਸਲਿਮ ਔਰਤ ਨੂੰ ਜ਼ਬਰਦਸਤੀ ਹਿਜ਼ਾਬ ਪਹਿਨਾਉਣਾ ਚਾਹੁੰਦਾ ਹੈ ਤਾਂ ਉਹ ਵੀ ਉੱਨਾ ਹੀ ਬੁਰਾ ਹੈ, ਜਿੰਨਾ ਉਸ ਔਰਤ ਦੇ ਸਿਰ ਤੋਂ ਜ਼ਬਰਦਸਤੀ ਹਿਜ਼ਾਬ ਉਤਾਰਨਾ। ਅਫਗਾਨਿਸਤਾਨ ਵਿਚ ਬੁਰਕਾ ਅਤੇ ਹਿਜ਼ਾਬ ਪਹਿਨਾਉਣ ਲਈ ਜ਼ਬਰਦਸਤੀ ਕੀਤੀ ਜਾ ਰਹੀ ਹੈ। ਇਸ ਲਈ ਇਹ ਗਲਤ ਹੈ, ਗ਼ੈਰ-ਜ਼ਰੂਰੀ ਹੈ। ਹਰ ਪੱਧਰ ਉੱਪਰ ... **ਬਾਕੀ ਪੰਨਾ 50 'ਤੇ**

'ਦੇਵ ਪੁਰਸ਼ਾਂ' ਦੇ 'ਕਾਲੇ' ਕਾਰਨਾਮੇ

ਕਾਨਪੁਰ : ਪ੍ਰਖਰ ਜੀ ਮਹਾਰਾਜ ਦੇ ਖਿਲਾਫ਼ ਬਲਾਤਕਾਰ ਕਰਨ ਦੀ ਰਿਪੋਰਟ ਦਰਜ : ਪ੍ਰਖਰ ਪ੍ਰੋਪਕਾਰ ਮਿਸਨ ਦੇ ਸੰਸਥਾਪਕ ਅਤੇ ਨਿਰਵਾਣੀ ਅਖਾੜੇ ਦੇ ਪ੍ਰਖਰ ਜੀ 'ਮਹਾਰਾਜ' ਦੇ ਖਿਲਾਫ਼ ਇੱਕ ਨੌਜਵਾਨ ਲੜਕੀ ਨਾਲ ਸੰਬੰਧਤ ਇਹ ਰਿਪੋਰਟ ਦਰਜ ਕੀਤੀ ਗਈ ਹੈ। ਇਸ ਸੰਬੰਧ ਵਿਚ ਲੜਕੀ ਦੀ ਮਾਂ ਨੇ ਆਸ਼ਾ ਜਯੋਤੀ ਕੇਂਦਰ ਦੇ ਵਨ ਸਟਾਪ ਸੈਂਟਰ ਵਿਚ ਰਾਜ ਔਰਤ ਕਮਿਸ਼ਨ ਦੀ ਮੈਂਬਰ ਪੂਨਮ ਕਪੂਰ ਨੂੰ ਇਹ ਸ਼ਿਕਾਇਤ ਕੀਤੀ ਹੈ। ਉਸ ਦੇ ਹੁਕਮ 'ਤੇ ਪੁਲਿਸ ਨੇ ਰਿਪੋਰਟ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। (**ਅਮਰ ਉਜਾਲਾ, 6 ਅਪਰੈਲ** 2022)

ਸਮਰੱਥ ਤ੍ਰਿਪਾਠੀ ਉਰਫ ਸੀਤਾ ਰਾਮ ਦਾਸ ਮਹਾਰਾਜ ਨੇ ਸ਼ਰਾਬ ਪੀ ਕੇ ਕੀਤਾ ਬਲਾਤਕਾਰ : ਇਸ ਢੌਂਗੀ ਨੇ ਆਪਣੇ ਤਿੰਨ ਸਾਥੀਆਂ ਨਾਲ ਮਿਲਕੇ ਇਕ ਨਾਬਾਲਗ ਨੌਜਵਾਨ ਲੜਕੀ ਨੂੰ ਜ਼ਬਰੀ ਸ਼ਰਾਬ ਪਿਲਾ ਕੇ ਉਸ ਨਾਲ ਬਲਾਤਕਾਰ ਕੀਤਾ। ਰੀਵਾ ਦੇ ਅਧਿਕਾਰੀ ਇਸ ਨੂੰ ਵੀ.ਆਈ.ਪੀ. ਟਰੀਟਮੈਂਟ ਦਿੰਦੇ ਰਹੇ ਹਨ। ਇਹ ਮਹੰਤ ਸਰਕਟ ਹਾਊਸ ਵਿਖੇ ਰਾਮ ਕਥਾ ਪਾਠ ਕਰਨ ਗਿਆ ਸੀ।

ਬਲਾਤਕਾਰ ਦੇ ਦੋਸ਼ੀ ਗ੍ਰੰਥੀ ਨੂੰ 25 ਸਾਲ ਕੈਦ :

ਕੈਥਲ : ਦੋ ਨਾ-ਬਾਲਗ ਵਿਦਿਆਰਥਣਾਂ ਨਾਲ ਬਲਾਤਕਾਰ ਦੇ ਦੋਸ਼ੀ ਗ੍ਰੰਥੀ ਨੂੰ ਅਦਾਲਤ ਨੇ 25 ਸਾਲ ਦੀ ਕੈਦ ਅਤੇ ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਹ ਵਿਦਿਆਰਥਣਾਂ 9 ਅਤੇ 10 ਸਾਲ ਦੀਆਂ ਸਨ। ਚਾਰ ਫਰਵਰੀ 2019 ਨੂੰ ਜਸਵੀਰ ਸਿੰਘ ਨਾਮ ਦੇ ਇਸ ਗ੍ਰੰਥੀ ਨੇ ਗੁਰਦੁਵਾਰੇ ਵਿੱਚ ਹੀ ਦੋਵਾਂ ਬੱਚਿਆਂ ਨਾਲ ਇਹ ਬਲਾਤਕਾਰ ਕੀਤੇ। ਪੰਜ ਲੋਕਾਂ ਦੀ ਗਵਾਹੀ ਦੇ ਆਧਾਰ 'ਤੇ ਕੋਰਟ ਨੇ ਇਸ ਨੂੰ ਦੋਸ਼ੀ ਪਾਇਆ ਅਤੇ ਇਸ ਸੰਬੰਧ ਵਿਚ ਕੋਰਟ ਨੇ 48 ਪੰਨਿਆਂ ਦਾ ਫੈਸਲਾ ਲਿਖਿਆ ਹੈ। ਇਹ ਬੱਚੇ ਇੱਥੇ ਪੜ੍ਹਣ ਆਉਂਦੇ ਸਨ ਅਤੇ ਇੱਕ ਸੰਸਥਾ ਵੱਲੋਂ ਇੱਥੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਸੀ। **ਅਮਰ ਉਜਾਲਾ** (**5 ਮਾਰਚ** 2022)

ਤਾਂਤ੍ਰਿਕ ਪਤੀ ਨੇ 6 ਮਹੀਨੇ ਕੈਦ ਵਿਚ ਰੱਖਿਆ : ਕੱਪੜੇ ਨਹੀਂ ਪਹਿਨਣ ਦਿੰਦਾ ਸੀ : ਗਲਤ ਹਰਕਤਾਂ ਕਰਦਾ ਸੀ......ਫਿਰ ਵੀ ਬੇਟਾ ਨਾ ਹੋਇਆ ਤਾਂ ਦੇ ਦਿੱਤਾ ਤਲਾਕ:

ਮੇਰਠ ਵਿਚ ਇਕ ਤ੍ਰਾਂਤਿਕ ਨੇ ਅਜਿਹਾ ਕੁੱਝ ਕੀਤਾ। ਹਰ ਦਿਨ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿੱਤੇ। ਜਦ ਬੇਟੀ ਪੈਦਾ ਹੋ ਗਈ ਤਾਂ ਤਲਾਕ ਦੇ ਕੇ ਘਰੋਂ ਕੱਢ ਦਿੱਤਾ। ਉਹ ਹੈਵਾਨੀਅਤ ਨਾਲ ਹਰ ਦਿਨ ਜ਼ੁਲਮ ਢਾਹੁੰਦਾ ਸੀ। ਪਤਨੀ ਦੇ ਕੱਪੜੇ ਉਤਾਰ ਕੇ ਉਸਨੂੰ ਕੁੱਟਦਾ ਅਤੇ ਕਹਿੰਦਾ ਕਿ ਬੇਟਾ ਹੀ ਪੈਦਾ ਹੋਣਾ ਚਾਹੀਦਾ। ਉਸਨੇ ਉਸ 'ਤੇ ਬਹੁਤ ਸਾਰੀਆਂ ਤੰਤਰ-ਮੰਤਰ ਕਿਰਿਆਵਾਂ ਕੀਤੀਆ। ਕਮਰੇ ਵਿਚ ਰਾਤ ਨੂੰ ਤਿੰਨ-ਤਿੰਨ ਘੰਟੇ ਖੜ੍ਹੇ ਰਹਿਣ ਦੀ ਸਜ਼ਾ ਦਿੰਦਾ। 6 ਮਹੀਨੇ ਤੱਕ ਕਮਰੇ ਵਿੱਚ ਕੈਦ ਰੱਖਿਆ।

ਦੋ ਔਰਤਾਂ ਨਾਲ ਜਿਸਮਾਨੀ ਛੇੜ ਛਾੜ ਕਰਨ ਵਾਲਾ ਚਰਚ ਮੁਖੀ ਪਦ ਤੋਂ ਹਟਾਇਆ:

ਸਿਡਨੀ : ਆਸਟਰੇਲੀਆ ਦੇ ਹਿਲਸਾਗ ਚਰਚ ਨੇ ਆਪਣੇ ਸੰਸਥਾਪਕ ਅਤੇ ਪ੍ਰਮੁੱਖ ਬ੍ਰਾਊਨ ਨੂੰ ਲਗਾਤਾਰ ਅਸ਼ਲੀਲ ਹਰਕਤਾਂ ਦੇ ਦੋਸ਼ ਵਿਚ ਅਸਤੀਫਾ ਲੈ ਕੇ ਪਦ ਤੋਂ ਹਟਾ ਦਿੱਤਾ। ਉਸ ਦੇ ਪਿਤਾ ਵੱਲੋਂ 70 ਦੇ ਦਹਾਕੇ ਵਿਚ ਕੀਤੇ ਗਏ ਯੌਨ-ਸ਼ੋਸਣ ਨੂੰ ਛਪਾਉਣ ਦਾ ਅਪਰਾਧਕ ਦੋਸ਼ ਵੀ ਬ੍ਰਾਊਨ 'ਤੇ ਲੱਗਿਆ ਹੈ। ਲਗਭਗ ਇਕ ਦਹਾਕਾ ਪਹਿਲਾਂ ਉਸ ਨੇ ਚਰਚ ਦੀ ਇੱਕ ਔਰਤ ਸਟਾਫ ਮੈਂਬਰ ਨੂੰ ਅਸ਼ਲੀਲ ਐਸ.ਐਮ.ਐਸ ਵੀ ਭੇਜਿਆ ਸੀ ਜਿਸ ਕਰਕੇ ਉਸ ਔਰਤ ਨੇ ਚਰਚ ਛੱਡ ਦਿੱਤਾ ਸੀ। 2019 ਵਿਚ ਚਰਚ ਦੀ ਕਾਨਫਰੰਸ ਦੇ ਬਾਅਦ ਬਰਾਊਨ ਨੇ ਇਕ ਅਣਜਾਣ ਔਰਤ ਨੂੰ ਹੋਟਲ ਦੇ ਕਮਰੇ ਵਿਚ ਲਿਜਾ ਕੇ ਕੁੱਝ ਸਮਾਂ ਬਿਤਾਇਆ। ਚਰਚ ਨੇ ਉਸ ਦਾ ਬਚਾਅ ਕੀਤਾ ਕਿ ਉਹ ਨਸ਼ੇ ਦੀ ਹਾਲਤ ਵਿਚ ਸੀ। ਬਾਅਦ ਵਿਚ ਚਰਚ ਨੂੰ ਮੰਨਣਾ ਪਿਆ ਕਿ ਬਰਾਊਨ ਦਾ ਆਚਰਣ ਗਲਤ ਸੀ।

ਅਮਰ ਉਜਾਲਾ (24-03-2022)

ਬੱਚੀ ਨਾਲ ਯੌਨ-ਸ਼ੋਸਣ ਦੇ ਦੋਸ਼ੀ ਤਾਂਤ੍ਰਿਕ ਨੂੰ 20 ਸਾਲ ਦੀ ਕੈਦ:

ਸੋਨੀਪਤ: ਪੀੜਤਾ ਦੀ ਮਾਂ ਆਪਣੇ ਘਰ ਦਾ ਕਲੇਸ਼ ਮਿਟਵਾਉਣ ਲਈ ਤਾਂਤ੍ਰਿਕ ਕੋਲ ਜਾਂਦੀ ਸੀ। ਮਾਂ 12 ਸਾਲ ਦੀ ਬੱਚੀ ਨੂੰ ਨਾਲ ਲੈ ਕੇ ਤਾਂਤ੍ਰਿਕ ਕੋਲ ਗਈ ਸੀ। **ਅਮਰ ਉਜਾਲਾ**

... **ਪੰਨਾ 1 ਦਾ ਬਾਕੀ** ਬੁਲਡੋਜਰ ਚਲਾਏ ਜਾ ਰਹੇ ਹਨ। ਮੁਲਕ ਦੀ ਤਸਵੀਰ ਦਾ ਦੂਸਰਾ ਪਾਸਾ-ਮਹਿੰਗਾਈ ਸਿਖਰਾਂ 'ਤੇ, ਲੱਖਾਂ ਨੌਕਰੀਆਂ ਖ਼ਤਮ, ਜਨਤਕ ਸਿੱਖਿਆ-ਸਿਹਤ ਸਹੂਲਤਾਂ ਖ਼ਤਮ। ਇਸ ਸਭ ਕੁਝ ਨੂੰ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵਿਚ ਪ੍ਰਬੰਧ ਦੀ ਅਸਫਲਤਾ ਨੂੰ ਢਕਣ ਲਈ ਅਤੇ ਪੂੰਜੀਵਾਦ ਦੀ ਦਨਦਨਾਹਟ ਨੂੰ ਹੋਰ ਸਿਖਰਾਂ ਸੌਂਪਣ ਲਈ ਫਿਰਕੂ ਜਹਿਰ ਵਧਾ ਕੇ ਮੁਲਕ ਨੂੰ ਫਿਰਕੂ ਦੰਗਿਆਂ ਵਿਚ ਝੋਕਣ ਦੀ ਤਿਆਰੀ ਨੂੰ ਸਮਝਦਿਆਂ ਆਓ ਅਸੀਂ ਇਸ ਦਾ ਡਟਵਾਂ ਵਿਰੋਧ ਕਰਦਿਆਂ ਜਨਤਾ ਨੂੰ ਸਿਖਿਅਤ ਕਰੀਏ। - **ਬਲਬੀਰ ਲੌਂਗੋਵਾਲ**

ਨੌਜਵਾਨ/ਵਿਦਿਆਰਥੀ ਮੰਚ

ਤੁਹਾਨੂੰ ਪੜ੍ਹਦਿਆਂ ਕਿਹੜੀ ਕਿਤਾਬ ਪਸੰਦ ਆਈ ਅਤੇ ਕਿਉਂ ?

ਮੈਨੂੰ ਪੜ੍ਹਦਿਆਂ ਪ੍ਰਸਿੱਧ ਨਾਵਲਕਾਰ ਅਤੇ ਕਹਾਣੀ ਲੇਖਿਕਾ ਦਲੀਪ ਕੌਰ ਟਿਵਾਣਾ ਦੀ ਰਚਨਾ 'ਏਹੁ ਹਮਾਰਾ ਜੀਵਣਾ' ਬਹੁਤ ਪਸੰਦ ਆਈ।

ਇਹ ਨਾਵਲ 1968 ਵਿਚ ਇੱਕ ਤਰ੍ਹਾਂ ਨਾਲ ਔਰਤ ਦੀ ਸਥਿਤੀ ਨੂੰ ਦਰਸਾਉਂਦਾ ਹੈ, ਕਿ ਕਿਵੇਂ ਆਜ਼ਾਦੀ ਦੇ ਲਗਭਗ 20 ਸਾਲਾਂ ਬਾਅਦ ਵੀ ਔਰਤ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਹੋਈ ਹੈ। ਭਾਨੋ ਉਹਨਾਂ ਔਰਤਾਂ ਦੀ ਪ੍ਰਤੀਨਿਧ ਪਾਤਰ ਹੈ, ਜਿਨ੍ਹਾਂ ਨੂੰ ਇੱਕ ਵਸਤੂ ਸਮਝ ਕੇ ਕੁੱਝ ਪੈਸਿਆਂ ਲਈ ਵੇਚ ਦਿੱਤਾ ਜਾਂਦਾ ਹੈ, ਅਤੇ ਫਿਰ ਕੁੱਝ ਪੈਸਿਆਂ ਬਦਲੇ ਔਰਤ ਨੂੰ ਖਰੀਦਣ ਵਾਲੇ ਸਰਵਣ ਵਰਗੇ ਕਿਵੇਂ ਪਤੀ ਦਾ ਦਰਜਾ ਪਾ ਲੈਂਦੇ ਹਨ। ਸਰਵਣ ਦੀ ਮੌਤ ਤੋਂ ਬਾਅਦ ਭਾਨੋ ਫਿਰ ਦੋ ਡਰਾਂ ਵਿਚ ਘਿਰਦੀ ਹੈ—ਸਰਵਣ ਦੇ ਭਰਾਵਾਂ ਦਾ ਡਰ, ਆਪਣੇ ਹੀ ਪਿਉ ਵੱਲੋਂ ਭਾਨੋ ਨੂੰ ਫਿਰ ਤੋਂ ਵੇਚਣ ਦੀ ਸਾਜਿਸ਼। ਮਰਨ ਤੋਂ ਸਿਵਾਏ ਹੋਰ ਕੋਈ ਚਾਰਾ ਨਾ ਸਮਝਦੀ ਉਹ ਇੱਧਰ ਨੂੰ ਵਧਦੀ ਹੈ, ਨਰੈਣ ਉਸ ਨੂੰ ਬਚਾਉਂਦਾ ਹੈ ਅਤੇ ਫਿਰ ਪਤਨੀ ਦਾ ਦਰਜਾ ਦਿੰਦਾ, ਸੋ ਇਹ ਨਾਵਲ ਔਰਤ ਦੀ ਸਮਾਜਿਕ ਹਾਲਤ ਅਤੇ ਪੀੜਾ ਦਾ ਵਰਨਣ ਹੈ।



ਮਹਿਕ ਦੁੱਗਲ
ਰਾਮਗੜ੍ਹੀਆ ਕਾਲਜ
ਆਫ ਐਜੂਕੇਸ਼ਨ, ਫਗਵਾੜਾ

*** ਮੈਨੂੰ ਪੜ੍ਹਦਿਆਂ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ' ਚੰਗਾ ਲੱਗਿਆ।**

ਇਸ ਨਾਵਲ ਦੀ ਕਹਾਣੀ ਜਗਸੀਰ ਨਾਮ ਦੇ ਇੱਕ ਦਲਿਤ ਪਾਤਰ ਦੁਆਲੇ ਘੁੰਮਦੀ ਹੈ। ਉਹ ਇੱਕ ਸੋਹਣਾ ਗੱਭਰੂ ਹੈ ਜੋ ਕਿ ਅੰਤ ਵਿਚ ਨਸ਼ੇ ਵਿਚ ਪੈ ਜਾਂਦਾ ਹੈ। ਅਤੇ ਆਪਣੇ ਮਨ ਵਿਚਲੇ ਪਿਆਰ ਦੇ ਭਾਵ ਨੂੰ ਕਦੇ ਵੀ ਸਾਹਮਣੇ ਨਹੀਂ ਲਿਆ ਸਕਿਆ। ਜਗਸੀਰ ਦੇ ਪਿਉ ਨੇ ਸਾਰੀ ਉਮਰ ਧਰਮ ਸਿੰਘ ਦੇ ਖੇਤਾਂ ਵਿਚ ਮਿੱਟੀ ਨਾਲ ਮਿੱਟੀ ਹੁੰਦਿਆਂ ਲੰਘਾ ਦਿੱਤੀ। ਪਿਉ ਦੀ ਮੌਤ ਤੋਂ ਬਾਅਦ ਜਗਸੀਰ ਵੀ ਇਹੀ ਕੰਮ ਕਰਨ ਲੱਗਿਆ। ਭੰਤ (ਧਰਮ ਸਿੰਘ ਦਾ ਪੁੱਤਰ) ਜਗਸੀਰ ਦੀ ਟਾਹਲੀ ਵੱਢ ਦਿੰਦਾ ਜਿਸ ਦੇ ਹੇਠਾਂ ਜਗਸੀਰ ਦੇ ਪਿਉਂ ਦੀ ਮੜ੍ਹੀ ਬਣੀ ਹੋਈ ਸੀ। ਜਗਸੀਰ ਭਾਨੀ ਨੂੰ ਨਾ ਪ੍ਰਗਟਾਇਆ ਮਨੋਂ ਪਿਆਰ ਕਰਦਾ ਹੈ। ਕਿਰਤੀਆਂ ਦੀ ਮਾੜੀ ਸਮਾਜਿਕ, ਆਰਥਿਕ ਹਾਲਤ ਦਾ ਇਸ ਨਾਵਲ ਵਿਚ ਬਿਲਕੁਲ ਸਹੀ ਵਰਨਣ ਹੈ। ਜਗਸੀਰ ਦੇ ਮਰਣ ਤੋਂ ਬਾਅਦ ਭਾਨੀ ਉਸ ਦੀ ਮੜ੍ਹੀ 'ਤੇ ਦੀਵਾ ਲਗਾਉਣ ਜਾਂਦੀ ਹੈ। ਜਾਤ ਦੇ ਅਧਾਰ 'ਤੇ ਸਮਾਜ ਕਿਵੇਂ ਬੰਦੇ ਨਾਲ ਵਿਵਹਾਰ ਕਰਦਾ ਹੈ, ਇਹ ਨਾਵਲ ਇਸ ਗੱਲੋਂ ਅੱਖਾਂ ਖੋਲ੍ਹਦਾ।




ਰੀਤੂ ਵਰਮਾ
ਬੀ ਐੱਡ, ਸਮੈਸਟਰ ਤੀਜਾ
ਰਾਮਗੜ੍ਹੀਆ ਕਾਲਜ
ਆਫ ਐਜੂਕੇਸ਼ਨ, ਫਗਵਾੜਾ

*** ਮੈਨੂੰ ਪੜ੍ਹਦਿਆਂ 'The Story of My Life' ਕਿਤਾਬ ਬਹੁਤ ਪਸੰਦ ਆਈ।**

'ਮੇਰੀ ਜੀਵਨ ਕਹਾਣੀ' ਦੀ ਲੇਖਿਕਾ ਹੈਲਨ ਕੈਲਰ (Helen Keller) ਇਕ ਅਮਰੀਕੀ ਲੇਖਿਕਾ ਸੀ। ਰਾਜਨੀਤਕ ਕਾਰਕੁੰਨ ਸੀ। ਕਿੱਤੇ ਵਜੋਂ ਲੈਕਚਰਰ ਦੇ ਪਦ ਤੱਕ ਪਹੁੰਚੀ। 19 ਮਹੀਨਿਆਂ ਦੀ ਉਮਰ ਵਿਚ ਉਸ ਦੀਆਂ ਅੱਖਾਂ ਦੀ ਨਿਗਾਹ ਅਤੇ ਸੁਨਣ ਸ਼ਕਤੀ ਚਲੀ ਗਈ ਸੀ। ਉਸ ਦੇ ਬਾਵਜੂਦ ਉਹ ਕਿਵੇਂ ਪੜ੍ਹ ਕੇ ਉੱਚ ਪਦ ਤੱਕ ਪਹੁੰਚੀ, ਇਹ ਕਿਤਾਬ ਉਸ ਦੇ ਇਸ ਸੰਘਰਸ਼ ਦਾ ਵਰਨਣ ਕਰਦੀ ਹੈ। ਇਹ ਬਹੁਤ Motivating (ਉਤਸਾਹਤ ਕਰਨ ਵਾਲੀ) ਕਿਤਾਬ ਹੈ। ਸਰੀਰਕ ਸਮੱਸਿਆਵਾਂ ਦੇ ਬਾਵਜੂਦ ਅਸੀਂ ਜੀਵਨ ਵਿਚ ਕਿਵੇਂ ਅੱਗੇ ਵਧ ਸਕਦੇ ਹਾਂ, ਉਸਦੀ ਗਾਥਾ ਹੈ। ਕਿਵੇਂ ਉਸਨੇ ਅੰਗਾਂ ਦੀ ਛੂਹ, ਬੁੱਲਾਂ ਦੀ ਭਾਸ਼ਾ (Lip Reading) ਅਤੇ ਇਸ਼ਾਰਿਆਂ ਨਾਲ ਸ਼ੁਰੂਆਤੀ ਦੌਰ ਵਿਚ ਸ਼ਬਦ ਸਿੱਖਣੇ ਸ਼ੁਰੂ ਕੀਤੇ। ਉਹ ਆਪਣੀ ਅਧਿਆਪਕਾ ਮਿਸ ਸੁਲੇਵਾਨ ਦਾ ਇਸ ਵਿਚ ਵੱਡਾ ਯੋਗਦਾਨ ਮੰਨਦੀ ਹੈ। ਹੈਲਨ ਕੈਲਰ ਆਖਦੀ ਹੈ :

ਮੈਨੂੰ ਅਨੋਖੇ ਮਿੱਤਰ ਡਾ. ਔਲਵਿਰ ਵੈਂਡੇਲ ਹੋਮਸ, ਜਾਨ ਗਰੀਨ ਲੀਫ ਵਿਹਟੀਅਰ, ਮਾਰਕ ਟਵੇਨ ਅਤੇ ਡਾ. ਅਲੈਗਜੈਂਡਰ ਗ੍ਰਾਹਮ ਮਿਲੇ। ਇਹਨਾਂ ਮੱਹਤਵਪੂਰਨ ਪੁਰਸ਼ਾਂ ਨੇ ਪ੍ਰੇਰਣਾ ਨਾਲ ਮੇਰੇ ਜੀਵਨ ਨੂੰ ਇੱਕ ਕਹਾਣੀ ਬਣਾਇਆ ਅਤੇ ਮੇਰੀਆਂ ਸੀਮਾਵਾਂ ਨੂੰ "ਵਿਸ਼ੇਸ਼ ਪ੍ਰਾਪਤੀਆਂ" ਵਿਚ ਬਦਲ ਦਿੱਤਾ।



ਕੋਮਲ ਵਰਮਾ
ਰਾਮਗੜ੍ਹੀਆ ਕਾਲਜ
ਆਫ ਐਜੂਕੇਸ਼ਨ, ਫਗਵਾੜਾ

ਖ਼ਬਰ ਹੈ ਕਿ

'ਕਿਸਮਤ' ਬਦਲਣ ਵਾਲੇ ਪੰਡਤ 'ਤੇ ਪਈ 'ਕੁੰਡੀ'

ਚੰਡੀਗੜ੍ਹ 13 ਮਾਰਚ (ਨਰਿੰਦਰ ਸਿੰਘ ਝਾਮਪੁਰ) ਇੱਕ ਜੋੜੇ ਨੇ ਆਪਣੇ ਮਾੜੇ ਸਮੇਂ ਵਿੱਚ ਟੀਵੀ ਉੱਤੇ ਇਸ਼ਤਿਹਾਰ ਦੇਖ ਕੇ ਇੱਕ ਜਾਣੇ ਪਛਾਣੇ ਪੰਡਤ ਦੁਆਰਾ ਬਣਾਈ ਗਈ ਆਪਣੇ ਪਰਿਵਾਰ ਦੀ ਕੁੰਡਲੀ ਪ੍ਰਾਪਤ ਕੀਤੀ ਸੀ। ਪੰਡਿਤ ਨੇ ਜਨਮ ਤਰੀਕ ਨੂੰ ਕੁੰਡਲੀ ਵਿੱਚ ਗਲਤ ਲਿਖਿਆ ਹੈ। ਇਸ ਸਬੰਧੀ ਪੀੜਤ ਪਰਿਵਾਰ ਨੇ ਪੰਡਤ ਦੀ ਗ੍ਰਾਹਕ ਸੇਵਾ ਕੇਂਦਰ ਵਿੱਚ ਕਈ ਵਾਰ ਸ਼ਿਕਾਇਤ ਕੀਤੀ ਪਰ ਕੋਈ ਹੱਲ ਨਾ ਹੋਣ ਕਾਰਨ ਉਨ੍ਹਾਂ ਜਿਲ੍ਹਾ ਖਪਤਕਾਰ ਫੋਰਮ ਦੀ ਸ਼ਰਨ ਲਈ। ਫੋਰਮ ਨੇ ਪੰਡਤ ਦੇ ਖਿਲਾਫ਼ ਫੈਸਲਾ ਸੁਣਾਇਆ ਹੈ। ਇਸ ਦੇ ਨਾਲ ਹੀ ਦੋਸ਼ੀ ਨੂੰ ਪਰਿਵਾਰ ਨੂੰ ਹੋਈ ਮਾਨਸਿਕ ਪ੍ਰੇਸ਼ਾਨੀ ਲਈ 10,000 ਰੁਪਏ ਅਤੇ ਕਾਨੂੰਨੀ ਚਾਰਾਜੋਈ ਲਈ 5,000 ਰੁਪਏ, ਕੁੰਡਲੀ ਲਈ 45,00 ਰੁਪਏ ਅਤੇ ਡਾਕ ਖਰਚ ਵਜੋਂ 100 ਰੁਪਏ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਉਸਨੂੰ ਇਹ ਭੁਗਤਾਨ 60 ਦਿਨਾਂ ਦੇ ਅੰਦਰ ਕਰਨਾ ਪਵੇਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਪੀੜਤ ਪਰਿਵਾਰ ਨੂੰ ਵਿਆਜ ਮਿਲੇਗਾ।

ਤੁਲਸੀ ਵਿਆਹ ਦੇ ਲਈ 5 ਲੱਖ ਦਾ ਚੰਦਾ ਇੱਕਠਾ ਕਰਕੇ ਭੱਜਿਆ ਮਹੰਤ :

ਉਚੈਨ ਦੇ ਪਿੰਡ ਚੁਰਾਰੀ ਗੁੱਜਰ ਦੇ ਲੋਕਾਂ ਨਾਲ ਆਸਥਾ ਦੇ ਨਾਮ ਹੇਠ ਧੋਖਾਧੜੀ ਹੋ ਗਈ। ਪਿੰਡ ਦੇ ਸੀਤਾ ਰਾਮ ਮੰਦਿਰ ਦਾ ਮਹੰਤ ਭਾਗਵਤ ਕਥਾ ਅਤੇ ਤੁਲਸੀ ਵਿਆਹ ਪ੍ਰੋਗਰਾਮ ਲਈ ਲੋਕਾਂ ਤੋਂ ਪੰਜ ਲੱਖ ਰੁਪਏ ਚੰਦਾ ਇਕੱਠਾ ਕਰਕੇ ਫਰਾਰ ਹੋ ਗਿਆ। **ਦੈਨਿਕ ਭਾਸਕਰ** (10-02-2022)

ਵੱਡੇ ਹਨੂੰਮਾਨ ਮੰਦਿਰ ਵਿੱਚੋਂ ਚੋਰਾਂ ਨੇ ਚੋਰੀ ਕੀਤੀਆਂ ਅੱਖਾਂ:

ਜਬਲਪੁਰ ਲਾਗੇ ਬਿਲਹਰੀ ਦੇ ਵੱਡੇ ਹਨੂੰਮਾਨ ਮੰਦਿਰ ਵਿੱਚੋਂ ਚੋਰਾਂ ਨੇ ਮੂਰਤੀ ਦੀਆਂ ਅੱਖਾਂ ਹੀ ਚੋਰੀ ਕਰ ਲਈਆ। ਚੋਰਾਂ ਨੇ ਹਨੂੰਮਾਨ ਦਾ ਚਾਂਦੀ ਦਾ ਤਿਲਕ ਵੀ ਚੋਰੀ ਕਰ ਲਿਆ। ਸਵੇਰੇ ਜਦ ਲੋਕ ਪੂਜਾ ਲਈ ਮੰਦਿਰ ਪਹੁੰਚੇ ਤਾਂ ਉਹਨਾਂ ਨੇ ਵੇਖਿਆ ਕਿ ਹਨੂੰਮਾਨ ਦੀਆਂ ਅੱਖਾਂ ਅਤੇ ਤਿਲਕ ਗਾਇਬ ਸਨ। **ਦੈਨਿਕ ਭਾਸਕਰ** (23/09/2019)

ਆਂਧਰਾ ਪ੍ਰਦੇਸ਼ : ਬਲੀ ਦੇ ਦੌਰਾਨ ਬੱਕਰੇ ਦੀ ਥਾਂ ਕੱਟ ਦਿੱਤੀ ਬੱਕਰੇ ਨੂੰ ਫੜਣ ਵਾਲੇ ਦੀ ਗਰਦਨ

ਇਹ ਘਟਨਾ ਆਂਧਰਾ ਪ੍ਰਦੇਸ਼ ਦੇ ਚਿਤੂਰ ਨੇੜਲੇ ਪਿੰਡ ਵਲਸਾ ਪੱਲੇ ਦੀ ਹੈ। ਇੱਥੇ ਯਲਮਾ ਮੰਦਰ ਵਿਚ ਅਕਸਰ ਪਸ਼ੂਆਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਹਨ। ਦੋਸੀ ਚਲਾਪਥੀ ਜਾਨਵਰਾਂ ਦੀ ਬਲੀ ਦੇ ਰਿਹਾ ਸੀ। 35 ਸਾਲ ਦੇ ਸੁਰੇਸ਼ ਨੇ ਬਲੀ ਦੇ ਦੌਰਾਨ ਬੱਕਰੇ ਨੂੰ ਫੜ੍ਹਿਆ ਹੋਇਆ ਸੀ। ਨਸ਼ੇ ਵਿੱਚ ਧੁੱਤ ਚਲਾਪਥੀ ਨੇ ਜਾਨਵਰ ਦੀ ਥਾਂ ਸੁਰੇਸ਼ ਦੀ ਹੀ ਗਰਦਨ ਕੱਟ ਦਿੱਤੀ। ਹਸਪਤਾਲ ਵਿਚ ਜਾ ਕੇ ਸੁਰੇਸ਼ ਦੀ ਮੌਤ ਹੋ ਗਈ।

ਮੂਰਤੀ ਵਿਸਰਜਨ (ਮੂਰਤੀ ਪ੍ਰਵਾਹ) ਸਮੇਂ ਡੁੱਬੇ ਇਕਲੌਤੇ ਵਿਦਿਆਰਥੀ ਦੀ ਲਾਸ਼ ਬਰਾਮਦ

ਜਹਾਨਾਬਾਦ ਜ਼ਿਲ੍ਹੇ ਵਿਚ ਮੂਰਤੀ ਵਿਸਰਜਨ ਦੇ ਸਮੇਂ 4 ਵਿਦਿਆਰਥੀ ਨਦੀ ਵਿਚ ਡੁੱਬ ਗਏ। ਸਕੂਲ ਪ੍ਰਬੰਧਕਾਂ ਨੇ ਉਹਨਾਂ ਬੱਚਿਆਂ ਨੂੰ ਇਸ ਕੰਮ ਲਈ ਭੇਜਿਆ ਸੀ। ਪੇਂਡੂਆਂ ਦੇ ਸਹਿਯੋਗ ਨਾਲ ਤਿੰਨ ਬੱਚੇ ਤਾਂ ਬਚ ਗਏ। ਪਰ ਹਿਮਾਂਸ਼ੂ ਕੁਮਾਰ ਨਾਮ ਦੇ ਬੱਚੇ ਦੀ ਲਾਸ਼ ਹੀ ਹੱਥ ਲੱਗੀ ਹੈ। ਘਟਨਾ ਬਹੁਤ ਦੁਖਦਾਇਕ ਹੈ, ਸਕੂਲ ਪ੍ਰਬੰਧਕਾਂ ਦੀ ਅੰਧ ਵਿਸ਼ਵਾਸੀ ਪ੍ਰਵਿਰਤੀ ਕਾਰਣ ਇਕ ਘਰ ਬਾਲ ਤੋਂ ਸੱਖਣਾ ਹੋ ਗਿਆ ਹੈ।

ਨਾਵਲ 'ਮਾਂ' ਦੇ ਪਹਿਲੇ ਅਨੁਵਾਦ ਬਾਰੇ

'ਤਰਕਸ਼ੀਲ' ਦੇ ਮਾਰਚ-ਅਪ੍ਰੈਲ 2022 ਅੰਕ ਦੇ ਪੜ੍ਹਨਯੋਗ ਪੁਸਤਕਾਂ ਵਾਲੇ ਕਾਲਮ ਵਿੱਚ ਸੰਸਾਰ ਪ੍ਰਸਿੱਧ ਰੂਸੀ ਨਾਵਲ 'ਮਾਂ' ਬਾਰੇ ਜਾਣਕਾਰੀ ਦਿੱਤੀ ਗਈ ਸੀ। ਇਸ ਵਿੱਚ ਲਿਖਿਆ ਗਿਆ ਸੀ ਕਿ 'ਸਭ ਤੋਂ ਪਹਿਲਾਂ ਇਸ ਦਾ ਪ੍ਰੀਤਮ ਸਿੰਘ ਮਨਚੰਦਾ ਵੱਲੋਂ ਕੀਤਾ ਗਿਆ ਪੰਜਾਬੀ ਅਨੁਵਾਦ ਪ੍ਰਗਤੀ ਪ੍ਰਕਾਸ਼ਨ ਮਾਸਕੋਂ ਵੱਲੋਂ 1979 ਵਿੱਚ ਛਾਪਿਆ ਗਿਆ।' ਇਸ ਬਾਰੇ ਸਾਡੇ ਤਿੰਨ ਸੂਝਵਾਨ ਪਾਠਕਾਂ-ਜਗਨੰਦਨ ਸਿੰਘ ਬਠਿੰਡਾ. ਪ੍ਰੋ. ਸ਼ੁਭਪ੍ਰੇਮ ਬਰਾੜ ਅਤੇ ਸੰਗਰੂਰ ਤੋਂ ਨਿਰਮਲ ਸਿੰਘ ਨੇ ਫ਼ੋਨ ਕਰਕੇ ਦੱਸਿਆ ਕਿ ਇਸਦਾ ਪੰਜਾਬੀ ਅਨੁਵਾਦ 1979 ਤੋਂ ਬਹੁਤ ਪਹਿਲਾਂ ਹੋ ਚੁੱਕਿਆ ਸੀ ਅਤੇ ਉਹ ਅਨੁਵਾਦ ਗੁਰਬਖਸ਼ ਸਿੰਘ ਪ੍ਰੀਤਲੜੀ ਜੀ ਨੇ ਕੀਤਾ ਸੀ। ਇਸ ਸਬੰਧੀ ਪੜਤਾਲ ਕਰਨ ਉਪਰੰਤ ਉਪਰੋਕਤ ਪਾਠਕਾਂ ਵੱਲੋਂ ਦਿੱਤੀ ਗਈ ਸੂਚਨਾ ਦਰੁੱਸਤ ਪਾਈ ਗਈ। ਅਸੀਂ ਇਸ ਦਰੁੱਸਤੀ ਲਈ ਇਨ੍ਹਾਂ ਪਾਠਕਾਂ ਦਾ ਧੰਨਵਾਦ ਕਰਦੇ ਹਾਂ।

(ਜੋ ਕਿਸੇ ਪਾਠਕ ਕੋਲ ਗੁਰਬਖਸ਼ ਸਿੰਘ ਪ੍ਰੀਤਲੜੀ ਹੋਰਾਂ ਵੱਲੋਂ ਅਨੁਵਾਦ ਕੀਤਾ 'ਮਾਂ' ਨਾਵਲ ਮੌਜੂਦ ਹੋਵੇ ਤਾਂ ਉਹ ਅਦਾਰੇ ਜਾਂ ਸਾਹਿਤ ਮੁਖੀ, ਤਰਕਸ਼ੀਲ ਸੁਸਾਇਟੀ ਪੰਜਾਬ ਨੂੰ 98767-10809 'ਤੇ ਦੱਸਣ ਦੀ ਮਿਹਰਬਾਨੀ ਕਰੋ।)

ਚਿਕਿਤਸਾ ਵਿਗਿਆਨ ਨੇ ਰਚਿਆ ਇਤਿਹਾਸ

ਦੁਨੀਆਂ 'ਚ ਪਹਿਲੀ ਵਾਰ ਇਨਸਾਨ ਦੇ ਅੰਦਰ ਧੜਕੇਗਾ ਸੂਰ ਦਾ ਦਿਲ, ਅਮਰੀਕੀ ਡਾਕਟਰਾਂ ਨੇ ਰਚਿਆ ਇਤਿਹਾਸ

ਵਾਸ਼ਿੰਗਟਨ (ਸੁਰਿੰਦਰ ਗਿੱਲ) ਮਰੀਜ਼ ਦੀ ਜ਼ਿੰਦਗੀ ਬਚਾਉਣ ਦੀ ਆਖਰੀ ਕੋਸ਼ਿਸ਼ ਦੇ ਤਹਿਤ ਅਮਰੀਕੀ ਡਾਕਟਰਾਂ ਨੇ ਉਸ ਵਿਚ ਇਕ ਸੂਰ ਦਾ ਦਿਲ ਟਰਾਂਸਪਲਾਂਟ ਕੀਤਾ, ਜੋ ਮੈਡੀਕਲ ਵਿਗਿਆਨ ਦੇ ਇਤਿਹਾਸ ਵਿਚ ਪਹਿਲੀ ਵਾਰ ਕੀਤਾ ਗਿਆ ਪ੍ਰਯੋਗ ਹੈ। ਮੈਰੀਲੈਂਡ ਦੇ ਇਕ ਹਸਪਤਾਲ ਨੇ ਦੱਸਿਆ ਕਿ ਪ੍ਰਯੋਗ ਵਜੋਂ ਕੀਤੇ ਗਏ ਇਸ ਓਪਰੇਸ਼ਨ ਦੇ ਤਿੰਨ ਦਿਨ ਬਾਅਦ ਮਰੀਜ਼ ਦੀ ਸਿਹਤ ਠੀਕ ਹੈ। ਹਾਲਾਂਕਿ ਓਪਰੇਸ਼ਨ ਦੀ ਸਫ਼ਲਤਾ ਬਾਰੇ ਕੁੱਝ ਕਹਿਣਾ ਜਲਦਬਾਜ਼ੀ ਹੋਵੇਗੀ, ਇਹ ਜੀਵਨ ਬਚਾਉਣ ਵਾਲੇ ਟ੍ਰਾਂਸਪਲਾਂਟ ਵਿਚ ਜਾਨਵਰਾਂ ਦੇ ਅੰਗਾਂ ਦੀ ਵਰਤੋਂ ਵਿਚ ਦਹਾਕਿਆਂ ਪੁਰਾਣੀ ਖੋਜ ਦੀ ਦਿਸ਼ਾ ਵਿਚ ਇਕ ਕਦਮ ਹੈ। 'ਯੂਨੀਵਰਸਿਟੀ ਆਫ਼ ਮੈਰੀਲੈਂਡ ਮੈਡੀਕਲ ਸੈਂਟਰ' ਦੇ ਡਾਕਟਰਾਂ ਨੇ ਕਿਹਾ ਕਿ ਟਰਾਂਸਪਲਾਂਟ (ਅੰਗ ਬਦਲੀ) ਨੇ ਦਿਖਾਇਆ ਕਿ ਜੈਨੇਟਿਕ ਤਬਦੀਲੀ ਨਾਲ ਜਾਨਵਰ ਦਾ ਦਿਲ ਮਨੁੱਖੀ ਸਰੀਰ ਵਿਚ ਤੁਰੰਤ ਅਸਵੀਕਾਰਨ ਦੇ ਸੰਕੇਤ ਦਿਖਾਏ ਬਿਨਾਂ ਕੰਮ ਕਰ ਸਕਦਾ ਹੈ। ਮਰੀਜ਼ ਡੇਵਿਡ ਬੇਨੇਟ (57) ਦੇ ਬੇਟੇ ਏਪੀ ਨੇ ਦੱਸਿਆ ਕਿ ਡੇਵਿਡ ਨੂੰ ਪਤਾ ਸੀ ਕਿ ਇਸ ਪ੍ਰਯੋਗ ਦੇ ਸਫ਼ਲ ਹੋਣ ਦੀ ਕੋਈ ਗਾਰੰਟੀ ਨਹੀਂ ਸੀ, ਪਰ ਉਹ ਮਰਨ ਦੀ ਹਾਲਤ ਵਿਚ ਸਨ, ਉਹ ਇਨਸਾਨੀ ਦਿਲ ਦੇ ਟਰਾਂਸਪਲਾਂਟ ਦੇ ਯੋਗ ਨਹੀਂ ਸਨ ਅਤੇ ਉਨ੍ਹਾਂ ਕੋਲ ਹੋਰ ਕੋਈ ਬਦਲ ਨਹੀਂ ਸੀ। ਇਕ ਬਿਆਨ ਮੁਤਾਬਕ ਓਪਰੇਸ਼ਨ ਤੋਂ ਇਕ ਦਿਨ ਪਹਿਲਾਂ ਬੇਨੇਟ ਨੇ ਕਿਹਾ, "ਇਹ ਟਰਾਂਸਪਲਾਂਟ ਮੇਰੇ ਲਈ ਕਰੋ ਜਾਂ ਮਰੋ ਦੀ ਸਥਿਤੀ ਸੀ। ਮੈਂ ਜੀਣਾ ਚਾਹੁੰਦਾ ਹਾਂ। ਮੈਂ ਜਾਣਦਾ ਹਾਂ ਕਿ ਇਹ ਹਨੇਰੇ 'ਚ ਤੀਰ ਚਲਾਉਣ ਦੇ ਬਰਾਬਰ ਹੈ ਪਰ ਮੇਰੇ ਕੋਲ ਇਹ ਆਖ਼ਰੀ ਮੌਕਾ ਹੈ।" ਮੈਰੀਲੈਂਡ ਯੂਨੀਵਰਸਿਟੀ ਦੇ ਜਾਨਵਰਾਂ ਤੋਂ ਇਨਸਾਨਾਂ 'ਚ ਟਰਾਂਸਪਲਾਂਟ ਪ੍ਰੋਗਰਾਮ ਦੇ ਵਿਗਿਆਨੀ ਡਾਇਰੈਕਟਰ ਡਾ. ਮੁਹੰਮਦ ਮੋਹਿਉਦੀਨ ਨੇ ਕਿਹਾ, "ਜੇਕਰ ਇਹ ਓਪਰੇਸ਼ਨ ਸਫ਼ਲ ਰਹਿੰਦਾ ਹੈ, ਤਾਂ ਪੀੜਤ ਮਰੀਜ਼ਾਂ ਲਈ ਇਨ੍ਹਾਂ ਅੰਗਾਂ ਦੀ ਬੇਅੰਤ ਸਪਲਾਈ ਹੋਵੇਗੀ। ਇਸ ਤੋਂ ਪਹਿਲਾਂ ਇਸ ਤਰ੍ਹਾਂ ਦੇ ਟਰਾਂਸਪਲਾਟਾਂ ਦੀ ਕੋਸ਼ਿਸ਼ਾਂ ਨਾਕਾਮ ਰਹੀਆਂ ਹਨ ਅਤੇ ਇਨ੍ਹਾਂ ਦਾ ਮੁੱਖ ਕਾਰਨ ਇਹ ਰਿਹਾ ਕਿ ਇਨਸਾਨੀ ਸਰੀਰਾਂ ਨੇ ਜਾਨਵਰਾਂ ਦੇ ਅੰਗਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿਤਾ।

13 ਸਾਲਾਂ ਮੁਸਕਾਨ ਦਾ ਹੁਣ ਚੇਨੱਈ 'ਚ ਧੜਕੇਗਾ ਦਿਲ

ਚੰਡੀਗੜ੍ਹ (ਪਾਲ) : ਪੀ. ਜੀ. ਆਈ. ਦੀ ਬਦੌਲਤ ਕਈ ਲੋਕਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੀ ਹੈ। 13 ਸਾਲਾਂ ਮਾਸੂਮ ਮੁਸਕਾਨ ਦੇ ਅੰਗ ਪੀ.ਜੀ.ਆਈ. ਵਿਚ ਪ੍ਰਦਾਨ ਹੋਏ ਹਨ, ਜਿਸ ਕਾਰਣ 6 ਲੋਕਾਂ ਨੂੰ ਅੰਗ ਟਰਾਂਸਪਲਾਂਟ ਕੀਤੇ ਗਏ ਹਨ। ਮੁਸਕਾਨ ਦਾ ਦਿਲ, ਲੀਵਰ, ਕਿਡਨੀ, ਪੈਂਕਰੀਆਜ਼ ਅਤੇ ਕਾਰਨੀਆ ਪ੍ਰਦਾਨ ਹੋਈਆਂ ਹਨ। ਹਿਮਾਚਲ ਦੇ ਸੋਲਨ ਜ਼ਿਲ੍ਹੇ ਦੇ ਰਬੋਨ ਦੀ ਰਹਿਣ ਵਾਲੀ ਮੁਸਕਾਨ 24 ਮਾਰਚ ਨੂੰ ਸਾਈਕਲ ਚਲਾਉਂਦੇ ਸਮੇਂ ਉਚਾਈ ਤੋਂ ਡਿੱਗ ਗਈ ਅਤੇ ਉਸ ਦੇ ਸਿਰ ਵਿਚ ਕਾਫੀ ਗੰਭੀਰ ਸੱਟ ਲੱਗੀ ਸੀ। ਉਸ ਨੂੰ ਐਮਰਜੈਂਸੀ ਵਿਚ ਸੋਲਨ ਦੇ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ ਪਰ ਗੰਭੀਰ ਹਾਲਤ ਹੋਣ ਕਾਰਣ ਉਸ ਨੂੰ ਪੀ.ਜੀ.ਆਈ. ਰੈਫ਼ਰ ਕਰ ਦਿੱਤਾ ਗਿਆ ਸੀ। ਪੀ.ਜੀ.ਆਈ. ਨਿਊਰੋ ਸਰਜਰੀ ਵਿਭਾਗ ਦੇ ਡਾ. ਅਪਿੰਦਰਪ੍ਰੀਤ ਸਿੰਘ ਨੇ ਦੱਸਿਆ ਕਿ ਕੇਸ ਕਾਫ਼ੀ ਮੁਸ਼ਕਿਲ ਸੀ, ਬੱਚੇ ਨੂੰ ਕਾਫੀ ਗੰਭੀਰ ਸੱਟ ਲੱਗੀ ਸੀ। ਅਸੀਂ ਵਿਭਾਗ ਦੇ ਹੈੱਡ ਪ੍ਰੋ. ਐੱਸ. ਕੇ. ਗੁਪਤਾ ਦੀ ਨਿਗਰਾਨੀ ਵਿਚ ਮੁਸਕਾਨ ਨੂੰ ਬਚਾਉਣ ਲਈ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ। ਨਿਊਰੋ ਸਰਜਰੀ ਕੀਤੀ ਪਰ ਉਸਦੀ ਹਾਲਤ ਵਿਗੜਦੀ ਰਹੀ। ਸਿਰ ਦੀ ਸੱਟ ਦੀ ਗੰਭੀਰਤਾ ਨੂੰ ਵੇਖਦੇ ਹੋਏ ਮੁਸਕਾਨ ਦੇ ਬਚਣ ਦੀ ਸੰਭਾਵਨਾ ਬੇਹੱਦ ਘੱਟ ਲੱਗ ਰਹੀ ਸੀ ਅਤੇ ਅਸੀਂ ਪਰਿਵਾਰ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਅਸੀਂ ਟਰਾਂਸਪਲਾਂਟ ਕੋ ਆਰਡੀਨੇਟਰਜ਼ ਨੂੰ ਵੀ ਸਲਾਹ ਦਿੱਤੀ ਕਿ ਉਹ ਪਰਿਵਾਰ ਨੂੰ ਅੰਗ ਪ੍ਰਦਾਨ ਬਾਰੇ ਕਾਊਂਸਿਲਿੰਗ ਕਰਨ। 2 ਅਪ੍ਰੈਲ ਨੂੰ ਮੁਸਕਾਨ ਨੂੰ ਸਾਰੇ ਪ੍ਰੋਟੋਕਾਲ ਤੋਂ ਬਾਅਦ ਬਰੇਨ ਡੈੱਡ ਐਲਾਨ ਦਿੱਤਾ ਗਿਆ। ਪੀ.ਜੀ.ਆਈ. ਮੈਡੀਕਲ ਸੁਪਰਡੈਂਟ ਪ੍ਰੋ. ਵਿਪਿਨ ਕੌਸ਼ਲ ਨੇ ਦੱਸਿਆ ਕਿ ਦਿਲ ਦਾ ਮੈਚਿੰਗ ਰਿਸੀਪਿਅੰਟ ਪੀ.ਜੀ.ਆਈ. 'ਚ ਨਹੀਂ ਮਿਲਿਆ। ਜਿਸ ਤੋਂ ਬਾਅਦ ਨੋਟਾ (ਨੈਸ਼ਨਲ ਆਰਗਨ ਐਂਡ ਟਿਸ਼ੂ ਟ੍ਰਾਂਸਪਲਾਂਟ ਆਰਗਨਾਈਜੇਸ਼ਨ) ਨਾਲ ਸੰਪਰਕ ਕੀਤਾ ਗਿਆ। ਐੱਮ.ਜ਼ੀ.ਐੱਮ. ਹੈਲਥ ਕੇਅਰ ਚੇਨੱਈ ਵਿਚ ਦਾਖ਼ਲ ਮਰੀਜ਼ ਨਾਲ ਦਿਲ ਦੀ ਮੈਚਿੰਗ ਹੋਈ। ਪੀ.ਜੀ.ਆਈ. ਵੱਲੋਂ ਗਰੀਨ ਕਾਰੀਡੋਰ ਬਣਾ ਕੇ ਦਿਲ ਭੇਜਿਆ ਗਿਆ, ਜਿਸਨੂੰ ਚੰਡੀਗੜ੍ਹ ਅਤੇ ਮੋਹਾਲੀ ਟ੍ਰੈਫਿਕ ਪੁਲਸ ਵਿਭਾਗਾਂ ਅਤੇ ਹਵਾਈ ਅੱਡਾ ਅਧਿਕਾਰੀਆਂ ਦੇ ਸਹਿਯੋਗ ਨਾਲ ਬਣਾਇਆ ਗਿਆ। ਦਿਲ ਨੂੰ ਏਅਰਲਿਫਟ ਕੀਤਾ ਗਿਆ ਸੀ। ਉੱਥੇ ਹੀ ਨੇਫਰੋਲਾਜੀ ਅਤੇ ਹੈਪੇਟੋਲਾਜੀ ਵਿਭਾਗਾਂ ਵੱਲੋਂ ਕਰਾਸ ਮੈਚ ਨਾਲ ਲੀਵਰ, ਕਿਡਨੀ ਅਤੇ ਪੈਂਕਰੀਆਜ ਲਈ ਤਿੰਨ ਰਿਸੀਪਿਅੰਟ ਦੀ ਪਛਾਣ ਹੋਈ ਅਤੇ ਸਾਰੇ ਆਰਗਨ ਦੇ ਟਰਾਂਸਪਲਾਂਟ ਪੂਰੇ ਕੀਤੇ ਗਏ। ਕਾਰਨੀਆ ਪੀ.ਜੀ.ਆਈ. 'ਚ ਮਰੀਜ਼ਾਂ ਨੂੰ ਲਗਾਏ ਗਏ ਹਨ।

ਪੇਸ਼ਕਦਮੀਆਂ

ਨਵੀਂ ਪਿਰਤ : ਵਿਆਹ ਸਮਾਗਮ 'ਚ ਦਿੱਲੀ ਦੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ: ਕ੍ਰਾਂਤੀਕਾਰੀ ਕੋਰਿਓਗ੍ਰਾਫੀਆਂ ਤੇ ਨਾਟਕ ਖੇਡੇ: ਸਾਰਿਆਂ ਨੂੰ ਨਿਸ਼ਾਨੀ ਵਜੋਂ ਤਰਕਸ਼ੀਲ ਸਾਹਿਤ ਵੰਡਿਆ

ਵਿਦਿਆਰਥੀ ਵਰਗ ਦੇ ਵੱਖ-ਵੱਖ ਘੋਲਾਂ ਵਿਚ ਮੋਹਰੀ ਯੋਗਦਾਨ ਪਾਉਣ ਵਾਲੇ ਬਿਕਰਮਜੀਤ ਸਿੰਘ ਕੁੱਲੇਵਾਲ (ਕੈਨੇਡਾ) ਵਾਸੀ ਕੁੱਲੇਵਾਲ ਦਾ ਹਰਪ੍ਰੀਤ ਕੌਰ ਵਾਸੀ ਤਾਜਪੁਰ ਨਾਲ ਵਿਆਹ ਕਾਰਜ ਸਮਾਜਿਕ ਚੇਤਨਾ ਦਾ ਪ੍ਰਤੀਕ ਹੋ ਨਿਬੜਿਆ। ਇਸ ਵਿਆਹ ਸਮਾਗਮ 'ਚ ਦਿੱਲੀ ਦੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਪੰਜਾਬ ਲੋਕ ਸੱਭਿਆਚਾਰ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਮੈਡੀਕਲ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਸਾਦੇ ਢੰਗ ਨਾਲ ਹੋਏ ਇਸ ਵਿਆਹ ਸਮਾਗਮ ਨੂੰ ਸਮਾਜ ਲਈ ਵੱਡੀ ਪ੍ਰੇਰਨਾ ਦੱਸਿਆ। ਮਿਸ਼ਨਰੀ ਗਾਇਕ ਧਰਮਿੰਦਰ ਮਸਾਣੀ ਨੇ ਹੱਕ ਦੀ ਆਵਾਜ਼ ਬੁਲੰਦ ਕਰਦੇ ਗੀਤ ਪੇਸ਼ ਕੀਤੇ। ਮਾਨਵਤਾ ਕਲਾ ਮੰਚ ਨਗਰ ਵੱਲੋਂ ਜਸਵਿੰਦਰ ਪੱਪੀ ਦੀ ਨਿਰਦੇਸਨਾ ਹੇਠ ਕੋਰਿਓਗ੍ਰਾਫੀ 'ਭਗਤ ਸਿੰਹਾਂ ਤੇਰਾ ਦੇਸ਼', 'ਜੁਗਨੀ' ਤੇ 'ਮੁੰਡਾ ਬੜਾ ਸ਼ਨਿੱਚਰੀ' ਬਾਖੂਬੀ ਪੇਸ਼ ਕੀਤੀਆਂ ਗਈਆਂ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਟੀਮ ਵੱਲੋਂ ਇਕੱਤਰ ਸਿੰਘ ਨੇ ਨਾਟਕਾਂ ਰਾਹੀਂ ਹਾਜਰੀਨ ਨੂੰ ਜਨ ਜਾਗ੍ਰਤੀ ਦਾ ਸੁਨੇਹਾ ਦਿੱਤਾ। ਮੰਚ ਦਾ ਸੰਚਾਲਨ ਸ਼ਿੰਗਾਰਾ ਲੰਗੇਰੀ ਤੇ ਜਗਤਾਰ ਬਾਹੋਵਾਲ ਨੇ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਨੁੰਮਾਇੰਦਿਆਂ 'ਚ ਸਤਪਾਲ ਸਲੋਹ, ਵਿਜੈ ਬੰਬੇਲੀ, ਰੂਪ ਲਾਲ, ਆਸ਼ਾ ਰਾਣੀ, ਜੋਗਿੰਦਰ ਸਿੰਘ, ਕਮਲਜੀਤ ਕੌਰ, ਹਰਮਿੰਦਰ ਸਿੰਘ ਤਲਵੰਡੀ, ਮੋਹਣ ਬੀਕਾ, ਪ੍ਰੋ. ਬਿੱਕਰ ਸਿੰਘ, ਜੰਗ ਬਹਾਦਰ ਸਿੰਘ ਸੇਖੋ, ਜਸਵੀਰ ਦੀਪ, ਲਾਲ ਸਿੰਘ ਬੈਂਸ, ਜਗਦੀਸ਼ ਰਾਏਪੁਰਡੱਬਾ, ਕੁਲਵਿੰਦਰ ਖਟਕੜ ਆਦਿ ਸ਼ਾਮਲ ਹਨ। ਧੰਨਵਾਦ ਕਰਦਿਆਂ ਤਰਕਸ਼ੀਲ ਆਗੂ ਜੁਗਿੰਦਰ ਸਿੰਘ ਕੁੱਲੇਵਾਲ ਨੇ ਕਿਹਾ, "ਸਾਨੂੰ ਖਰਚੀਲੇ ਰਸਮ ਰਿਵਾਜ ਤਿਆਗ ਕੇ ਸਾਦਗੀ ਅਪਣਾਉਣੀ ਚਾਹੀਦੀ ਹੈ ਅਤੇ ਸਹਿਯੋਗੀ ਭਾਵਨਾਵਾਂ ਨਾਲ ਜ਼ਿੰਦਗੀ ਨੂੰ ਅਪਣੱਤ ਦੀ ਰੰਗਤ ਦੇਣੀ ਚਾਹੀਦੀ ਹੈ। ਇਸ ਵਿਆਹ ਦੌਰਾਨ ਕਿਸੇ ਕਿਸਮ ਦੇ ਲੈਣ ਦੇਣ ਦੀ ਕੋਈ ਰਸਮ ਨਹੀਂ ਕੀਤੀ ਗਈ।

ਸਰੀਰ ਪ੍ਰਦਾਨੀ ਮਾਤਾ ਗੁਰਨਾਮ ਕੌਰ ਦਾ ਸਤਿਕਾਰ ਸਮਾਗਮ:

ਸਰਬਨ ਸਿੰਘ ਪੰਜਗਰਾਈ ਦੀ ਮਾਤਾ ਗੁਰਨਾਮ ਕੌਰ ਜੀ ਦਾ ਦੇਹਾਂਤ ਹੋ ਗਿਆ ਸੀ, ਜਿੰਨਾਂ ਦੀ ਵਸੀਅਤ ਮੁਤਾਬਿਕ ਮੈਡੀਕਲ ਖੋਜਾਂ ਲਈ ਉਹਨਾਂ ਦਾ ਸਰੀਰ ਪ੍ਰਦਾਨ ਕੀਤਾ ਗਿਆ ਸੀ, ਉਨ੍ਹਾਂ ਦੇ ਸਤਿਕਾਰ ਸਮਾਗਮ ਮੌਕੇ ਮਰਹੂਮ ਤਰਕਸ਼ੀਲ ਆਗੂ ਕ੍ਰਿਸ਼ਨ ਬਰਗਾੜੀ (ਪਹਿਲੇ ਸਰੀਰ ਪ੍ਰਦਾਨੀ) ਦੀ ਜੀਵਨ ਸਾਥਨ ਰਾਜਿੰਦਰ ਕੌਰ ਬਰਗਾੜੀ ਦਾ ਪਰਿਵਾਰ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਰਜਿੰਦਰ ਭਦੌੜ ਮੁਖੀ ਵਿਦਿਆਰਥੀ ਚੇਤਨਾ ਵਿਭਾਗ, ਰਜਿੰਦਰ ਸਿੰਘ ਦੇਸੂ ਯੋਧਾ, ਜਸਪਾਲ ਸਿੰਘ ਪੰਜਗਰਾਈ, ਡਾ. ਕਰਨਜੀਤ ਸਿੰਘ ਗਿੱਲ ਮੁੱਖ ਖੇਤੀਬਾੜੀ ਅਫ਼ਸਰ ਫਰੀਦਕੋਟ, ਬੇਅੰਤ ਸਿੰਘ ਸਿੱਧੂ, ਬੂਟਾ ਸਿੰਘ ਪੈਰਿਸ, ਬਲਵਿੰਦਰ ਸਿੰਘ ਔਲਖ, ਪਰਮਜੀਤ ਸਿੰਘ ਬਰਗਾੜੀ, ਪੂਰਨ ਸਿੰਘ ਰੰਧਾਵਾ, ਗੁਰਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਦੇ ਭਰਾ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਆਦਿ ਨੇ ਵੀ ਸੰਬੋਧਨ ਕੀਤਾ।

ਇਕਾਈ ਭੀਖੀ : 'ਤਰਕਸ਼ੀਲਤਾ ਤੇ ਮੀਟਿੰਗਾਂ ਦੀ ਮਹੱਤਤਾ' ਵਿਸ਼ੇ 'ਤੇ ਸੈਮੀਨਾਰ:

ਸਥਾਨਕ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਵਿਖੇ ਜੋਨ ਪੱਧਰੀ 'ਤਰਕਸ਼ੀਲਤਾ ਤੇ ਮੀਟਿੰਗਾਂ ਦੀ ਮਹੱਤਤਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੇ ਮੁੱਖ ਬੁਲਾਰੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਰਾਜਪਾਲ ਸਿੰਘ ਤੇ ਮੇਘ ਰਾਜ ਰੱਲਾ ਨੇ ਸੰਬੋਧਨ ਕੀਤਾ। ਸਮਾਗਮ ਦੇ ਅੰਤ 'ਚ ਸੁਸਾਇਟੀ ਦੇ ਜੋਨ ਮੁਖੀ ਅੰਮ੍ਰਿਤ ਰਿਸ਼ੀ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਇਕਾਈ ਭੀਖੀ ਦੇ ਪ੍ਰਧਾਨ ਭੁਪਿੰਦਰ ਫੌਜੀ, ਮਾ. ਮਹਿੰਦਰਪਾਲ, ਕ੍ਰਿਸ਼ਨ ਮਾਮਬੀਬੜੀਆਂ, ਜਸਵੀਰ ਸੋਨੀ, ਲੱਖਾ ਸਿੰਘ, ਹਰਬੰਸ ਸਿੰਘ, ਸੁਖਵਿੰਦਰ ਸਿੰਘ, ਬਲਕਾਰ ਸਿੰਘ, ਹਰਵਿੰਦਰ ਸਿੰਘ, ਜਸਪਾਲ ਸਿੰਘ ਅਤਲਾ, ਹਰਮੇਸ਼ ਭੋਲਾ ਮੱਤੀ, ਭਰਪੂਰ ਸਿੰਘ ਮੰਨਣ, ਧਰਮਵੀਰ, ਹਰਭਜਨ ਸਿੰਘ ਬਾਬੇਕਾ ਆਦਿ ਹਾਜ਼ਰ ਸਨ।

ਇਕਾਈ ਧੂਰੀ:

23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿਚ ਨਾਟਕ ਮੇਲਾ :

ਧੂਰੀ ਪਿੰਡ ਦੇ ਸਟੇਡੀਅਮ ਵਿਚ "ਪਰਿਵਰਤਨ" ਸੰਸਥਾ ਵੱਲੋਂ ਕਰਵਾਏ ਗਏ ਇਸ ਮੇਲੇ ਵਿਚ ਸੁਖਦੇਵ ਧੂਰੀ ਨੇ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ। ਇਕਾਈ ਮੈਂਬਰਾਂ ਰਜਿੰਦਰ ਰਾਜੂ, ਰਾਜ ਸਿੰਘ ਅਤੇ ਕੁਲਵਿੰਦਰ ਬੰਟੀ ਨੇ ਵੀ ਸ਼ਮੂਲੀਅਤ ਕੀਤੀ।

ਇਕਾਈ ਕਾਲਾਂਵਾਲੀ : ਪੁਸਤਕ ਪ੍ਰਦਰਸ਼ਨੀ

6 ਮਾਰਚ ਨੂੰ ਪਿੰਡ ਭਰੂਖੇੜਾ ਵਿਖੇ ਸਵਿੱਤਰੀ ਬਾਈ ਫੂਲੇ ਲਾਇਬ੍ਰੇਰੀ ਇਨਾਮ ਵੰਡ ਸਮਾਗਮ 'ਚ ਇਹ ਪ੍ਰਦਰਸ਼ਨੀ ਲਗਾਈ ਗਈ। ਕੁਲਦੀਪ ਸਿਰਸਾ, ਅਜਾਇਬ ਜਲਾਲਆਣਾ, ਮਿੰਟਾ ਮਨਦੀਪ ਨੇ ਇਹ ਜ਼ਿੰਮੇਵਾਰੀ ਨਿਭਾਈ।

ਇਕਾਈ ਖਰੜ

ਰਾਸ਼ਟਰੀ ਵਿਗਿਆਨ ਦਿਵਸ 'ਤੇ ਕੁਲਵਿੰਦਰ ਨਗਾਰੀ ਦੀ ਅਗਵਾਈ ਹੇਠ ਐਸ.ਡੀ.ਐਮ.ਖਰੜ ਨੂੰ ਸ਼ੋਰ ਪ੍ਰਦੂਸ਼ਣ ਰੋਕਣ ਲਈ ਮੰਗ ਪੱਤਰ ਦਿੱਤਾ ਗਿਆ। ਗਣਤੰਤਰ ਦਿਵਸ ਮੌਕੇ ਅਨਾਜ ਮੰਡੀ ਖਰੜ ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ।


ਇਕਾਈ ਫਗਵਾੜਾ

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਵਸ 27 ਮਾਰਚ ਨੂੰ ਟਾਊਨ ਹਾਲ ਫਗਵਾੜਾ ਵਿਖੇ ਮਨਾਇਆ ਗਿਆ। ਜਿਸ ਵਿੱਚ ਬੁਲਾਰਿਆਂ ਨੇ ਸ਼ਹੀਦ ਭਗਤ ਸਿੰਘ ਦੇ ਫਲਸਫ਼ੇ, ਉਦੇਸ਼ ਅਤੇ ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਪੜ੍ਹਨ ਵਿਚਾਰਨ ਅਤੇ ਉਨ੍ਹਾਂ ਦੇ ਸਮਾਜਿਕ ਬਰਾਬਰੀ ਦੇ ਸਮਾਜ ਦੀ ਸਿਰਜਣਾ ਕਰਨ ਲਈ ਸਮੇਂ ਦੀਆਂ ਫਾਸ਼ੀਵਾਦੀ ਚਣੌਤੀਆਂ ਦਾ ਟਾਕਰਾ ਕਰਨ ਲਈ ਸੰਘਰਸ਼ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸ ਸਮਾਗਮ ਨੂੰ ਜਸਵਿੰਦਰ ਸਿੰਘ, ਸੁਰਿੰਦਰਪਾਲ ਪੱਦੀ, ਗੋਪਾਲ ਕ੍ਰਿਸ਼ਨ, ਸੁਖਦੇਵ ਫਗਵਾੜਾ ਆਦਿ ਨੇ ਸੰਬੋਧਨ ਕੀਤਾ। ਸਮਾਗਮ ਸਮੇਂ ਹੈੱਡਮਾਸਟਰ ਗਿਆਨ ਚੰਦ, ਪ੍ਰਿੰਸੀਪਲ ਜਸਵਿੰਦਰ ਸਿੰਘ, ਬਲਵਿੰਦਰ ਪ੍ਰੀਤ ਸੁਰਿੰਦਰਪਾਲ ਦੁਸਾਂਝ, ਸਫਾਈ ਮਜ਼ਦੂਰ ਯੂਨੀਅਨ (ਆਜ਼ਾਦ) ਦੇ ਆਗੂ ਰਾਜੇਸ਼ ਬੌਬੀ ਆਪਣੇ ਸਾਥੀਆਂ ਸਮੇਤ ਹਾਜ਼ਰ ਹੋਏ। ਮਾਸਟਰ ਮਲਕੀਤ ਸਿੰਘ, ਮਾਸਟਰ ਸਤਪਾਲ ਸਿੰਘ, ਮਾਸਟਰ ਪਰਮਿੰਦਰ ਪਾਲ ਸਿੰਘ ਵੀ ਹਾਜ਼ਰ ਸਨ। ਆਜ਼ਾਦ ਰੰਗ ਮੰਚ ਚੱਕ ਦੇਸ ਰਾਜ ਦੇ ਕਲਾਕਾਰ ਬੀਬਾ ਕੁਲਵੰਤ ਦੀ ਅਗਵਾਈ ਹੇਠ ਆਏ। ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੀ ਘੋੜੀ ਦੀ ਕੋਰੀਓਗ੍ਰਾਫੀ ਅਤੇ ਨਸ਼ਿਆਂ 'ਤੇ ਨਾਟਕ ਰਾਹੀਂ ਹਾਜ਼ਰੀ ਲਗਵਾਈ। ਫਗਵਾੜਾ ਇਕਾਈ ਨੇ 'ਇਨਕਲਾਬ ਜ਼ਿੰਦਾਬਾਦ' ਦੇ ਸਿਰਲੇਖ ਵਾਲਾ ਵੱਡਾ ਇਸ਼ਤਿਹਾਰ ਛਪਵਾ ਕੇ ਫਗਵਾੜਾ ਇਲਾਕੇ ਦੇ 25 ਪਿੰਡਾਂ ਵਿੱਚ ਲਗਵਾਇਆ ਜਿਸ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਵਿਚਾਰਾਂ ਤੇ ਉਦੇਸ਼ ਬਾਰੇ ਜ਼ਿਕਰ ਕੀਤਾ ਗਿਆ

ਕਿਸਾਨੀ ਸੰਘਰਸ਼ ਦੀ ਜਿੱਤ ਦੀ ਖੁਸ਼ੀ ਵਿੱਚ ਮੀਆਂਪੁਰ ਵਿਖੇ ਕਰਵਾਇਆ ਤਰਕਸ਼ੀਲ ਮੇਲਾ :

ਪਿੰਡ ਮੀਆਂਪੁਰ ਵਿਖੇ ਲਹਿਰੀ ਪਰਿਵਾਰ ਵੱਲੋਂ ਕਾਮਰੇਡ ਚੰਨਣ ਸਿੰਘ ਜੀ ਦੇ 90 ਵੇਂ ਜਨਮ ਦਿਨ 'ਤੇ ਕਿਸਾਨੀ ਸੰਘਰਸ਼ ਦੀ ਜਿੱਤ ਨੂੰ ਸਮਰਪਿਤ ਤਰਕਸ਼ੀਲ ਮੇਲਾ ਕਰਵਾਇਆ ਗਿਆ। ਇਸ ਮੇਲੇ ਦੀ ਸ਼ੁਰੂਆਤ ਤਰਕਸ਼ੀਲ ਆਗੂ ਵੱਲੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੋਟਰਸਾਈਕਲ ਪਿੰਡ ਦੀਆਂ ਗਲੀਆਂ ਵਿਚ ਚਲਾ ਕੇ ਕੀਤੀ ਗਈ। ਪੰਜ ਪਾਣੀ ਲੋਕ ਕਲਾ ਮੰਚ ਗੋਪਾਲਪੁਰ ਦੀ ਟੀਮ ਵੱਲੋਂ ਜੋਗਿੰਦਰ ਗੋਪਾਲਪੁਰ ਦੀ ਨਿਰਦੇਸ਼ਨਾ ਹੇਠ ਵਹਿਮਾਂ-ਭਰਮਾਂ, ਸਮਾਜਿਕ ਬੁਰਾਈਆਂ ਤੇ ਕਿਸਾਨੀ ਸੰਘਰਸ਼ 'ਤੇ ਅਧਾਰਿਤ ਨਾਟਕ ਤੇ ਕੋਰੀਓਗ੍ਰਾਫੀ ਪੇਸ਼ ਕੀਤੀਆਂ ਗਈਆਂ। "ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕਰਲਾਂਦੀ ਏ", "ਟਿੱਲੇ

ਯਾਦ ਕਰਦਿਆਂ



ਪੰਜਾਬੀ ਦੇ ਪ੍ਰਸਿੱਧ ਅਨੁਵਾਦਕ ਡਾ. ਗੁਰਬਖਸ਼ ਸਿੰਘ ਫਰੈਂਕ ਸਦੀਵੀਂ ਵਿਛੋੜਾ ਦੇ ਗਏ। ਉਹਨਾਂ ਨੇ ਸੋਵੀਅਤ ਯੂਨੀਅਨ ਦੇ ਵਿਚ ਦਸ ਸਾਲ ਰਹਿ ਕੇ ਤਿੰਨ ਦਰਜਨ ਦੇ ਲਗਭਗ ਮਹੱਤਵਪੂਰਨ ਕਿਤਾਬਾਂ ਦਾ ਅਨੁਵਾਦ ਕਰਕੇ ਪੰਜਾਬ ਵਿਚ ਅਨੁਵਾਦਤ ਸਾਹਿਤ ਵਿਚ ਅਮੁੱਲ ਵਾਧਾ ਕੀਤਾ। ਉਹਨਾਂ ਨੇ ਮੇਰਾ ਦਾਗਿਸਤਾਨ, ਅਸਲੀ ਇਨਸਾਨ ਦੀ ਕਹਾਣੀ, ਗੋਰਕੀ ਦੀਆਂ ਕਹਾਣੀਆਂ, ਤਾਲਸਤਾਏ ਦੀਆਂ ਕਹਾਣੀਆਂ, ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ, ਬੱਚਿਆਂ ਲਈ ਲੈਨਿਨ ਆਦਿ ਮਿਆਰੀ ਕਿਤਾਬਾਂ ਅਨੁਵਾਦ ਕੀਤੀਆ। ਉਹਨਾਂ ਦੇ ਅਨੁਵਾਦ ਅਨੁਵਾਦ ਨਹੀਂ ਲਗਦੇ, ਸਗੋਂ ਮੂਲ ਰੂਪ 'ਚ ਪੰਜਾਬੀ ਹੀ ਲਗਦੀ ਹੈ। ਉਹਨਾਂ ਨੇ ਪਹਿਲਾ ਰੂਸੀ ਪੰਜਾਬੀ ਸ਼ਬਦਕੋਸ਼ ਵੀ ਤਿਆਰ ਕੀਤਾ।



* ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਮਰਥਕ, ਵਿਗਿਆਨਕ ਸੋਚ ਦੇ ਧਾਰਨੀ, ਨਾਮਵਰ ਸ਼ਾਇਰ ਦੇਵ ਦਰਦ ਅੰਮ੍ਰਿਤਸਰ ਵਿਖੇ 6 ਮਾਰਚ ਨੂੰ ਅਚਾਨਕ ਇੱਕ ਹਾਦਸੇ ਵਿੱਚ ਸਦੀਵੀਂ ਵਿਛੋੜਾ ਦੇ ਗਏ। ਉਹਨਾਂ ਨੇ ਤਰਕਸ਼ੀਲ ਸਾਹਿਤ ਵੈਨ ਨੂੰ ਹਰ ਵਰ੍ਹੇ ਆਪਣੇ ਆਤਮ ਪਬਲਿਕ ਸਕੂਲ, ਇਸਲਾਮਾਬਾਦ, ਅੰਮ੍ਰਿਤਸਰ ਵਿਚ ਪ੍ਰਦਰਸ਼ਿਤ ਕਰਕੇ ਵੱਡੇ ਪੱਧਰ 'ਤੇ ਤਰਕਸ਼ੀਲ ਸਾਹਿਤ ਵਿਦਿਆਰਥੀਆਂ ਵਿਚ ਲੈ ਕੇ ਜਾਣ ਲਈ ਅਹਿਮ ਰੋਲ ਪਾਇਆ। ਹਰ ਸਾਲ ਵੱਡੇ ਪੱਧਰ 'ਤੇ ਚੇਤਨਾ ਪਰਖ ਪ੍ਰੀਖਿਆ ਵਿਚ ਬੱਚਿਆਂ ਦੀ ਸਮੂਲੀਅਤ ਕਰਵਾਈ। ਉਹਨਾਂ ਨੇ ਉੱਚ ਪਾਏ ਦੀ ਕਵਿਤਾ ਰਚਣ ਦੇ ਨਾਲ ਦੁਰਲੱਭ ਵਸਤੂਆਂ, ਵਿਸ਼ੇਸ਼ ਤੌਰ 'ਤੇ ਸਿੱਕਿਆਂ ਦਾ ਇੱਕ ਮਿਊਜੀਅਮ ਵੀ ਸਥਾਪਤ ਕੀਤਾ ਜੋ ਲਿਮਕਾ ਬੁੱਕ ਆਫ ਰਿਕਾਰਡਸ ਵਿਚ ਦਰਜ ਹੈ। ਸੁਸਾਇਟੀ ਸਾਥੀਆਂ ਦੀ ਸਮਾਜਿਕ ਦੇਣ ਨੂੰ ਯਾਦ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਵਾਲਾ ਸਾਧ", "ਕਰਜ਼ੇ ਦੀ ਮਾਰ", "ਕਿਸਾਨੀ ਸੰਘਰਸ਼" ਆਦਿ ਨਾਟਕ ਵਿਖਾ ਕੇ ਪਖੰਡੀ ਸਾਧਾਂ ਤੇ ਜੋਤਸ਼ੀਆਂ ਵੱਲੋਂ ਜਨਤਾਂ ਦੀ ਕੀਤੀ ਜਾਂਦੀ ਆਰਥਿਕ ਤੇ ਮਾਨਸਿਕ ਲੁੱਟ ਅਤੇ ਕਿਸਾਨੀ ਸੰਘਰਸ਼ ਬਾਰੇ ਜਾਗਰੂਕ ਕੀਤਾ। ਤਰਕਸ਼ੀਲ ਜਾਦੂਗਰ ਸੇਵਾ ਸਿੰਘ ਨੇ ਜਾਦੂ ਦੇ ਟਰਿੱਕ ਵਿਖਾਏ ਤੇ ਇਨ੍ਹਾਂ ਪਿੱਛੇ ਛਿਪੀ ਸੱਚਾਈ ਬਾਰੇ ਦਰਸ਼ਕਾਂ ਨੂੰ ਜਾਗਰੂਕ ਕੀਤਾ। ਤਰਕਸ਼ੀਲ ਆਗੂ ਰਜਵੰਤ ਬਾਗੜੀਆਂ ਨੇ ਸੰਬੋਧਨ ਕੀਤਾ। ਨਰਿੰਦਰ ਸੇਖਚੱਕ, ਜਸਪਾਲ ਬਾਸਰਕੇ, ਤਰਸੇਮ ਲਾਲੂਘੁੰਮਣ ਅਤੇ ਮੁਖਤਾਰ ਗੋਪਾਲਪੁਰ ਨੇ ਇਲਾਕੇ ਭਰ ਦੇ ਪਾਖੰਡੀ ਸਾਧਾਂ ਸੰਤਾਂ ਤੇ ਜੋਤਸ਼ੀਆਂ ਨੂੰ ਖੁੱਲੀ ਚੁਣੌਤੀ ਦਿੱਤੀ ਕਿ ਜਾਂ ਤਾਂ ਤਰਕਸ਼ੀਲ ਸੁਸਾਇਟੀ ਵੱਲੋਂ ਰੱਖੀਆਂ 23 ਸ਼ਰਤਾਂ ਵਿੱਚੋਂ ਕੋਈ ਇਕ ਵੀ ਸ਼ਰਤ ਪੂਰੀ ਕਰਕੇ 5 ਲੱਖ ਦਾ ਨਕਦ ਇਨਾਮ ਜਿੱਤਣ ਜਾਂ ਫਿਰ ਆਮ ਜਨਤਾ ਦੀ ਆਰਥਿਕ, ਮਾਨਸਿਕ ਤੇ ਸਰੀਰਕ ਲੁੱਟ ਖਸੁੱਟ ਕਰਨ ਵਾਲੀ ਦੁਕਾਨਦਾਰੀ ਬੰਦ ਕਰਨ। ਕਿਸਾਨ ਆਗੂ ਕਾਮਰੇਡ ਬਲਵਿੰਦਰ ਦੁਧਾਲਾ ਤੇ ਕਾਮਰੇਡ ਦਵਿੰਦਰ ਸੋਹਲ ਨੇ ਸੰਬੋਧਨ ਕੀਤਾ। ਇਸ ਮੌਕੇ ਡਾਕਟਰ ਦਲਬੀਰ ਸਿੰਘ ਲਹਿਰੀ, ਡਾਕਟਰ ਨੇਹਾ ਲਹਿਰੀ, ਬਲਬੀਰ ਲਹਿਰੀ, ਰੇਸ਼ਮ ਸਿੰਘ ਲਹਿਰੀ, ਮਲਕੀਤ ਸਿੰਘ ਲਹਿਰੀ, ਮਾਸਟਰ ਬਲਦੇਵ ਸਿੰਘ, ਪਿੰਡ ਦੇ ਕਿਸਾਨ ਆਗੂ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

ਇਕਾਈ ਸੰਗਰੂਰ: ਵਿਚਾਰ ਗੋਸ਼ਟੀ:

ਬੀ.ਐਸ.ਐਨ.ਐਲ. ਪੈਨਸ਼ਨਰਜ਼ ਐਸੋਸੀਏਸ਼ਨ ਸੰਗਰੂਰ ਵੱਲੋਂ ਸਥਾਨਕ ਸਿਟੀ ਪਾਰਕ ਵਿਖੇ 'ਮਾਨਸਿਕ ਰੋਗਾਂ ਦੇ ਕਾਰਨ, ਲੱਛਣ ਤੇ ਇਲਾਜ' ਵਿਸ਼ੇ 'ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਦੇ ਮੁੱਖ ਬੁਲਾਰੇ ਸੰਗਰੂਰ ਬਰਨਾਲਾ ਜੋਨ ਦੇ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਸਨ। ਇਸ ਸਮੇਂ ਐਸੋਸੀਏਸ਼ਨ ਦੇ ਸਕੱਤਰ ਨੇ ਮਾਸਟਰ ਪਰਮ ਵੇਦ, ਨਿਰਮਲ ਸਿੰਘ ਦੁੱਗਾ ਤੇ ਧਰਮਵੀਰ ਸਿੰਘ ਆਧਾਰਿਤ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ ਤੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਪਰਮਵੇਦ ਜੀ ਨੇ ਵਿਸਥਾਰ ਵਿਚ ਇਸ ਵਿਸ਼ੇ 'ਤੇ ਗੱਲਬਾਤ ਕੀਤੀ। ਇਸ ਸਮੇਂ ਕਾਫ਼ੀ ਮਾਤਰਾ ਵਿੱਚ ਤਰਕਸ਼ੀਲ ਸਾਹਿਤ ਵੀ ਵੰਡਿਆ ਗਿਆ। ਅੰਤ ਵਿੱਚ ਪ੍ਰਧਾਨ ਰਘਬੀਰ ਸਿੰਘ ਨੇ ਤਰਕਸ਼ੀਲ ਟੀਮ ਸਮੇਤ ਹਾਜ਼ਰੀਨ ਦਾ ਧੰਨਵਾਦ ਕੀਤਾ।

ਤਲਵੰਡੀ ਸਾਬੋ ਵਿਖੇ ਤਰਕਸ਼ੀਲ ਮੇਲਾ

ਜ਼ੋਨ ਬਠਿੰਡਾ ਅਧੀਨ ਆਉਂਦੀਆਂ ਇਕਾਈਆਂ ਬਠਿੰਡਾ, ਤਲਵੰਡੀ ਸਾਬੋ, ਮੌੜ ਮੰਡੀ ਅਤੇ ਕਾਲਾਂਵਾਲੀ ਦੇ ਸਹਿਯੋਗ ਨਾਲ ਵਿਸਾਖੀ ਮੇਲਾ ਤਲਵੰਡੀ ਸਾਬੋ ਵਿਖੇ ਮਿਤੀ 13 ਅਤੇ 14 ਅਪਰੈਲ 2022 ਨੂੰ ਤਰਕਸ਼ੀਲ ਮੇਲਾ ਕਰਵਾਇਆ ਗਿਆ। ਇਸ ਦੋ ਰੋਜਾ ਮੇਲੇ ਵਿਚ ਸਿਰਜਨਾ ਆਰਟ ਗਰੁੱਪ ਰਾਏਕੋਟ ਦੇ ਨਿਰਦੇਸ਼ਕ ਡਾਕਟਰ ਸੋਮਪਾਲ ਹੀਰਾ ਵੱਲੋਂ ਤਿੰਨ ਨਾਟਕ "ਭਗਤ ਸਿੰਘ ਤੂੰ ਜ਼ਿੰਦਾ ਹੈ" ਤਰਕਸ਼ੀਲਤਾ ਉਪਰ ਆਧਾਰਿਤ ਦੂਸਰਾ ਨਾਟਕ 'ਖੱਪਰ ਖਾਲੀ ਹੈ ਅਤੇ ਤੀਸਰਾ ਨਾਟਕ ਜੋ ਕਿਸਾਨੀ ਅੰਦੋਲਨ 'ਤੇ ਅਧਾਰਿਤ ਹੈ। "ਗੋਦੀ ਮੀਡੀਆ ਝੂਠ ਬੋਲਦੈ" ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਮੈਜਿਕ ਟਰਿੱਕਾਂ ਰਾਹੀਂ ਸੁਖਦੇਵ ਮਲੂਕਪੁਰੀ ਨੇ ਪੰਡਾਲ 'ਚ ਪਹੁੰਚੇ ਲੋਕਾਂ ਦਾ ਮਨੋਰੰਜਨ ਕੀਤਾ। ਟਰਿੱਕ ਵਿਖਾ ਕੇ ਦਰਸ਼ਕਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਜਗਸੀਰ ਜੀਦਾ ਤੇ ਗੁਰਦਾਸ ਗੁਰੂ ਸਰ ਦੀ ਅਗਵਾਈ ਵਿਚ ਲੋਕ ਬੋਲੀਆਂ ਸੁਣਾਈਆਂ। ਇਨਕਲਾਬੀ ਗਾਇਕਾ ਬੇਟੀ ਰੁਪਿੰਦਰ ਰੰਧਾਵਾ ਸੰਗਤ ਖੁਰਦ ਨੇ ਆਪਣੇ ਇਨਕਲਾਬੀ ਗੀਤਾਂ ਦੁਆਰਾ ਹਾਜਰੀ ਲਵਾਈ। ਚੇਤਨਾ ਪਰਖ ਪ੍ਰੀਖਿਆ ਵਿਭਾਗ ਦੇ ਮੁਖੀ ਰਜਿੰਦਰ ਭਦੌੜ ਜੀ ਨੇ ਸੰਬੋਧਨ ਕੀਤਾ। ਦਿੱਲੀ ਤੋਂ ਸਮਾਜ ਸੇਵੀ ਕਾਮਰੇਡ ਬਿਰਜੂ ਨਾਇਕ, ਸੁਖਮੰਦਰ ਸਿੰਘ ਰਾਮਪੁਰਾ, ਜੋਨ ਆਗੂ ਬਲਰਾਜ ਮੌੜ ਅਤੇ ਭੂਰਾ ਸਿੰਘ ਮਹਿਮਾ ਸਰਜਾ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਕਰਿਸ਼ਨ ਗੁਰੂਸਰੀਆਂ, ਰਮਨ ਜੋਧਪੁਰ ਨੇ ਅਤੇ ਸੋਸ਼ਲ ਮੀਡੀਆ ਦੀ ਕਵਰੇਜ ਮੇਵਾ ਸਿੰਘ ਸੰਗਤ ਖੁਰਦ ਨੇ ਨਿਭਾਈ। ਰਾਮਪੁਰਾ ਦੇ ਤਰਕਸ਼ੀਲ ਸਾਥੀਆਂ ਨੇ ਸਹਿਯੋਗ ਕਰਕੇ ਪੁਸਤਕ ਪਰਦਰਸ਼ਨੀ ਲਗਾਈ ।

ਇਕਾਈ ਰਾਮਪੁਰਾ ਫੂਲ

ਰਾਮਪੁਰਾ ਫੂਲ 'ਚ ਤਰਕਸ਼ੀਲਾਂ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਵਿਚਾਰਾਂ ਦੀ ਗੱਲ ਤੋਰੀ। ਇਕਾਈ ਦੇ ਲਗਭਗ ਸਮੁੱਚੇ ਮੈਂਬਰਾਂ ਨੇ ਮੇਨ ਚੌਕ ਵਿਚ ਇਕੱਠੇ ਹੋ ਕੇ ਇਹ ਗਲ ਤੋਰੀ। ਸਾਹਿਤ ਵਿਭਾਗ ਦੇ ਗੁਰਦੀਪ ਤੇ ਮੇਜਰ ਸਿੰਘ ਹੋਰਾਂ ਨੇ ਪੁਸਤਕ ਪ੍ਰਦਰਸ਼ਨੀ ਲਾਈ। ਸਟਾਲ ਤੋਂ ਸ਼ਹੀਦਾਂ ਨਾਲ ਸਬੰਧਤ ਸਾਹਿਤ ਲੋਕਾਂ ਨੇ ਖਰੀਦਿਆ ਤੇ ਮੈਗਜ਼ੀਨ ਦੇ ਸਲਾਨਾ ਚੰਦੇ ਭਰੇ। ਮਾਸਟਰ ਰਜਿੰਦਰ ਭਦੌੜ ਤੇ ਤ੍ਰਿਲੋਚਨ ਸਮਰਾਲਾ ਦੀਆਂ ਅਵਾਜ਼ਾਂ ਵਿੱਚ ਸ਼ਹੀਦਾਂ ਦੇ ਫਲਸਫੇ ਅਤੇ ਵਿਚਾਰਾਂ ਦੀ ਗੱਲ ਕੀਤੀ। ਬੁੱਤਾਂ ਦੇ ਗਲਾਂ ਵਿਚ ਹਾਰ ਪਾਉਣ ਦੀ ਥਾਂ ਵਿਚਾਰਾਂ ਦੀ ਗੱਲ ਕੀਤੀ। ਸੁਸਾਇਟੀ ਦੇ ਜੋਨ ਆਗੂ ਜੰਟਾ ਸਿੰਘ, ਇਕਾਈ ਮੁਖੀ ਰਿਟਾਇਰਡ ਮੁੱਖ ਅਧਿਆਪਕ ਸੁਖਮੰਦਰ ਸਿੰਘ, ਲੈਕ. ਗੁਰਮੇਲ ਸਿੰਘ, ਸਿਹਤ ਵਿਭਾਗ ਦੇ ਮੇਜਰ ਤੇ ਗੁਰਦੀਪ, ਮਾਨਸਿਕ ਸਿਹਤ ਵਿਭਾਗ ਦੇ ਜਗਦੇਵ ਤੇ ਜੰਟਾ ਸਿੰਘ ਹਾਜਰ ਸਨ। ਇਹਨਾਂ ਦੇ ਨਾਲ ਡਾਕਟਰ ਜਗਤਾਰ ਫੂਲ, ਮਾਸਟਰ ਸੁਖਵਿੰਦਰ ਬਾਠ, ਮਾਸਟਰ ਅਵਤਾਰ ਸਿੰਘ, ਮਾਸਟਰ ਰਣਜੀਤ ਪੀ.ਟੀ.ਆਈ. ਪ੍ਰਮੋਦ, ਮਾਸਟਰ ਰਾਮ

ਸਿੰਘ ਧੂਰਕੋਟ, ਤੇਜ ਸਿੰਘ ਮਾਫੀਦਾਰ ਤੇ ਹੋਰ ਹਾਜ਼ਰ ਸਨ।

ਇਕਾਈ ਰੋਪੜ

1. 28-2-22 ਨੂੰ ਵਿਗਿਆਨ ਦਿਵਸ ’ਤੇ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ ਜਿਸ ਵਿਚ ਜਥੇਬੰਦਕ ਮੁਖੀ ਅਸ਼ੋਕ ਕੁਮਾਰ, ਪਵਨ ਰੱਤੋਂ, ਮਾਸਟਰ ਪਰਵਿੰਦਰ, ਅਜੀਤ ਪ੍ਰਦੇਸੀ, ਅਮਰਨਾਥ, ਬਲਵੀਰ ਖੈਰਾਬਾਦ ਆਦਿ ਸਾਥੀ ਹਾਜ਼ਰ ਸਨ।

2. 6-3-22 ਨੂੰ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਰੋਪੜ ਵੱਲੋਂ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਸ਼ੁਰੂਆਤ ਮੌਕੇ ਅਜੀਤ ਪ੍ਰਦੇਸੀ ਨੇ ਵਿਗਿਆਨਕ ਨਜ਼ਰੀਆਂ ਅਪਨਾਉਣ ਦਾ ਸੰਦੇਸ਼ ਦਿੱਤਾ। ਜਿਸਦੇ ਮੁੱਖ ਵਕਤਾ ਪ੍ਰੋ. ਜਗਮੋਹਣ ਸਿੰਘ ਜੀ ਨੇ ਦੱਸਿਆ ਕਿ ਨਵੀਂ ਸਿੱਖਿਆ ਨੀਤੀ 2020 ਰਾਹੀਂ ਭਗਵਾ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਜਿਸ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਇਸ ਤੋਂ ਬਿਨ੍ਹਾਂ ਡੀ.ਟੀ. ਐਫ. ਦੇ ਜ਼ਿਲਾ ਪ੍ਰਧਾਨ ਗਿਆਨ ਚੰਦ, ਜੀ.ਟੀ.ਯੂ. ਦੇ ਜ਼ਿਲਾ ਪ੍ਰਧਾਨ ਗੁਰਵਿੰਦਰ ਸਿੰਘ, ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ, ਤਰਕਸ਼ੀਲ ਸੁਸਾਇਟੀ ਇਕਾਈ ਰੋਪੜ ਦੇ ਪ੍ਰਧਾਨ ਅਸ਼ੋਕ ਕੁਮਾਰ ਜੀ, ਕਿਰਤੀ ਕਿਸਾਨ ਮੋਰਚਾ ਰੋਪੜ ਦੇ ਆਗੂ ਜਗਮਨਜੀਤ ਸਿੰਘ ਪੜ੍ਹੀ ਆਦਿ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।

3. 23-3-22 ਨੂੰ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ’ਤੇ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਤਰਕਸ਼ੀਲ ਸੁਸਾਇਟੀ ਦੀ ਵਿਚਾਰਧਾਰਾ ਦੇ ਲੀਫਲੈੱਟ ਛਪਵਾ ਕੇ ਵੱਡੀ ਮਾਤਰਾ ਵਿੱਚ ਵੰਡੇ।

4. 10-4-22 ਨੂੰ ਅਬਰਾਹਮ ਟੀ ਕਾਵੂਰ ਦੇ ਜਨਮ ਦਿਵਸ ’ਤੇ ਡਾਕਟਰ ਕਾਵੂਰ ਦੀ ਵਿਚਾਰਧਾਰਾ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਚੁਣੌਤੀ ਵਾਲੇ ਲੀਫਲੈਂਟ ਵੰਡੇ।

5. 14-4-22 ਨੂੰ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ’ਤੇ ਜ਼ਿਲ੍ਹਾ ਲਾਇਬਰੇਰੀ ਰੋਪੜ ਵਿੱਚ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਇਕਾਈ ਰੋਪੜ ਵੱਲੋਂ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ। ਇਸ ਮੌਕੇ ਜੇ.ਈ. ਹਰਜੀਤ, ਇਕਾਈ ਮੁਖੀ ਅਸ਼ੋਕ ਕੁਮਾਰ, ਪਵਨ ਰੱਤੋਂ, ਅਜੀਤ ਪ੍ਰਦੇਸੀ, ਮਾਸਟਰ ਜਗਦੀਸ਼ ਹਵੇਲੀ, ਜੇ.ਈ. ਕੁਲਦੀਪ ਸਿੰਘ ਘਨੌਲੀ, ਹਮਦਰਦ ਮੈਂਬਰ ਗੁਰਜੀਤ, ਮਾਸਟਰ ਪਰਵਿੰਦਰ ਆਦਿ ਸਾਥੀ ਹਾਜ਼ਰ ਸਨ।

6. 17-4-22 ਨੂੰ ਸ਼ਹਿਨਾਈ ਪੈਲੇਸ ਰੋਪੜ ਵਿਖੇ ਐਸ.ਸੀ./ਬੀ.ਸੀ. ਅਧਿਆਪਕ ਯੂਨੀਅਨ ਵੱਲੋਂ ਡਾ. ਅੰਬੇਦਕਰ ਦਾ ਜਨਮ ਦਿਵਸ ਮਨਾਇਆ ਗਿਆ। ਇਸ ਮੌਕੇ ਪੁਸਤਕ ਪ੍ਰਦਰਸ਼ਨੀ ਲਾਈ।

ਇਕਾਈ ਅੰਮ੍ਰਿਤਸਰ: ਡਾ. ਰਣਜੀਤ ਨਾਲ ਰੂ-ਬ-ਰੂ: ਵਿਸ਼ੇਸ਼ ਸੱਦੇ ਉੱਤੇ ਬੰਗਲੌਰ ਤੋਂ ਅੰਮ੍ਰਿਤਸਰ ਪਹੁੰਚੇ ਪ੍ਰਸਿੱਧ ਤਰਕਸ਼ੀਲ ਵਿਦਵਾਨ ਤੇ ਲੇਖਕ ਡਾ. ਰਣਜੀਤ ਬੰਗਲੌਰ ਨਾਲ ਸਾਥੀਆਂ ਵੱਲੋਂ ਤਰਕਸ਼ੀਲ ਆਗੂ ਸੁਮੀਤ ਸਿੰਘ ਦੀ ਰਿਹਾਇਸ਼ ਮੋਹਣੀ ਪਾਰਕ ਵਿਖੇ ਵਿਸ਼ੇਸ਼ ਰੂ-ਬ-ਰੂ ਮੀਟਿੰਗ ਕੀਤੀ ਗਈ। ਜਿਸਦੀ ਪ੍ਰਧਾਨਗੀ ਜੋਨ ਆਗੂ ਮੁਖਤਿਆਰ ਗੋਪਾਲਪੁਰਾ ਨੇ ਕੀਤੀ। ਇਸ ਮੌਕੇ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦਿਆਂ 85 ਸਾਲ ਦੇ ਡਾ. ਰਣਜੀਤ ਨੇ ਕਿਹਾ ਕਿ ਨਾਸਤਿਕਤਾ ਅਤੇ ਤਰਕਸ਼ੀਲ ਵਿਚਾਰਧਾਰਾ ਨੇ ਉਨ੍ਹਾਂ ਦੀ ਜ਼ਿੰਦਗੀ ਵਿਚ ਵਿਗਿਆਨਕ ਅਤੇ ਰਾਜਸੀ ਚੇਤਨਾ ਪੈਦਾ ਕੀਤੀ। ਉਹਨਾਂ ਨੇ 32 ਦੇ ਲਗਭਗ ਕਵਿਤਾਵਾਂ, ਕਹਾਣੀਆਂ ਅਤੇ ਲੇਖਾਂ ਦੀਆਂ ਕਿਤਾਬਾਂ ਲਿਖੀਆਂ ਹਨ। ਜਿਨ੍ਹਾਂ ਕਰਕੇ ਉਨ੍ਹਾਂ ਨੂੰ ਸਮੇਂ-ਸਮੇਂ ’ਤੇ ਸੋਵੀਅਤ ਲੈਂਡ ਪੁਰਸਕਾਰ, ਰਾਜਸਥਾਨ ਸਾਹਿਤ ਅਕਾਦਮੀ ਪੁਰਸਕਾਰ ਅਤੇ ਬਿਹਾਰ, ਯੂ.ਪੀ. ਭਾਸ਼ਾ ਸਾਹਿਤਕਾਰ ਦੇ ਸਨਮਾਨ ਹਾਸਿਲ ਹੋਏ ਹਨ। ਉਨ੍ਹਾਂ ਨੇ ਰਾਜਸਥਾਨ ਦੇ ਵੱਖ-ਵੱਖ ਕਾਲਜਾਂ ਵਿਚ 40 ਸਾਲ ਲਗਾਤਾਰ ਪ੍ਰੋਫੈਸਰ ਦੇ ਅਹੁਦੇ ਉੱਤੇ ਸੇਵਾਵਾਂ ਨਿਭਾਈਆਂ ਅਤੇ ਤਰਕਸ਼ੀਲਤਾ ਦਾ ਪ੍ਰਚਾਰ ਕੀਤਾ। ਉਨ੍ਹਾਂ ਇਸ ਮੌਕੇ ਆਪਣੀਆਂ ਕੁਝ ਕਵਿਤਾਵਾਂ ਵੀ ਪੇਸ਼ ਕੀਤੀਆਂ। ਉਨ੍ਹਾਂ ਨਾਲ ਵਿਸ਼ੇਸ਼ ਤੌਰ ’ਤੇ ਪਹੁੰਚੇ ਮਾਨਵਵਾਦੀ ਸੰਗਠਨ ਚੰਡੀਗੜ੍ਹ ਦੇ ਮੁਖੀ ਮਨੋਜ ਮਲਿਕ ਨੇ ਵੀ ਆਪਣੇ ਜਨਸੰਘ ਦੀ ਕੱਟੜ ਵਿਚਾਰਧਾਰਾ ਤੋਂ ਤਰਕਸ਼ੀਲ ਅਤੇ ਨਾਸਤਿਕ ਸੋਚ ਅਪਨਾਉਣ ਦੇ ਸਫ਼ਰ ਨੂੰ ਸਾਂਝਿਆ ਕੀਤਾ। ਸੁਮੀਤ ਸਿੰਘ ਇਕਾਈ ਆਗੂ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਵੱਖ-ਵੱਖ ਸਰਗਰਮੀਆਂ ਬਾਰੇ ਵਿਸਥਾਰ ਵਿਚ ਵਿਚਾਰ ਸਾਂਝੇ ਕੀਤੇ। ਇਕਾਈ ਆਗੂ ਜਸਪਾਲ ਬਾਸਰਕਾ ਅਤੇ ਮੁਖਤਿਆਰ ਗੋਪਾਲਪੁਰਾ ਵੱਲੋਂ ਧੰਨਵਾਦ ਕੀਤਾ ਗਿਆ। ਤਰਕਸ਼ੀਲ ਆਗੂ ਅਸ਼ਵਨੀ ਕੁਮਾਰ, ਸੁਮੀਤ ਸਿੰਘ, ਬਲਦੇਵ ਰਾਜ ਵੇਰਕਾ, ਡਾ. ਕਸ਼ਮੀਰ ਸਿੰਘ, ਸੁਖਮੀਤ ਸਿੰਘ, ਬਨਾਰਸੀ ਦਾਸ, ਰਾਜ ਕੁਮਾਰ ਵੇਰਕਾ, ਸ਼ਕਤੀ ਕੁਮਾਰ, ਭਗਤ ਨਰਾਇਣ, ਦਮਨਜੀਤ ਕੌਰ, ਲਵਦੀਪ ਸਿੰਘ, ਨਵਰੀਤ ਅਤੇ ਨਵਜੀਤ ਸ਼ਾਮਿਲ ਹੋਏ।

ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਸੰਬੰਧੀ ਕਨਵੈਨਸ਼ਨ:

ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜਮਹੂਰੀ ਅਧਿਕਾਰ ਸਭਾ ਦੀਆਂ ਸਥਾਨਕ ਇਕਾਈਆਂ ਵੱਲੋਂ ਸਮੂਹ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਜਲ੍ਹਿਆਂਵਾਲੇ ਬਾਗ ਦੇ ਅਮਰ ਸ਼ਹੀਦਾਂ ਦੀ ਇਨਕਲਾਬੀ ਸ਼ਹਾਦਤ ਅਤੇ ਵਿਚਾਰਧਾਰਾ ਨੂੰ ਸਮਰਪਿਤ ਇਕ ਸਾਮਰਾਜ ਵਿਰੋਧੀ ਕਨਵੈਨਸ਼ਨ 13 ਅਪ੍ਰੈਲ ਨੂੰ ਸਥਾਨਕ

ਕੰਪਨੀ ਬਾਗ ਵਿਖੇ ਕਰਵਾਈ ਗਈ। ਇਸ ਮੌਕੇ ਮੁੱਖ ਬੁਲਾਰੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਅਤੇ ਨਾਮਵਰ ਵਿਦਵਾਨ ਡਾ. ਪਰਮਿੰਦਰ ਸਿੰਘ ਸਨ। ਉਹਨਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੀਆਂ ਸ਼ਹਾਦਤਾਂ ਸਾਡੇ ਇਤਿਹਾਸ ਦਾ ਉਹ ਸ਼ਾਨਾਮੱਤਾ ਹਿੱਸਾ ਹਨ ਜਿਸਦੀ ਇੱਕੋ ਇੱਕ ਪ੍ਰੀਭਾਸ਼ਾ ਸਾਮਰਾਜਵਾਦ ਦੇ ਬੁਨਿਆਦੀ ਵਿਰੋਧ ਅਤੇ ਇਸ ਵਿਚੋਂ ਪਣਪਦੀ ਲੋਕਾਂ ਦੀ ਖਰੀ ਆਜ਼ਾਦੀ ਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਵਕਤ ਸਾਮਰਾਜਵਾਦੀ ਬਹੁ ਕੌਮੀ ਕੰਪਨੀਆਂ ਮੌਜੂਦਾ ਹਕੂਮਤਾਂ ਦੀ ਮਿਲੀ ਭੁਗਤ ਨਾਲ ਭਾਰਤ ਦੇ ਕੁਦਰਤੀ ਸਾਧਨਾਂ ਅਤੇ ਕਿਰਤੀਆਂ ਦੀ ਹਰ ਪਾਸਿਓਂ ਲੁੱਟ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੋਦੀ ਹਕੂਮਤ ਦੇ ਹਿੰਦੂਤਵੀ ਏਜੰਡੇ ਤਹਿਤ ਵਧ ਰਹੇ ਫਾਸ਼ੀਵਾਦੀ ਰਾਜ ਦਾ ਮੁਕਾਬਲਾ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਅਤੇ ਅਪ੍ਰੈਲ 1919 ਵਿਚ ਮਜ਼ਬੂਤ ਹੋਏ ਲੋਕਾਂ ਦੇ ਏਕੇ ਨੂੰ ਇਕ ਵਾਰ ਫਿਰ ਤੋਂ ਉਜਾਗਰ ਕਰਕੇ ਹੀ ਕੀਤਾ ਜਾ ਸਕਦਾ ਹੈ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਆਗੂ ਕਾ. ਰਤਨ ਸਿੰਘ ਰੰਧਾਵਾ, ਤਰਕਸ਼ੀਲ ਆਗੂ ਸੁਮੀਤ ਸਿੰਘ, ਆਲ ਇੰਡੀਆ ਕਿਸਾਨ ਸਭਾ ਦੇ ਕਾ. ਬਲਵਿੰਦਰ ਦੁਧਾਲਾ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਇਸ ਦੇ ਇਤਿਹਾਸਕ ਸਰੂਪ ਅਤੇ ਪ੍ਰਮਾਣਿਕ ਤੱਥਾਂ ਨਾਲ ਕੀਤੀ ਗਈ ਛੇੜ ਛਾੜ ਨੂੰ ਰੱਦ ਕਰਵਾ ਕੇ ਇਸਦਾ ਇਤਿਹਾਸਕ ਵਿਰਾਸਤੀ ਸਰੂਪ ਬਹਾਲ ਕਰਵਾਇਆ ਜਾਵੇਗਾ। ਇਸ ਮੌਕੇ ਪੀ.ਐਸ.ਯੂ. ਲਲਕਾਰ ਦੀ ਵਿਦਿਆਰਥੀ ਆਗੂ ਗਗਨ, ਕਿਰਤੀ ਕਿਸਾਨ ਯੂਨੀਅਨ ਦੇ ਸੁੱਚਾ ਸਿੰਘ ਨੇ ਵੀ ਸੰਬੋਧਨ ਕੀਤਾ। ਜਮਹੂਰੀ ਅਧਿਕਾਰ ਸਭਾ ਦੇ ਸਕੱਤਰ ਯਸ਼ਪਾਲ ਝਬਾਲ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਅਤੇ ਪ੍ਰਧਾਨ ਅਮਰਜੀਤ ਭੱਲਾ ਨੇ ਕਨਵੈਨਸ਼ਨ ਵਿੱਚ ਸ਼ਾਮਲ ਸਮੂਹ ਜਥੇਬੰਦੀਆਂ ਅਤੇ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਚੌਹਲਾ ਇਕਾਈ ਦੇ ਤਰਕਸ਼ੀਲ ਆਗੂ ਸਖਵਿੰਦਰ ਖਾਰਾ ਵੱਲੋਂ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਇਕ ਇਨਕਲਾਬੀ ਕਵਿਤਾ ਪੇਸ਼ ਕੀਤੀ ਗਈ। ਇਸ ਮੌਕੇ ਪਿਛਲੇ ਚਾਰ ਸਾਲ ਤੋਂ ਬਿਨ੍ਹਾਂ ਕਿਸੇ ਸੁਣਵਾਈ ਦੇ ਜੇਲ੍ਹਾਂ ਵਿਚ ਨਜ਼ਰਬੰਦ ਨਿਰਦੋਸ਼ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਪੱਤਰਕਾਰਾਂ, ਵਕੀਲਾਂ ਅਤੇ ਲੇਖਕਾਂ ਦੀ ਬਿਨਾ ਸ਼ਰਤ ਰਿਹਾਈ ਦੀ ਮੰਗ ਕੀਤੀ ਗਈ ਅਤੇ ਹਿੰਦੂਤਵੀ ਸੰਗਠਨਾਂ ਵੱਲੋਂ ਘੱਟ ਗਿਣਤੀ ਮੁਸਲਮਾਨਾਂ ਅਤੇ ਪੱਤਰਕਾਰਾਂ ਦੇ ਖਿਲਾਫ ਕੀਤੀ ਫਿਰਕੂ ਹਜੂਮੀ ਹਿੰਸਾ ਦੀ ਨਿਖੇਧੀ ਕਰਦਿਆਂ ਫਿਰਕੂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਜਸਪਾਲ ਬਾਸਰਕਾ, ਸ਼ਕਤੀ ਕੁਮਾਰ, ਕਿਸਾਨ ਆਗੂ ਲਖਵਿੰਦਰ ਮੰਜਿਆਂਵਲੀ, ਡਾ. ਕੁਲਦੀਪ ਸਿੰਘ ਮੱਤੇ ਨੰਗਲ, ਵਿਦਿਆਰਥੀ ਆਗੂ ਗੁਰਪਾਲ ਗੁਰੀ, ਮੁਖਤਾਰ ਸਿੰਘ ਸੁਹਾਵਾ, ਕਿਸਾਨ ਆਗੂ ਧਨਵੰਤ ਸਿੰਘ ਖਤਰਾਏ ਕਲਾਂ, ਪੰਜਾਬ ਕਿਸਾਨ ਸਭਾ ਦੇ ਆਗੂ ਬਲਬੀਰ ਮੂਧਲ, ਗੁਰਮੀਤ ਸਿੰਘ ਮੱਤੇ ਨੰਗਲ, ਰੇਲਵੇ ਆਗੂ ਗੁਰਦੀਪ ਸਿੰਘ, ਤਰਕਸ਼ੀਲ ਆਗੂ ਮਾਸਟਰ ਕੁਲਜੀਤ ਵੇਰਕਾ, ਅਧਿਆਪਕ ਆਗੂ ਲਖਵਿੰਦਰ ਗਿੱਲ ਸੁਖਮੀਤ ਸਿੰਘ, ਪਰਮਜੀਤ ਵੇਰਕਾ, ਬਲਦੇਵ ਰਾਜ, ਰਾਜ ਕੁਮਾਰ ਵੇਰਕਾ, ਪ੍ਰਭਜੀਤ ਤਿਮੋਵਾਲ, ਕੁਲਵੰਤ ਤੋਲਾ ਨੰਗਲ, ਡਾ. ਸ਼ੁਭਕਰਮਨ ਸਿੰਘ, ਵਿਦਿਆਰਥੀ ਆਗੂ ਸਿਮਰਨ ਬਲਦੇਵ ਸਿੰਘ ਆਦਿ ਹਾਜ਼ਿਰ ਹੋਏ।

... ਪੰਨਾ 41 ਦਾ ਬਾਕੀ ਉਸਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਰੋਧ ਕੀਤਾ ਵੀ ਜਾ ਰਿਹਾ ਹੈ। ਪਰ ਔਰਤ ਦੀ ਆਜ਼ਾਦੀ ਦੇ ਨਾਮ ਉੱਤੇ ਜ਼ਬਰਦਸਤੀ ਹਿਜ਼ਾਬ ਉਤਾਰਨਾ ਵੀ ਉੱਨਾ ਹੀ ਗ਼ਲਤ ਹੈ। ਪਰ ਇਸ ਉੱਪਰ ਸਮਾਜ ਵੰਡਿਆ ਹੋਇਆ ਦਿਖਾਈ ਦਿੰਦਾ ਹੈ।

ਯਕੀਨੀ ਤੌਰ ’ਤੇ ਆਧੁਨਿਕ ਸਮਾਜ ਵਿੱਚ ਹਿਜ਼ਾਬ ਦਾ ਕੋਈ ਸਥਾਨ ਨਹੀਂ ਹੋਣਾ ਚਾਹੀਦਾ। ਪਰ ਅਜਿਹਾ ਮੁਸਲਿਮ ਔਰਤਾਂ ਦੀ ਸਹਿਮਤੀ ਨਾਲ ਹੋਣਾ ਚਾਹੀਦਾ ਹੈ ਅਤੇ ਅਜਿਹਾ ਹੋ ਵੀ ਰਿਹਾ ਹੈ। ਮੁਸਲਿਮ ਲੜਕੀ ਨੂੰ ਪਰਿਵਾਰਿਕ ਦਾਇਰਿਆਂ ਤੋਂ ਬਾਹਰ ਜਾ ਕੇ ਪੜ੍ਹਾਈ ਕਰਨ ਜਾਂ ਨੌਕਰੀ ਕਰਨ ਲਈ ਹੋ ਸਕਦਾ ਹੈ ਅੱਜ ਹਿਜ਼ਾਬ ਦੀ ਜ਼ਰੂਰਤ ਹੋਵੇ ਅਤੇ ਬਿਨ੍ਹਾਂ ਹਿਜ਼ਾਬ ਦੇ ਉਸਦੇ ਲਈ ਘਰ ਵਿੱਚੋਂ ਨਿਕਲਣ ਦੇ ਰਸਤੇ ਹੀ ਬੰਦ ਹੋ ਜਾਣ। ਪਰ ਇਕ ਵਾਰ ਆਤਮ ਨਿਰਭਰ ਹੋ ਕੇ, ਆਪਣੇ ਸਮਾਜ ਅਤੇ ਆਪਣੇ ਬਾਰੇ ਸਹੀ ਸਮਝ ਹਾਸਲ ਕਰ ਕੇ ਉਹ ਇਸ ਯੋਗ ਜ਼ਰੂਰ ਹੋ ਸਕਦੀ ਹੈ ਕਿ ਹਿਜ਼ਾਬ ਨੂੰ ਉਤਾਰ ਸੁੱਟੇ। ਅਜਿਹਾ ਬਹੁਤ ਸਾਰੀਆਂ ਮੁਸਲਿਮ ਔਰਤਾਂ ਨੇ ਕੀਤਾ ਵੀ ਹੈ। ਕਾਰਪੋਰੇਟ ਜਗਤ, ਮੀਡੀਆ, ਇੰਜੀਨੀਅਰਿੰਗ, ਮੈਡੀਕਲ ਸਾਇੰਸ ਦੇ ਖੇਤਰ ਵਿਚ ਕਿੰਨੀਆਂ ਮੁਸਲਿਮ ਔਰਤਾਂ ਦੇਖੀਆਂ ਜਾ ਸਕਦੀਆਂ ਹਨ ਜੋ ਹਿਜ਼ਾਬ ਨਹੀਂ ਪਹਿਨਦੀਆਂ। ਇਸ ਲਈ ਵਰਤਮਾਨ ਵਿਵਾਦ ਵਿਚ ਨਾ ਕੇਵਲ ਹਿੰਦੂਤਵਵਾਦੀ ਸੰਗਠਨਾਂ ਦੇ ਗਲਤ ਮਨਸੂਬਿਆਂ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ ਬਲਕਿ ਸਾਡਾ ਸਾਰਾ ਧਿਆਨ ਇਸ ਤਰ੍ਹਾਂ ਦੇ ਗ਼ੈਰ-ਜ਼ਰੂਰੀ ਮੁੱਦਿਆਂ ਦੀ ਬਜਾਏ ਔਰਤਾਂ ਨੂੰ ਕਿਵੇਂ ਜ਼ਿਆਦਾ ਤੋਂ ਜ਼ਿਆਦਾ ਸਿੱਖਿਅਤ ਕੀਤਾ ਜਾਵੇ, ਉਹਨਾਂ ਨੂੰ ਰੋਜ਼ਗਾਰ ਦੇ ਮੌਕੇ ਕਿਵੇਂ ਮੁਹੱਈਆ ਕਰਵਾਏ ਜਾਣ, ਇਹਨਾਂ ਮੁੱਦਿਆਂ ਉੱਪਰ ਕੇਂਦਰਿਤ ਹੋਣਾ ਚਾਹੀਦਾ ਹੈ। **ਅਨੁਵਾਦ: ਪਾਲ ਬਾਗਪੁਰ** 94173 13738

ਆਰਥਿਕ ਸਹਾਇਤਾ

ਸੁਸਾਇਟੀ ਸਹਾਇਤਾ

ਸ਼ਿੰਦਰਪਾਲ ਕੌਰ, ਹਿੰਮਤਪੁਰਾ (ਪਿਤਾ ਗੁਰਬਚਨ ਸਿੰਘ ਰਾਮਾ ਦੀ ਯਾਦ 'ਚ) 10000

ਮਾਸਟਰ ਮਨਜੀਤ ਸਿੰਘ ਔਲਖ ਦੇ ਪਰਿਵਾਰ ਵੱਲੋਂ (ਉਨ੍ਹਾਂ ਦੇ ਸਤਿਕਾਰ ਸਮਾਗਮ 'ਤੇ) 500

ਸੁਰਜੀਤ ਸਿੰਘ ਦਿਹੜ, ਠੀਕਰੀਵਾਲਾ (ਆਪਣੀ ਪਤਨੀ ਦੇ ਸਤਿਕਾਰ ਸਮਾਗਮ 'ਤੇ) 500

ਮਾ: ਸੁਰਿੰਦਰ ਕੁਤਬਾ (ਆਪਣੀ ਮਾਤਾ ਦੀ ਯਾਦ 'ਚ) 500

ਸਾਹਿਤ ਦੀ ਮੁਫ਼ਤ ਵੰਡ ਲਈ

ਭਾਰਤੀ ਮਜ਼ਦੂਰ ਸਭਾ ਵੱਲੋਂ ਦਿੱਲੀ ਵਿੱਚ ਧਰਨੇ 'ਤੇ ਬੈਠੇ ਕਿਸਾਨ ਭਰਾਵਾਂ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਸਾਹਿਤਕ ਚੇਤਨਾ ਦੀਆਂ ਕਿਤਾਬਾਂ ਮੁਫ਼ਤ ਵੰਡਣ ਲਈ Coventry ਦੇ ਤਰਕਸ਼ੀਲ ਸਾਥੀਆਂ ਨੇ ਹੁੰਗਾਰਾ ਭਰਿਆ ਸੀ ਅਤੇ ਆਰਥਿਕ ਮਦਦ ਕੀਤੀ ਸੀ।

1. ਖਰਲਵੀਰ =	200-00 ਡਾਲਰ
2. ਅਵਤਾਰ ਦੁਲਾਈ =	200-00 ਡਾਲਰ
3. ਸੰਤੋਖ ਸਿੰਘ ਹੇਅਰ =	150-00 ਡਾਲਰ
4. ਤਰਸੇਮ ਸਿੰਘ ਪੁਰੇਵਾਲ =	100-00 ਡਾਲਰ
5. ਇਕਬਾਲ ਸੰਧੂ=	100-00 ਡਾਲਰ
6. ਮੋਹਨ ਮਾਨ ਪਰਿਵਾਰ ਵੱਲੋਂ=	50-00 ਡਾਲਰ
7. ਪਰਵੀਨ ਸਿੰਘ ਲੋਟੇ=	50-00 ਡਾਲਰ
8. ਦਿਲਬਾਗ ਸਿੰਘ ਢਿੱਲੋਂ=	50-00 ਡਾਲਰ
9. ਪ੍ਰੀਤਮ ਪਾਲ =	50 -00 ਡਾਲਰ
10. ਲਿਖਾਰੀ ਸਭਾ ਕਿਰਪਾਲ ਪੂਨੀ=	70-00 ਡਾਲਰ
11. ਹਰਜਿੰਦਰ ਮਾਨ=	50-00 ਡਾਲਰ
12. I.W.A. ਪ੍ਰਧਾਨ ਹਰਭਜਨ ਨਾਹਿਲ=	50-00 ਡਾਲਰ
13. ਗੁਰਦੇਵ ਢਿੱਲੋਂ =	25-00 ਡਾਲਰ
14. ਸੁਹੇਲ ਸਿੰਘ=	25-00 ਡਾਲਰ
15. ਕੌਂਸਲਰ ਰਾਮ ਲੱਖਾ =	30-00 ਡਾਲਰ
ਕੁੱਲ -	1200-00 ਡਾਲਰ

ਤਰਕਸ਼ੀਲ ਭਵਨ ਲਈ

ਜਗਜੀਤ ਸਿੰਘ ਉੱਚੀ ਦੌਦ, ਮੈਂਬਰ ਇਕਾਈ ਮਾਲੇਰਕੋਟਲਾ (ਆਪਣੇ ਬੇਟੇ ਮਨਦੀਪ ਦੇ ਵਿਆਹ ਮੌਕੇ) - 1000

ਇਕਾਈ ਮੌੜ

1. ਪ੍ਰਭਦੀਪ ਸਿੰਘ ਜੋਨੀ, ਰਾਜਗੜ੍ਹ ਕੁੱਬੇ- 1000
2. ਨਿਊ ਵਿਸ਼ਵਕਰਮਾ ਗਲਾਸ ਆਰਟ (ਗੁਰਮੀਤ ਸਿੰਘ)- 500
3. ਆਤਮਾ ਸਿੰਘ (ਰਿਟ.) ਹੈੱਡ ਮਾਸਟਰ- 500
4. ਸੁਸੀਲ ਕੁਮਾਰ ਲਵਲੀ - 500
5. ਅਜੈਬ ਸਿੰਘ ASI 500
6. ਭਾਈ ਗੁਰਦਾਸ ਅਕੈਡਮੀ ਮਾਖਾ (ਗੁਰਚਰਨ ਸਿੰਘ) - 500
7. ਬਲਕਰਨ ਸਿੰਘ ਖੜਕ ਸਿੰਘ ਵਾਲਾ- 1000

ਇਕਾਈ ਫਗਵਾੜਾ

ਮਹਿੰਦਰਜੀਤ ਕੌਰ ਸੈਂਭੀ ਵੱਲੋਂ ਆਪਣੇ ਜੀਵਨ ਸਾਥੀ ਜਗਜੀਤ ਸਿੰਘ ਸੈਂਭੀ ਜੀ ਦੀ ਯਾਦ ਵਿੱਚ 2100

ਜੋਨ ਨਵਾਂ ਸ਼ਹਿਰ

1. ਨਰੰਜਣ ਸਿੰਘ ਸੁਜੋਂ ਜੀ ਦੀ ਚੌਥੀ ਬਰਸੀ ਮੌਕੇ ਉਹਨਾਂ ਦੇ ਪਰਿਵਾਰ ਵੱਲੋਂ 5000
2. ਇੰਜੀ. ਕਮਲ ਦੇਵ ਏ ਏ ਈ ਬੀਨੇਵਾਲ ਪਾਵਰਕੌਮ (ਸੇਵਾ ਮੁਕਤੀ 'ਤੇ) 1000

ਬਲਬੀਰ ਲੌਂਗੋਵਾਲ (ਸੰਪਾਦਕ 'ਤਰਕਸ਼ੀਲ') ਵੱਲੋਂ

ਸੂਬਾ ਕਮੇਟੀ ਨੂੰ - 5000

ਜ਼ੋਨ ਬਰਨਾਲਾ-ਸੰਗਰੂਰ ਨੂੰ 2000

ਇਕਾਈ ਲੌਂਗੋਵਾਲ ਨੂੰ 1000

(ਆਪਣੀ ਜੀਵਨ ਸਾਥਣ ਸੰਤੋਸ਼ ਦੀ ਸਰਕਾਰੀ ਸੇਵਾ ਮੁਕਤੀ 'ਤੇ ਸਿੱਖਿਆ ਨੀਤੀ 2020 'ਤੇ ਕਰਵਾਏ ਸੈਮੀਨਾਰ ਮੌਕੇ)

ਇਕਾਈ ਲੁਧਿਆਣਾ

ਮਾ. ਸੁਰਜੀਤ ਸਿੰਘ ਦੁੱਗਰੀ (ਆਪਣੇ ਭਰਾ ਸ਼ਹੀਦ ਬਖਸ਼ੀਸ਼ ਸਿੰਘ ਮੋਰ ਕਰੀਮਾਂ ਦੀ ਬਰਸੀ ਮੌਕੇ) 500

ਇਕਾਈ ਸੰਗਰੂਰ

ਨਛੱਤਰ ਸਿੰਘ ਬਦੇਸ਼ਾ (ਕੈਨੇਡਾ ਤੋਂ) 5000

ਪ੍ਰਿੰਸੀਪਲ ਜਰਨੈਲ ਸਿੰਘ ਮੌੜਾਂ (ਸੇਵਾ ਮੁਕਤੀ 'ਤੇ) 1000

ਇਕਾਈ ਬਠਿੰਡਾ

ਸੁਖਦੇਵ ਜਿੰਦਲ ਗੋਨਿਆਣਾ ਮੰਡੀ (ਸੇਵਾ ਮੁਕਤੀ 'ਤੇ) 500

ਚੰਡੀਗੜ੍ਹ ਟੇਲਰਜ਼ (ਮਾਸਟਰ ਦਰਸ਼ਨ ਸਿੰਘ) 1000

ਮੈਗਜ਼ੀਨ ਸਹਾਇਤਾ

ਹਰਪ੍ਰੀਤ ਸਿੰਘ ਰਾਮਪੁਰਾ 1100

'ਅਧਿਆਤਮ' ਰੰਗਿਆ ਇੱਕ ਦਿਨ



ਜਸਵੰਤ ਮੋਹਾਲੀ

ਅਪ੍ਰੈਲ ਮਹੀਨੇ ਦਾ ਐਤਵਾਰ ਸੀ। ਦੋ ਗਲੀਆਂ ਵਿੱਚ ਟੈਂਟ ਲੱਗੇ ਹੋਏ ਸਨ। ਕੋਈ ਧਾਰਮਿਕ ਪ੍ਰੋਗਰਾਮ ਚੱਲ ਰਹੇ ਸਨ ਤੇ ਦੋ ਹੋਰ ਪ੍ਰੋਗਰਾਮ ਦੋ ਪਾਰਕਾਂ ਵਿੱਚ। ਅੱਜ ਇੱਕਠੇ ਚਾਰ ਪ੍ਰੋਗਰਾਮਾਂ ਤੋਂ ਮੈਨੂੰ ਕਈ ਸਾਲ ਪਹਿਲਾਂ ਲਿਖਿਆ ਲੇਖ ਯਾਦ ਆ ਗਿਆ ਜੋ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

ਤੜਕੇ-ਤੜਕੇ ਅੱਖ ਖੁੱਲ੍ਹੀ। ਗਲੀ ਵਿੱਚੋਂ ਪ੍ਰਭਾਤ ਫੇਰੀ ਲੰਘ ਰਹੀ ਸੀ, ਜਿਸ ਕਾਰਣ ਮੈਂ ਜਾਗ ਗਿਆ ਸੀ। 'ਚਹੁੰ ਵਰਣਾਂ ਲਈ ਸਾਂਝਾ, ਉਪਦੇਸ਼ ਸ਼੍ਰੀ ਗੁਰੂ ਨਾਨਕ ਦਾ-ਉਪਦੇਸ਼ ਸ਼੍ਰੀ ਗੁਰੂ ਨਾਨਕ ਦਾ'-ਮੈਂ ਪ੍ਰਭਾਤ ਫੇਰੀ ਦੀਆਂ ਸੰਗੀਤਕ ਧੁਨਾਂ ਨੂੰ ਪਿਆ-ਪਿਆ ਮਾਣਨ ਦੀ ਕੋਸ਼ਿਸ਼ ਕਰ ਰਿਹਾ ਸੀ। ਅਜੇ ਮੈਂ ਵਾਪਸ ਨੀਂਦ ਦੀ ਆਗੋਸ਼ ਵਿੱਚ ਜਾ ਹੀ ਰਿਹਾ ਸੀ ਕਿ ਪਟਾਕੇ ਚੱਲਣ ਦੀਆਂ ਆਵਾਜ਼ਾਂ ਨਾਲ ਬੇ-ਆਰਾਮ ਹੋ ਗਿਆ। ਸਰਦੀਆਂ ਦੀ ਸਵੇਰ, ਰਜ਼ਾਈ ਦਾ ਨਿੱਘ ਤੇ ਪਟਾਕਿਆਂ ਦਾ ਸ਼ੋਰ-ਕਿਸ ਤਰ੍ਹਾਂ ਦਾ ਲੱਗਿਆ ਤੁਹਾਨੂੰ ਇਨ੍ਹਾਂ ਦਾ ਮੇਲ ?

ਇਹ ਅੰਮ੍ਰਿਤ ਵੇਲੇ ਦੀਆਂ ਉਸਤਤਾਂ ਗਾਉਣ ਵਾਲਿਆਂ ਦੇ ਵਾਰਸ ਸਨ ਜੋ ਕਥਨਾਂ ਸੰਗ ਸੰਵਾਦ ਰਚਾਉਣ ਦੀ ਥਾਂ ਉਨ੍ਹਾਂ ਦੇ ਜਨਮ ਦਿਨ 'ਧੂਮ-ਧਾਮ' ਨਾਲ ਮਨਾ ਰਹੇ ਸਨ। ਹੁਣ ਮੈਂ ਉਠ ਜਾਣਾ ਹੀ ਬਿਹਤਰ ਸਮਝਿਆ।

ਅਜੇ ਕੰਮ 'ਤੇ ਜਾਣ ਲਈ ਤਿਆਰ ਹੋ ਹੀ ਰਿਹਾ ਸਾਂ ਕਿ ਬਾਹਰੋਂ ਫਿਰ ਲਾਊਡ ਸਪੀਕਰ ਦੀ ਆਵਾਜ਼ ਸੁਣਾਈ ਦਿੱਤੀ। ਕੋਈ ਭਜਨ ਚੱਲ ਰਿਹਾ ਸੀ। ਆਵਾਜ਼ ਨੇੜੇ ਆਈ ਤਾਂ ਪਤਾ ਲੱਗਿਆ ਕਿ ਸਪੀਕਰ ਸੱਚੀਓਂ ਕਿੰਨਾ ਲਾਊਡ ਸੀ। ਰਿਕਸ਼ੇ ਉੱਪਰ ਕੁੱਝ ਤਸਵੀਰਾਂ, ਧੂਪ-ਅਗਰਬੱਤੀ ਆਦਿ ਸਜਾ ਕੇ 'ਨਿਮਰਤਾ ਸਹਿਤ' ਦਾਨ ਮੰਗਿਆ ਜਾ ਰਿਹਾ ਸੀ। ਸੁਆਲ ਕਿਸੇ ਦੇ ਵਿਸ਼ਵਾਸ਼ ਕਰਨ ਦੇ ਹੱਕ ਦਾ ਨਹੀਂ, ਸਗੋਂ ਆਪਣੇ ਵਿਸ਼ਵਾਸ਼ ਨੂੰ ਦੂਜਿਆਂ 'ਤੇ ਸਪੀਕਰ ਰਾਹੀਂ ਕੰਨਾਂ ਵਿੱਚ ਠੋਸਣ ਦਾ ਸੀ। ਆਪਣੇ ਘਰਾਂ ਵਿੱਚ ਅਮਨ ਚੈਨ ਨਾਲ ਰਹਿਣ ਦਾ ਹੱਕ ਦੂਜੇ ਦਰਜੇ 'ਤੇ ਚਲਾ ਗਿਆ ਸੀ। ਮੈਂ ਕੰਮ 'ਤੇ ਜਾਣ ਲਈ ਬਾਹਰ ਨਿਕਲਿਆ ਤਾਂ ਉਸਨੂੰ ਆਵਾਜ਼ ਘੱਟ ਕਰਨ ਲਈ ਕਿਹਾ।

ਨਾਲ ਹੀ ਮੈਂ ਅਜੋਕੇ ਸਮਿਆਂ ਬਾਰੇ ਸੋਚ ਰਿਹਾ ਸੀ ਜਦੋਂ ਹਰ ਕੰਮ ਏਜੰਟਾਂ ਰਾਹੀਂ ਹੋ ਰਿਹਾ ਹੋਵੇ ਤਾਂ ਤੁਹਾਡੀ ਕਿਰਤ ਕਮਾਈ ਵਿੱਚ ਵਾਧਾ ਅਤੇ ਪ੍ਰਵਾਰ ਦੀਆਂ ਖੁਸ਼ੀਆਂ ਦੀ ਜ਼ਿੰਮੇਵਾਰੀ ਚੁੱਕਣ ਲਈ ਵੀ ਏਜੰਟ ਹਾਜ਼ਰ ਕਿਉਂ ਨਾ ਹੋਣਗੇ। ਸੁਆਲ ਇਹ ਸੀ ਕਿ ਤੁਹਾਡੇ ਤੋਂ ਦਾਨ ਲੈ ਕੇ, ਤੁਹਾਡੇ ਹੀ ਖਜ਼ਾਨੇ ਭਰਪੂਰ ਰੱਖਣ ਦਾ ਰੱਬ ਨੂੰ ਹੁਕਮ ਕਰਨ ਵਾਲਾ ਏਜੰਟ ਸਿੱਧਾ ਹੀ ਰੱਬ ਤੋਂ ਕਿਉਂ ਨੀ ਮੰਗ ਲੈਂਦਾ ? ਲੰਮਾ ਚੱਕਰ ਕਿਉਂ ਪਾਇਆ ? ਮੈਨੂੰ ਬੇਧਿਆਨ ਹੋਇਆ ਦੇਖਕੇ 'ਏਜੰਟ ਸਾਹਬ' ਨੇ ਆਵਾਜ਼ ਫਿਰ ਚੁੱਕ ਦਿੱਤੀ ਸੀ।

ਮੈਂ ਗੱਡੀ ਸਟਾਰਟ ਕੀਤੀ ਅਤੇ ਦਫ਼ਤਰ ਲਈ ਚੱਲ ਪਿਆ। ਰੋਜ਼ ਦੀ ਤਰ੍ਹਾਂ ਮੈਂ ਅੱਧਿਉਂ ਵੱਧ ਸੜਕ ਘੇਰੀ ਬੈਠੀ ਪੀਰ ਦੀ ਸਮਾਧ ਕੋਲੋਂ ਲੰਘਿਆ। ਨੇੜੇ ਹੀ ਇੱਕ ਹੋਰ ਸੜਕ 'ਤੇ ਇਸੇ ਤਰ੍ਹਾਂ ਦੀ ਸਮਾਧ ਬਣਾ ਕੇ ਨਜ਼ਾਇਜ ਕਬਜ਼ਾ ਕੀਤਾ ਹੋਇਆ ਹੈ। ਇਨ੍ਹਾਂ ਸਮਾਧਾਂ 'ਤੇ 'ਮਨ ਮੰਗੀਆਂ ਮੁਰਾਦਾਂ ਪਾਉਣ ਲਈ' ਹਰ ਵੀਰਵਾਰ ਚੰਗਾ ਇਕੱਠ ਹੁੰਦਾ ਹੈ। ਇਕੱਠ ਹੁੰਦਾ ਹੈ ਤਾਂ ਚੜ੍ਹਾਵਾ ਵੀ ਚੜ੍ਹਦਾ ਹੈ। ਦਿੱਤੇ ਗਏ ਮੈਮੋਰੰਡਮ 'ਤੇ ਗਮਾਡਾ ਅਧਿਕਾਰੀ ਢਿੱਲੀ ਮੱਠੀ ਕਾਰਵਾਈ ਕਰਦੇ ਆ ਰਹੇ ਹਨ, ਜਦ ਕਿ ਨਜ਼ਾਇਜ ਕਬਜਿਆਂ ਖਿਲਾਫ਼ ਕਾਰਵਾਈ ਕਰਨਾ ਉਨ੍ਹਾਂ ਦਾ ਫਰਜ਼ ਹੈ। ਸ਼ਾਇਦ ਅਫ਼ਸਰਾਂ ਦੀ ਕਿਸੇ ਗਰਜ਼ ਦੀ ਪੂਰਤੀ ਫਰਜ਼ ਦੀ ਪੂਰਤੀ ਨਹੀਂ ਹੋਣ ਦਿੰਦੀ।

ਮੈਨੂੰ ਚੰਡੀਗੜ੍ਹ ਲਾਗਲੇ ਆਪਣੇ ਯੋਜਨਾ ਬੱਧ ਉਸਾਰੇ ਸ਼ਹਿਰ ਵਿਚਲੇ ਸਰਕਾਰੀ ਹਸਪਤਾਲ ਦੀ ਖਸਤਾ ਹਾਲਤ ਯਾਦ ਆਈ। ਕੁੱਝ ਮਹੀਨੇ ਪਹਿਲਾਂ ਬਿਮਾਰ ਬੇਟੇ ਨੂੰ ਐਮਰਜੈਂਸੀ ਵਿੱਚ ਲੈ ਕੇ ਗਏ ਤਾਂ ਉੱਥੇ ਪਾਣੀ ਵਰਗੀ ਸਭ ਤੋਂ ਜ਼ਰੂਰੀ ਤੇ ਸਭ ਤੋਂ ਸਸਤੀ ਚੀਜ਼ ਵੀ ਨਦਾਰਦ ਸੀ। ਸ਼ਰਧਾ ਤੇ ਆਸਥਾ ਦੇ ਪਰਮ-ਆਨੰਦ ਵਿੱਚ ਮਸਤ ਲੋਕਾਂ ਦੇ ਟੈਕਸਾਂ ਨਾਲ ਚੱਲਦੇ ਅਦਾਰਿਆਂ ਦੀ ਬਿਮਾਰ ਹਾਲਤ ਲਈ ਕੋਈ ਜੁਆਬ-ਦੇਹ ਨਹੀਂ। ਜੁਆਬਦੇਹੀ ਮੰਗਣ ਵਾਲੇ ਅਗਲਾ ਜਨਮ ਸੁਆਰਨ ਵਿੱਚੋਂ ਵਿਹਲੇ ਨਹੀਂ। ਅਜਿਹੀਆਂ ਸੋਚਾਂ ਸੋਚਦਾ ਮੈਂ ਆਪਣੀ ਕੰਪਨੀ ਪਹੁੰਚ ਗਿਆ। ਕੰਪਨੀ ਵਿੱਚ 'ਸੁਖਵੇਲੇ ਸ਼ੁਕਰਾਨੇ' ਵਜੋਂ ਅਖੰਡ ਪਾਠ ਕਰਾਉਣ ਦੀ ਚਰਚਾ ਸੀ। ਮੈਨੂੰ ਕਿਸੇ ਕਿਤਾਬ ਵਿਚਲਾ ਇਨਕਲਾਬੀ ਕਵੀ ਪਾਸ਼ ਬਾਰੇ ਉਹ ਪ੍ਰਸੰਗ ਯਾਦ ਆਇਆ ਜਿਸ ਵਿੱਚ ਪਾਸ਼ ਦੇ ਭੋਰੇ ਦਾ ਜ਼ਿਕਰ ਹੈ ਜੋ ਉਸਨੇ ਪੁਲਸ ਦੀ ਪਕੜ ਤੋਂ ਬਚਣ ਲਈ ਬਣਾਇਆ ਸੀ। ਉੱਥੇ ਉਸਨੇ ਕਿਤਾਬਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਵੀ ਰੱਖਿਆ ਹੋਇਆ ਸੀ। ਮੈਂ ਪਾਠੀ ਅਤੇ ਪਾਠਕ ਵਿਚਲੇ ਫਰਕ ਬਾਰੇ ਸੋਚਿਆ। 'ਦੁਖ ਵੇਲੇ ਅਰਦਾਸ, ਸੁਖ ਵੇਲੇ ਸ਼ੁਕਰਾਨਾ, ਹਰ ਵੇਲੇ ਸਿਮਰਨ' ਦਾ ਬਦਲ 'ਦੁਖ ਵੇਲੇ ਉਪਰਾਲੇ, ਸੁਖ ਵੇਲੇ ਸਾਂਝੀ ਪਹਿਰੇਦਾਰੀ ਤੇ ਹਰ ਵੇਲੇ ਚਿੰਤਨ' ਵੀ ਹੋ ਸਕਦਾ ਹੈ। ਤੁਹਾਨੂੰ ਕਿਹੜਾ ਮਾਟੋ ਠੀਕ ਲੱਗਦਾ ਹੈ ?

ਜ਼ਜ਼ਬੇ ਨੂੰ ਸਲਾਮ !

ਦੇਸ਼ ਦੇ ਸਭ ਤੋਂ ਵੱਡੇ ਚਰਚਿਤ ਡਿਜ਼ਾਈਨਰ ਕਹਾਉਂਦੇ ਕੁਣਾਲ ਮਰਚੇਂਟ ਨੇ ਪ੍ਰਧਾਨ ਮੰਤਰੀ ਮੋਦੀ ਦੇ ਲਈ ਇਕ ਟੇਬਲ ਡਿਜ਼ਾਇਨ ਕਰਨ ਤੋਂ ਨਾਂਹ ਕਰ ਦਿੱਤੀ ਹੈ ਅਤੇ ਉਹ ਵੀ ਉਸ ਸਮੇਂ ਜਦੋਂ ਪੂਰਾ ਦੇਸ਼ ਫਾਸ਼ੀਵਾਦ ਦੇ ਸਾਹਮਣੇ ਲਿਤਰ ਲਿਤਰ ਕਰ ਰਿਹਾ ਹੈ। ਇੱਕ ਅਹੁਦੇ ਦੇ ਲਾਲਚ ਵਿਚ ਵੱਡੇ ਵੱਡੇ ਨੇਤਾ ਆਪਣੀ ਵਿਚਾਰਧਾਰਾ ਨੂੰ ਇੱਕ ਰਾਜ ਸਭਾ ਮੈਂਬਰੀ ਜਾਂ ਕੋਈ ਹੋਰ ਅਹੁਦੇ ਲਈ ਵੇਚਣ ਲਈ ਤਤਪਰ ਹਨ। ਪ੍ਰਧਾਨ ਮੰਤਰੀ ਦੇ ਦਫ਼ਤਰ ਵੱਲੋਂ ਕੁਣਾਲ ਨੂੰ ਇਕ ਮੇਲ ਰਾਹੀਂ ਇਸ ਸਬੰਧੀ ਪਹੁੰਚ ਕੀਤੀ ਗਈ ਕਿ ਪ੍ਰਧਾਨ ਮੰਤਰੀ ਮੋਦੀ ਦੀ ਇੱਛਾ ਹੈ ਕਿ ਤੁਸੀਂ ਉਹਨਾਂ ਦੇ ਦਫ਼ਤਰ ਲਈ ਇਕ ਟੇਬਲ ਡਿਜ਼ਾਇਨ ਕਰੋ। ਕੁਣਾਲ ਨੇ ਪੀ ਐੱਮ ਓ ਭਾਵ ਪ੍ਰਧਾਨ ਮੰਤਰੀ ਦੇ ਦਫ਼ਤਰ ਨੂੰ ਇਕ



e- mail ਦੇ ਰਾਹੀਂ ਲਿਖਿਆ ਕਿ ...-"It would be unethical to design a desk (table) for prime minister's office, where law promoting "Segregation and deprivation of minorities will be signed "I" ਇਕ ਅਜਿਹੇ ਪ੍ਰਧਾਨ ਮੰਤਰੀ ਦੇ ਦਫ਼ਤਰ ਲਈ ਇਕ ਮੇਜ ਭਾਵ ਟੇਬਲ ਦਾ ਡਿਜ਼ਾਈਨ ਕਰਨਾ ਅਨੈਤਿਕ ਹੋਵੇਗਾ ਜਿੱਥੇ ਘੱਟਗਿਣਤੀਆਂ ਦੇ ਨਾਲ ਭੇਦ-ਭਾਵ ਅਤੇ ਉਹਨਾਂ ਨੂੰ ਅਧਿਕਾਰਾਂ ਤੋਂ ਵਾਂਝਿਆਂ ਰੱਖਣ ਵਾਲੇ ਕਾਨੂੰਨਾਂ ਉੱਤੇ ਦਸਤਖ਼ਤ ਕੀਤੇ ਜਾਣਗੇ।" ਕੁਣਾਲ ਸਿਰਫ਼ ਇਥੇ ਹੀ ਨਹੀਂ ਰੁਕਿਆ, ਉਹਨੇ ਕਿਹਾ ਕਿ ਉਹਦੇ ਕੰਮ ਕਰਨ ਵਾਲੇ ਸਟਾਫ਼ ਵਿਚ ਦਲਿਤ, ਔਰਤਾਂ, ਘੱਟਗਿਣਤੀਆਂ ਆਦਿ ਸਾਰੇ ਮਿਲ ਕਿ ਕੰਮ ਕਰਨ ਵਿਚ ਸ਼ਾਮਿਲ ਹਨ ਅਤੇ ਇਕ ਲੋਕਾਂ ਵਿੱਚ ਵੰਡੀਆਂ ਪਾਉਣ ਭਾਵ ਦੁਫੇੜ ਪਾਉਣ ਵਾਲੇ ਦਫ਼ਤਰ ਦੇ ਲਈ ਕੁਝ ਕਰਨ ਦਾ ਮਤਲਬ ਇਹ ਹੋਵੇਗਾ ਕਿ ਆਪਣੇ ਲੋਕਾਂ ਭਾਵ ਮੈਂਬਰਾਂ ਦੇ ਨਾਲ ਅਹਿਸਾਨ ਫਰਾਮੋਸ਼ੀ (ਦਗ਼ਾ) ਕਰਨਾ।

(ਨੋਟ:- ਦਿੱਲੀ ਪੁਲਸ ਨੇ ਹੁਣ ਕੁਨਾਲ ਮਰਚੈਂਟ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ)

ਸੱਚੋ-ਸੱਚ


ਬਲਾਈਂਡ ਸਪੌਟ

ਮਨੁੱਖੀ ਅੱਖ ਦੀ ਬਣਤਰ ਇਸ ਤਰ੍ਹਾਂ ਦੀ ਹੈ ਕਿ ਇਸ ਦੇ ਨਜ਼ਰ ਖੇਤਰ ਵਿੱਚ ਇੱਕ ਬਿੰਦੂ ਅਜਿਹਾ ਹੁੰਦਾ ਹੈ ਜਿੱਥੇ ਸਥਿਤ ਕੋਈ ਵੀ ਚੀਜ਼ ਇਸ ਨੂੰ ਨਜ਼ਰ ਨਹੀਂ ਆਉਂਦੀ, ਡਾਕਟਰ ਇਸ ਨੂੰ ਬਲਾਈਂਡ ਸਪੌਟ ਨਾਂ ਦਿੰਦੇ ਹਨ। ਸਾਨੂੰ ਇਸ ਔਗੁਣ ਦਾ ਪਤਾ ਨਹੀਂ ਚਲਦਾ ਕਿਉਂਕਿ ਸਾਡਾ ਦਿਮਾਗ ਆਸੇ ਪਾਸੇ ਦੀ ਜਾਣਕਾਰੀ ਨਾਲ ਉਸ ਬਿੰਦੂ ਨੂੰ ਪੂਰ ਲੈਂਦਾ ਹੈ। ਮੈਨੂੰ ਲੱਗਦਾ ਹੈ ਕਿ ਬੌਧਿਕ ਜ਼ਿੰਦਗੀ ਵਿੱਚ ਬਹੁਤੇ ਮਨੁੱਖਾਂ ਲਈ ਇਹ ਬਲਾਈਂਡ ਸਪੌਟ ਉਸ ਦਾ ਆਪਣਾ ਧਰਮ ਹੈ। ਚੰਗੇ ਭਲੇ ਸਿਆਣੇ ਬਿਆਣੇ ਬੰਦੇ ਵੀ ਜੋ ਬਾਕੀ ਹਰ ਵਰਤਾਰੇ ਨੂੰ ਤਰਕ ਨਾਲ ਸਮਝਣ ਦੀ ਯੋਗਤਾ ਰੱਖਦੇ ਹਨ, ਆਪਣੇ ਧਰਮ ਦੀ ਤਰਕਹੀਣਤਾ ਨੂੰ ਸਮਝਣ ਤੋਂ ਅਸਮਰੱਥ ਹੁੰਦੇ ਹਨ।

ਡਾ. ਸੁਭਾਸ਼ ਪਰਹਾਰ

ਜਿਲਦ ਨੰ. 23 ਰਜਿ. ਨੰ. PUNPUN/2000/05393 ਅੰਕ : 3

ਮਨ ਮਸਤਕ ਵਿੱਚ ਗਿਆਨ, ਚੇਤਨਾ ਦੀ ਲੋਅ ਜਗਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਪੁਸਤਕਾਂ (ਭਾਗ-1)



If undelivered please return to :

Tarksheel
Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....